ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 6 | 17 February 2021 to 23 February 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

9 ਕਵਰ ਸਟੋਰੀ
ਪੰਜਾਬ ਕਿਸਾਨ ਯੂਨੀਅਨਾਂ ਤੇ ਲੱਖਾ ਸਿਧਾਣਾ, ਦੀਪ ਸਿੱਧੂ ਵਿਚਾਲੇ ਟਕਰਾਅ



10 ਵਿਸ਼ੇਸ਼ ਰਿਪੋਰਟ
ਸੁਪਰੀਮ ਕੋਰਟ ਟਵਿਟਰ ਬਾਰੇ ਸਖਤ



11 ਵਿਸ਼ੇਸ਼ ਰਿਪੋਰਟ
ਲਾਲ ਕਿਲਾ ਤੇ ਨਿਸ਼ਾਨ ਸਾਹਿਬ



22 ਵਿਸ਼ੇਸ਼ ਰਿਪੋਰਟ
ਸ਼ਹੀਦ ਨਵਰੀਤ ਸਿੰਘ ਦਾ ਕਤਲ ਬਨਾਮ ਸਰਕਾਰੀ ਹਿੰਸਾ



# ਟੂਲਕਿਟ ਮਾਮਲੇ ਨੇ ਦੁਨੀਆ ਦੇ ਕਟਹਿਰੇ ਖੜ੍ਹਾ ਕੀਤਾ ਭਾਰਤੀ ਲੋਕਤੰਤਰ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਵਿਚ ਚੱਲ ਰਹੇ ਕਿਸਾਨ ਸੰਘਰਸ਼ ਦੀ ਮੁਹਿੰਮ ਨੂੰ ਦੁਨੀਆ ਵਿਚ ਪ੍ਰਚਾਰਨ ਲਈ ਅਤੇ ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਸੰਘਰਸ਼ ਦੇ ਸਮਰਥਨ ਵਿਚ ਲਾਮਬੰਦ ਕਰਨ ਲਈ ਭਾਰਤ ਦੇ ਕੁੱਝ ਨੌਜਵਾਨਾਂ ਨੇ ਇਕ ਪ੍ਰੋਗਰਾਮਾਂ ਦਾ ਦਸਤਾਵੇਜ ਤਿਆਰ ਕੀਤਾ ਤੇ ਸਾਂਝੇ ਤੌਰ 'ਤੇ ਇਸ ਨੂੰ ਅਮਲੀ ਰੂਪ ਦੇਣ ਦਾ ਫੈਂਸਲਾ ਕੀਤਾ। ਇਸ ਦਸਤਾਵੇਜ ਦਾ ਨਾਂ "ਟੂਲਕਿੱਟ" ਰੱਖਿਆ ਗਿਆ। ਇਹ ਇਕ ਵਰਡ ਡਾਕੂਮੈਂਟ ਸੀ ਜਿਸ ਵਿਚ ਵੱਖ-ਵੱਖ ਤਰੀਕਾਂ ਨੂੰ ਆਨਲਾਈਨ ਮੁਹਿੰਮ ਚਲਾਉਣ ਲਈ ਕੀਤੇ ਜਾਣ ਵਾਲੇ ਵੱਖ-ਵੱਖ ਪ੍ਰੋਗਰਾਮਾਂ ਦਾ ਵੇਰਵਾ ਸੀ। ਵਿਸ਼ਵੀਕਰਨ ਦੇ ਇਸ ਦੌਰ ਵਿਚ ਜਿੱਥੇ ਸਾਰੀ ਦੁਨੀਆ ਇਕ ਦੂਜੇ ਨਾਲ ਬੜੀ ਨੇੜਿਓਂ ਜੁੜੀ ਹੋਈ ਹੈ ਇਹਨਾਂ ਨੌਜਵਾਨਾਂ ਦੇ ਇਸ ਉਪਰਾਲੇ ਵਿਚ ਮਨੁੱਖੀ ਹੱਕਾਂ ਲਈ ਫਿਕਰਮੰਦ ਕੁੱਝ ਹੋਰ ਵਿਦੇਸ਼ਾਂ ਤੋਂ ਨੌਜਵਾਨ ਵੀ ਸ਼ਾਮਲ ਹੋ ਗਏ। ਪਰ ਭਾਰਤ ਸਰਕਾਰ ਨੇ ਪਿਛਲੇ ਇਕ ਹਫਤੇ ਤੋਂ ਇਸ ਟੂਲਕਿੱਟ ਨੂੰ ਇਕ ਖਤਰਨਾਕ ਹਥਿਆਰ ਵਾਂਗ ਪੇਸ਼ ਕਰਦਿਆਂ ਇਸ ਨੂੰ ਬਣਾਉਣ ਵਾਲੇ ਨੌਜਵਾਨਾਂ ਨੂੰ ਖਤਰਨਾਕ ਅਪਰਾਧੀ ਬਣਾ ਦਿੱਤਾ ਹੈ ਤੇ ਦੇਸ਼ ਧ੍ਰੋਹ ਵਰਗੀਆਂ ਧਾਰਾਵਾਂ ਲਾ ਕੇ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ।

**ਵਾਤਾਵਰਨ ਸੁਰੱਖਿਆ ਲਈ ਕੰਮ ਕਰਨ ਵਾਲੀ ਦਿਸ਼ਾ ਰਵੀ ਪੁਲਸ ਹਿਰਾਸਤ ਵਿਚ**

ਵਾਤਾਵਰਣ ਨਾਲ ਸਬੰਧਤ ਫਰਾਈਡੇ ਫਾਰ ਫਿਊਚਰ ਦੀ ਬਾਨੀ ਦਿਸਾ ਰਵੀ ਨੂੰ ਪੁਲਸ ਨੇ ਛਾਪਾ ਮਾਰ ਕੇ ਗ੍ਰਿਫਤਾਰ ਕਰ ਲਿਆ ਸੀ। ਉਸ ਧ੍ਰੋਹ ਅਤੇ ਅਪਰਾਧੀ ਸਾਜਿਸ ਦੇ ਕੇਸ ਪਾਏ ਹਨ। ਦਿੱਲੀ ਤੋਂ ਵਕੀਲ ਮਨਪ੍ਰੀਤ ਸਿੰਘ ਨੇ ਅੰਮ੍ਰਿਤਸਰ ਟਾਈਮਜ ਨਾਲ ਗੱਲ-ਬਾਤ ਕਰਦੇ



ਉੱਪਰ ਇਹ ਦੋਸ ਲਾਏ ਗਏ ਹਨ ਕਿ ਉਸਨੇ ਕਿਸਾਨ ਅੰਦੋਲਨ ਦੀ ਮਦਦ ਕਰਨ ਲਈ ਟੂਲ ਕਿੱਟ ਦਾ ਸਮਾਨ ਸੋਸਲ ਮੀਡੀਏ ਤੇ ਪਾਇਆ ਹੈ ਅਤੇ ਉਸਨੇ ਹੀ ਵਿਸ਼ਵ ਪ੍ਰਸਿੱਧ ਵਾਤਾਵਰਨ ਕਾਰਕੁੰਨ ਗ੍ਰੇਟਾ ਥਨਬਰਗ ਨੂੰ ਇਹ ਟੂਲਕਿਟ ਮੈਸੇਜ ਕੀਤੀ ਸੀ।

ਦਿਸਾ ਤੇ ਦਿੱਲੀ ਪੁਲਿਸ ਨੇ 4 ਫਰਵਰੀ ਨੂੰ ਦੇਸ ਦੱਸਿਆ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਬਿਨਾ ਕਿਸੇ ਸਬੂਤ ਤੋਂ ਇਨਸਾਨ ਨੂੰ ਚੁੱਕ ਕੇ ਇਸ ਤਰ੍ਹਾਂ ਦੇ ਦੋਸ ਲਾਏ ਜਾ ਰਹੇ ਹਨ ਜਦੋਂ ਕਿ ਟੂਲ ਕਿੱਟ ਵਿੱਚ ਇੱਕ ਵੀ ਅੱਖਰ ਅਜਿਹਾ ਨਹੀਂ ਜਿਹੜਾ ਇਤਰਾਜਯੋਗ ਹੋਵੇ। ਉਹਨਾਂ ਨੇ ਕਿਹਾ ਸਰਕਾਰ ਦੇ ਅਜਿਹੇ ਫੈਸਲੇ ਭਾਰਤ ਦਾ ਵਿਦੇਸਾਂ ਵਿੱਚ ਰੁਤਬਾ ਘਟਾ ਰਹੇ ਹਨ ਅਤੇ ਇਹ ਲੋਕ-ਤੰਤਰ ਦਾ ਜਨਾਜਾ ਕੱਢ ਰਹੇ ਹਨ।

ਯਾਦ ਰਹੇ ਦਿਸਾ ਰਵੀ ਅਤੇ ਗਰੈਟਾ ਥੰਨਬਰਗ ਵਾਤਾਵਰਨ ਤੇ ਕੰਮ ਕਰਨ ਵਾਲੀਆਂ ਬੀਬੀਆਂ ਹਨ ਅਤੇ ਕਈ ਕਨਵੈਨਸਨਾਂ ਤੇ ਇਕੱਠੀਆਂ ਹੁੰਦੀਆਂ ਰਹਿੰਦੀਆਂ ਹਨ। ਬੀ ਜੇ ਪੀ ਖਾਸ ਕਰ ਮੋਦੀ ਵੱਲੋਂ ਨਵੇਂ ਭਾਰਤ ਦੇ ਦਰਸਨ ਕਰਾਉਣੇ ਸੁਰੂ ਕਰ ਦਿੱਤੇ ਹਨ ਜਿਸ ਵਿੱਚ ਬੋਲਣ ਅਤੇ ਧਰਮ ਦੀ ਅਜਾਦੀ ਦਾ ਹੋਣਾ ਮੁਸਕਲ ਜਾਪ ਰਿਹਾ ਹੈ।

**ਦਿਸ਼ਾ ਰਵੀ ਦਾ ਖਾਲਿਸਤਾਨ ਨਾਲ ਸਬੰਧ ਜੋੜਿਆ**

ਦਿਸ਼ਾ ਰਵੀ ਦੀ ਗ੍ਰਿਫਤਾਰੀ ਬਾਰੇ ਦਾਅਵਾ ਕਰਦਿਆਂ ਦਿੱਲੀ ਪੁਲਸ ਨੇ ਕਿਹਾ ਕਿ ਉਸਨੇ ਕਨੇਡਾ ਦੀ ਖਾਲਸਤਾਨੀ ਜੱਥੇਬੰਦੀ ਪੋਏਟਿਕ ਜਸਟਿਸ ਨਾਲ ਟੂਲ ਕਿੱਟ ਬਨਾਉਣ ਵਿਚ ਮਦਦ ਕੀਤੀ। ਐਫ ਆਈ ਆਰ ਵਿੱਚ ਦੋਸ਼ ਲਾਇਆ ਗਿਆ ਕਿ ਦਿਸਾ ਰਵੀ ਨੇ ਇੱਕ ਵੈਟਸਐਪ ਗਰੁੱਪ ਬਣਾ ਕੇ ਟੂਲ ਕਿੱਟ ਬਨਾਉਣ ਵਿੱਚ ਮਦਦ ਵੀ ਕੀਤੀ ਅਤੇ ਉਸਦਾ ਪ੍ਰਚਾਰ ਵੀ ਕੀਤਾ। ਕਚਹਿਰੀ ਵੱਲੋਂ ਦਿਸਾ ਦਾ 5 ਦਿਨਾਂ ਪੁਲਿਸ ਰਿਮਾਂਡ ਦਿੱਤਾ ਗਿਆ।

**ਲੋਕਤੰਤਰ ਦਾ ਉਡ ਰਿਹਾ ਮਖੌਲ**

ਅੱਜ-ਕੱਲ੍ਹ ਭਾਰਤ ਦੇ ਲੋਕ-ਤੰਤਰ ਦੇ ਢਾਂਚੇ ਦਾ ਪਖੰਡ ਦਿਨੋ ਦਿਨ ਦੁਨੀਆ ਸਾਹਮਣੇ ਆ ਰਿਹਾ ਅਤੇ ਗੈਰ ਭਾਰਤੀ ਲੋਕ ਇਹ ਸੱਭ ਦੇਖ ਕੇ ਬਹੁਤ ਹੈਰਾਨ ਹਨ। ਪਹਿਲਾਂ ਵੀ ਸਿੱਖਾਂ , ਦਲਿਤਾਂ ਅਤੇ ਮੁਸਲਿਮ ਭਾਈਚਾਰੇ ਵੱਲੋਂ ਭਾਰਤ ਵਿੱਚ ਵਾਪਰ ਰਹੀਆਂ ਘਟਨਾਵਾਂ ਬਾਰੇ ਵਿਦੇਸੀ ਸਰਕਾਰਾਂ ਜਾਂ ਸੰਸਥਾਵਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਸੀ ਪਰ ਉਹ ਘਟਨਾਵਾਂ ਨੂੰ ਇੱਕਾ-ਦੁੱਕਾ ਸਮਝ ਕੇ ਹਮਦਰਦੀ ਪ੍ਰਗਟਾਉਣ ਤੱਕ ਹੀ ਸੀਮਤ ਰਹਿੰਦੇ ਸਨ। ਪਰ ਭਾਰਤੀ ਲੋਕ-ਤੰਤਰ ਨੂੰ ਕਾਰਪੋਰੇਟ ਅਤੇ ਬੀ ਜੇ ਪੀ ਵਲੋਂ ਕਿਵੇਂ ਆਪਣੇ ਅਧੀਨ ਕਰਕੇ ਤਾਨਾਸਾਹ ਵਾਂਗ ਵਰਤਿਆ ਜਾ ਰਿਹਾ ਬਾਰੇ ਕਿਸਾਨ ਅੰਦੋਲਨ ਨੇ ਬੇਪਰਤ ਕੀਤਾ ਹੈ। ਇਸ ਅੰਦੋਲਨ ਕਾਰਣ ਹੀ ਸਾਰੇ ਭਾਰਤ ਅਤੇ ਦੁਨੀਆਂ ਦੀਆਂ ਅੱਖਾਂ ਖੁੱਲ੍ਹੀਆਂ ਹਨ ਕਿ ਕਿਵੇਂ ਕਾਰਪੋਰੇਟ ਸਿਰਫ ਦੋ ਬੰਦੇ ਖਰੀਦ ਕੇ ਆਪਣੀ ਮਰਜੀ ਨਾਲ ਦੇਸ ਚਲਾ ਸਕਦਾ ਹੈ। ਆਪਣੇ ਮੁਨਾਫੇ ਕਮਾਉਣ ਲਈ ਚਾਹੇ ਦੇਸ ਦੀ ਜਿੰਨੀ ਮਰਜੀ ਹੇਠਾਂ ਜਾ ਰਹੀ ਹੋਵੇ ਤੇ ਬੇਰੁਜਗਾਰੀ ਵਿੱਚ ਵਾਧਾ ਹੋਣ ਦੇ ਬਾਵਜੂਦ ਵੀ ਸਰਕਾਰ ਨੂੰ ਆਪਣੇ ਲਈ ਵਰਤ ਸਕਦਾ ਹੈ। ਕਿਵੇਂ ਕਾਰਪੋਰੇਟ ਸਰਕਾਰੀ ਅਦਾਰਿਆਂ ਦੀ ਬੋਲੀ ਲੁਆ ਕੇ ਆਪਣੇ ਅਧੀਨ ਪ੍ਰਾਈਵੇਟ ਕਰਾ ਸਕਦਾ ਹੈ। ਇਸ ਵਿੱਚ ਕੋਈ ਸੱਕ ਨਹੀਂ ਕਿ ਕਾਰਪੋਰੇਟ ਦਾ ਮਾਡਲ ਮੁਨਾਫਾ ਕਮਾਉਣਾ ਹੈ ਉਸ ਵਿੱਚ ਲੋਕ ਭਲਾਈ ਦੀ ਪਹਿਲ ਨਹੀਂ ਹੁੰਦੀ।

ਭਾਰਤ ਦੇਸ ਦੇ ਢਾਂਚੇ ਵਿੱਚ ਜਿੱਥੇ ਏਨੀ ਜਿਆਦਾ ਅਬਾਦੀ, ਸਾਖਰਤਾ ਦਰ ( ) ਏਨਾ ਘੱਟ, ਪੇਂਡੂ ਅਬਾਦੀ ਤਕਰੀਬਨ 70% ਹੋਵੇ ਉਸ ਦੇਸ ਵਿੱਚ ਇਹ ਮਾਡਲ ਕਾਮਯਾਬ ਨਹੀਂ ਹੋਵੇਗਾ ਕਿਉਂ ਕਿ ਕਾਰਪੋਰੇਟ ਵੱਲੋਂ ਨਵੀਂ ਤਕਨੀਕ ਲਿਆਉਣ ਨਾਲ ਲੋਕ ਹੋਰ ਬੇਰੁਜਗਾਰ ਹੋਣਗੇ ਅਤੇ ਦੇਸ ਅੰਦਰੂਨੀ ਜੰਗ ( ) ਵੱਲ ਜਾਵੇਗਾ ਜਿਸ ਦੇ ਲੱਛਨ ਹੁਣ ਸੁਰੂ ਹੋ ਚੁੱਕੇ ਹਨ। ਲਾਲ ਕਿਲ੍ਹੇ ਦੀਆਂ ਘਟਨਾਵਾਂ ਕਰਕੇ ਫੜੇ ਬੰਦੇ ਅਤੇ ਹੁਣ ਬੀਬੀ ਦਿਸਾ ਰਵੀ ਨੂੰ ਭਾਰਤ ਵਿੱਚ ਟੂਲ ਕਿੱਟ ਨੂੰ ਪ੍ਰਚਾਰਣ ਜਾਂ ਉਸਦੀ ਸਮੱਗਰੀ ਵਰਤਣ ਲਈ ਗ੍ਰਿਫਤਾਰ ਕਰਨਾ ਤਾਨਾਸਾਹਾਂ ਤੋਂ ਘੱਟ ਨਹੀਂ। ਇਸਤਰਾਂ ਦੀ ਅਸਿਹਣਸੀਲਤਾ ਭਾਰਤ ਲਈ ਅਤੇ ਖਾਸ ਕਰ ਬੀ ਜੇ ਪੀ ਲਈ ਖਤਰੇ ਦੀ ਘੰਟੀ ਹੈ।

# ਅਮਰੀਕਾ-ਭਾਰਤ ਰਿਸ਼ਤਿਆਂ ਦਾ ਕਿਸਾਨੀ ਸੰਘਰਸ਼ 'ਤੇ ਅਸਰ ਪੈਣ ਦੀਆਂ ਸੰਭਾਵਨਾਵਾਂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਮਰੀਕਾ ਵਿਚ ਪ੍ਰਸ਼ਾਸਨ ਤਬਦੀਲੀ ਤੋਂ ਬਾਅਦ ਭਾਰਤ-ਅਮਰੀਕਾ ਸਬੰਧਾਂ ਦੇ ਹਾਲਾਤ ਬਦਲਣ ਦੀਆਂ ਸੰਭਾਵਨਾਵਾਂ ਪ੍ਰਗਟਾਈਆਂ ਜਾ ਰਹੀਆਂ ਹਨ। ਹਿੰਦੂਤਵੀ ਵਿਚਾਰਧਾਰਾ ਵਾਲੀ ਮੋਦੀ ਸਰਕਾਰ ਨਾਲ ਟਰੰਪ ਪ੍ਰਸ਼ਾਸਨ ਦੇ ਸਮੇਂ ਰਿਸ਼ਤੇ ਬੜੇ ਸੁਖਾਵੇਂ ਰਹੇ ਸੀ ਤੇ ਟਰੰਪ ਪ੍ਰਸ਼ਾਸਨ ਵੱਲੋਂ ਭਾਰਤ ਵਿਚ ਡਿਗ ਰਹੀ ਲੋਕਤੰਤਰ ਦੀ ਸਥਿਤੀ 'ਤੇ ਕਦੇ ਜ਼ਿਆਦਾ ਤਵੱਜੋ ਨਹੀਂ ਦਿੱਤੀ ਗਈ। ਪਰ ਬਾਇਡਨ ਦੇ ਰਾਸ਼ਟਰਪਤੀ ਬਣਨ ਮਗਰੋਂ ਅਮਰੀਕਾ ਆਪਣੀ ਲੋਕਤੰਤਰਿਕ ਕਦਰਾਂ ਕੀਮਤਾਂ ਬਚਾਉਣ ਦੀ ਨੀਤੀ ਤਹਿਤ ਭਾਰਤ ਪ੍ਰਤੀ ਮੌਜੂਦਾ ਸਥਿਤੀਆਂ ਨੂੰ ਦੇਖਦਿਆਂ ਕੁੱਝ ਸਖਤੀ ਵਿਖਾ ਸਕਦਾ ਹੈ।

ਬੀਤੇ ਦਿਨੀਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਬਾਇਡਨ ਦਰਮਿਆਨ ਹੋਈ ਪਹਿਲੀ ਗੱਲਬਾਤ ਵਿਚ ਦੋਵਾਂ ਆਗੂਆਂ ਨੇ ਨਿਯਮਾਂ ਅਧਾਰਿਤ ਵਿਸ਼ਵ ਪ੍ਰਬੰਧ ਅਤੇ ਇੰਡੋ ਪੈਸਿਫਿਕ ਖੇਤਰ ਨੂੰ ਸਭ ਲਈ ਖੁੱਲ੍ਹਾ, ਅਜ਼ਾਦ ਰੱਖਣ 'ਤੇ ਸਹਿਮਤੀ ਪ੍ਰਗਟ ਕੀਤੀ।

ਬੀਤੇ ਦਿਨੀਂ ਭਾਰਤ ਅਤੇ ਚੀਨ ਦਰਮਿਆਨ ਸਰਹੱਦ 'ਤੇ ਬਣੀ ਤਣਾਅ ਦੀ ਸਥਿਤੀ ਨੂੰ ਤੋੜਨ ਲਈ ਹੋਇਆ ਸਮਝੌਤਾ ਵੀ ਅਮਰੀਕੀ ਸੁਭਾਅ 'ਤੇ ਫਰਕ ਪਾ ਸਕਦਾ ਹੈ। ਜੋ ਬਾਇਡਨ ਨੇ ਮੋਦੀ ਨਾਲ ਗੱਲਬਾਤ ਵਿਚ ਵੀ ਕਿਹਾ ਕਿ ਉਹਨਾਂ ਦੀ ਇੱਛਾ ਹੈ ਕਿ ਲੋਕਤੰਤਰਿਕ ਸੰਸਥਾਵਾਂ ਅਤੇ ਨਿਯਮਾਂ ਦੀ ਸੁਰੱਖਿਆ ਕੀਤੀ ਜਾਵੇ।

ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਵੱਲੋਂ ਬਣਾਏ ਗਏ ਚਾਰ ਦੇਸ਼ਾਂ ਦੇ ਫੌਜੀ ਗਠਜੋੜ "ਕੁਆਡ" ਤੋਂ ਵੀ ਭਾਰਤ ਪੈਰ ਕੁੱਝ ਪਿਛਾਂਹ ਖਿੱਚ ਰਿਹਾ ਹੈ। ਇਸ ਦਾ ਕਾਰਨ ਚੀਨ ਨਾਲ ਹੋਏ ਸਮਝੌਤੇ ਨੂੰ ਮੰਨਿਆ ਜਾ ਰਿਹਾ ਹੈ।

ਭਾਰਤ ਵਿਚ ਚੱਲ ਰਹੇ ਕਿਸਾਨੀ ਸੰਘਰਸ਼ ਦੇ ਮੱਦੇਨਜ਼ਰ ਅਮਰੀਕਾ ਦਾ ਲੋਕਤੰਤਰਿਕ ਨਿਯਮਾਂ ਦੇ ਪੱਖ ਵਿਚ ਖੜ੍ਹਨਾ ਮੋਦੀ ਸਰਕਾਰ ਲਈ ਨਵੀਂ ਚੁਣੌਤੀਆਂ ਖੜ੍ਹੀਆਂ ਕਰ ਸਕਦਾ ਹੈ। ਮੋਦੀ ਸਰਕਾਰ ਕਿਸਾਨ ਸੰਘਰਸ਼ ਵਿਚ ਸ਼ਾਮਲ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਨੂੰ ਜੇਲ੍ਹਾਂ ਵਿਚ ਬੰਦ ਕਰ ਰਹੀ ਹੈ। ਸੋਸ਼ਲ ਮੀਡੀਆ 'ਤੇ ਕਿਸਾਨ ਸੰਘਰਸ਼ ਦੇ ਸਮਰਥਨ ਵਿਚ ਲਿਖਣ, ਬੋਲਣ ਵਾਲੇ ਲੋਕਾਂ 'ਤੇ ਦੇਸ਼ ਧ੍ਰੋਹ ਵਰਗੇ ਸਖਤ ਕਾਨੂੰਨ ਲਾਏ ਜਾ ਰਹੇ ਹਨ।

# ਭਾਰਤ ਸਰਕਾਰ ਨੇ ਨਨਕਾਣਾ ਸਾਹਿਬ ਜਾਣ ਵਾਲੇ ਸਿੱਖ ਜਥੇ 'ਤੇ ਰੋਕ ਲਾਈ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸਿੱਖ ਕੌਮ ਦੇ ਦਿਲ ਤੇ ਉਕਰੇ ਸਾਕਾ ਨਨਕਾਣਾ ਸਾਹਿਬ ਦੇ ਸੌ ਸਾਲਾ ਸਮਾਗਮਾਂ ਵਿੱਚ ਸ਼ਾਮਲ ਹੋਣ ਜਾ ਰਹੇ ਜਥੇ ਤੇ ਕੁਝ ਘੰਟੇ ਪਹਿਲਾਂ ਰੋਕ ਲਗਾ ਕੇ ਭਾਰਤ ਸਰਕਾਰ ਨੇ ਸਿੱਖਾਂ ਦੀ ਧਾਰਮਿਕ ਅਜ਼ਾਦੀ ਤੇ ਸਿੱਧਾ ਹਮਲਾ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 730 ਸਿੱਖਾਂ ਦੇ ਜਥੇ ਦੇ ਪਾਕਿਸਤਾਨ ਜਾਣ ਲਈ ਪੂਰਾ ਪ੍ਰਬੰਧ ਕੀਤਾ ਜਾ ਚੁੱਕਾ ਸੀ, ਗ੍ਰਹਿ ਮੰਤਰਾਲੇ ਵੱਲੋਂ ਪੂਰੀ ਤਫ਼ਤੀਸ਼ ਤੋਂ ਬਾਅਦ ਵੀਜਾ ਲੱਗ ਕੇ ਆ ਚੁੱਕਾ ਸੀ, ਕਮੇਟੀ ਵਲੋਂ 18 ਫਰਵਰੀ ਨੂੰ ਬੱਸਾਂ ਰਾਹੀਂ ਸਵੇਰੇ 9 ਵਜੇ ਦਰਬਾਰ ਸਾਹਿਬ ਤੋਂ ਜਥਾ ਰਵਾਨਾ ਕੀਤਾ ਜਾਣਾ ਸੀ। ਇਸ ਲਈ ਕਮੇਟੀ ਦੇ ਸਮੂਹ ਮੁਲਾਜਮਾਂ ਨੂੰ ਸਵੇਰੇ 8 ਵਜੇ ਹਾਜਰ ਹੋਣ ਲਈ ਕਿਹਾ ਜਾ ਚੁੱਕਾ ਸੀ। ਜਥੇ 'ਚ ਸ਼ਾਮਲ ਸੰਗਤਾਂ ਭਾਰਤ ਦੇ ਵੱਖ ਵੱਖ ਕੋਨਿਆਂ ਤੋਂ ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਚੁੱਕੀਆਂ ਸਨ। ਪਾਕਿਸਤਾਨ 'ਚ ਵੱਖ ਵੱਖ ਗੁਰੂਧਾਮਾਂ 'ਤੇ ਜਾਣ ਲਈ ਨਕਸ਼ੇ ਤਿਆਰ ਸਨ ਅਤੇ ਪ੍ਰਬੰਧ ਕੀਤੇ ਜਾ ਚੁੱਕੇ ਸਨ। ਸ਼ਾਮ ਸਾਢੇ ਛੇ ਵਜੇ ਕੇਂਦਰ ਸਰਕਾਰ ਵੱਲੋਂ ਈ ਮੇਲ ਰਾਹੀਂ ਦੱਸਿਆ ਗਿਆ ਕਿ ਵੀਜੇ ਰੱਦ ਕਰ ਦਿੱਤੇ ਗਏ ਹਨ। ਸਿੱਖਾਂ ਵਿਚ ਭਾਰਤ ਸਰਕਾਰ ਦੇ ਇਸ ਫੈਂਸਲੇ ਖਿਲਾਫ ਵਿਆਪਕ ਰੋਹ ਦੇਖਿਆ ਜਾ ਰਿਹਾ ਹੈ ਅਤੇ ਸਿੱਖਾਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਉਹਨਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ।

# ਕੈਲੇਫੋਰਨੀਆਂ ਮਹਾਂ-ਪੰਚਾਇਤ

## ਮੋਰਚੇ ਦੀ ਫ਼ਤਿਹ ਅਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਸੰਗਤ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ





ਨੁਦੀਪ ਕੌਰ


ਦਿਸ਼ਾ ਰਵੀ


ਦੀਪ ਸਿੱਧੂ


ਰਣਜੀਤ ਸਿੰਘ

ਕੈਲੇਫੋਰਨੀਆਂ ਦੀਆਂ ਪੰਥਕ ਜੱਥੇਬੰਦੀਆਂ ਅਤੇ ਗੁਰਦੁਆਰਾ ਸਾਹਿਬਾਨ ਵੱਲੋਂ ਸਿੱਖ ਸੰਗਤ ਨੂੰ

**ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ,**

**16101 W GRANT LINE RD, TRACY, CA 95304**

**ਸ਼ਨਿੱਚਰਵਾਰ ( 20 ਫਰਵਰੀ ) ਸ਼ਾਮ 4 ਵਜੇ ਪੰਥਕ ਇਕੱਠ**

ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

**ਬੇਨਤੀ ਕਰਤਾ:**

ਗੁਰਦੂਆਰਾ ਗੁਰੂ ਨਾਨਕ ਪ੍ਰਕਾਸ਼, ਗੁਰਦੂਆਰਾ ਸਾਹਿਬ ਫਰੀਮਾਂਟ, ਗੁਰਦੂਆਰਾ ਸਾਹਿਬ ਸਟਾਕਟਨ, ਗੁਰਦੂਆਰਾ ਸਾਹਿਬ ਐਲ ਸਬਰਾਂਟੇ, ਗੁਰਦੂਆਰਾ ਸਾਹਿਬ ਬਰਾਡਸ਼ਾਹ, ਦਸ਼ਮੇਸ਼ ਦਰਬਾਰ ਟਰੇਸੀ, ਸਿੰਘ ਸਭਾ ਮਿਲਪੀਟਸ, ਗੁਰਦੂਆਰਾ ਸਾਹਿਬ ਸੈਂਟਾ ਕਲਾਰਾ, ਗੁਰਦੂਆਰਾ ਸਾਹਿਬ ਮਡੇਰਾ, ਗੁਰਦੂਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਸਿੱਖ ਪੰਚਾਇਤ, ਅਮਰੀਕਨ ਗੁਰਦੂਆਰਾ ਪ੍ਰਬੰਧਕ ਕਮੇਟੀ, ਸਿੱਖ ਯੂਥ ਆਫ ਅਮਰੀਕਾ, ਸਿੱਖਸ ਫਾਰ ਹਿਉਮੈਨਿਟੀ, ਸੈਲਫਲੈਸ ਸੇਵਾ ਸੁਸਾਇਟੀ, ਕੈਲੇਫੋਰਨੀਆ ਕਬੱਡੀ ਫੈਡਰੇਸ਼ਨ, ਅਮੈਰਿਕਨ ਸਿੱਖ ਕਾਕਸ ਕਮੇਟੀ, ਅਕਾਲੀ ਦਲ (ਅੰਮ੍ਰਿਤਸਰ), ਕੈਲੇਫੋਰਨੀਆ ਗੱਤਕਾ ਦਲ,ਗੁਰਦੂਆਰਾ ਸਾਹਿਬ ਮੋਡੈਸਟੋ, ਸਿੱਖ ਟੈਂਪਲ ਟਰਲੱਕ, ਦਸ਼ਮੇਸ਼ ਦਰਬਾਰ ਲੋਡਾਈ।

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

**(209)-513-0508, (510)299-7982, (209)456-0387, (510)206-6544, (209)-487-3699, (530)-218-1545, (209) 346-4270**

# ਟਰੰਪ ਦਾ ਰਿਪਬਲੀਕਨ ਪਾਰਟੀ ਵਿਚ ਹੁਣ ਕੋਈ ਭਵਿੱਖ ਨਹੀਂ ਹੈ- ਨਿੱਕੀ ਹੇਲੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸੰਯੁਕਤ ਰਾਸ਼ਟਰ ਦੀ ਅਮਰੀਕਾ ਦੀ ਸਾਬਕਾ ਰਾਜਦੂਤ ਨਿਕੀ ਹੇਲੀ ਨੇ 6 ਜਨਵਰੀ ਨੂੰ ਕੈਪੀਟਲ ਹਿੱਲ ਉੱਪਰ ਹੋਏ ਹਮਲੇ ਲਈ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਿੱਧੇ ਤੌਰ 'ਤੇ ਸਖ਼ਤ ਅਲੋਚਨਾ ਕੀਤੀ ਹੈ। 'ਪੋਲੀਟੀਕੋ ਮੈਗਜ਼ੀਨ' ਵਿਚ ਪ੍ਰਕਾਸ਼ਿਤ ਇਕ ਮੁਲਾਕਾਤ ਵਿੱਚ ਉਨਾਂ ਕਿਹਾ ਹੈ ਕਿ 'ਸਾਨੂੰ ਇਹ ਪ੍ਰਵਾਨ ਕਰਨਾ ਪਵੇਗਾ ਕਿ ਉਸ ਨੇ ਸਾਡੀ ਹੇਠੀ ਕੀਤੀ ਹੈ। ਉਹ ਉਸ ਰਾਹ ਉੱਪਰ ਚਲਾ ਗਿਆ ਜਿਸ ਉੱਪਰ ਉਸ ਨੂੰ ਨਹੀਂ ਜਾਣਾ ਚਾਹੀਦਾ ਸੀ। ਅਸੀਂ ਇਹ ਮੁੜ ਵਾਪਰਨ ਦੇਣਾ ਪ੍ਰਵਾਨ ਨਹੀਂ ਕਰ ਸਕਦੇ।' ਨਿਕੀ ਹੇਲੀ ਰਿਪਬਲੀਕਨ ਪਾਰਟੀ ਵਿਚ ਅਹਿਮ ਸਥਾਨ ਰੱਖਦੀ ਹੈ। ਉਸ ਨੇ 2018 ਵਿਚ ਟਰੰਪ ਪ੍ਰਸ਼ਾਸਨ ਨੂੰ ਅਲਵਿਦਾ ਕਹਿ ਦਿੱਤਾ ਸੀ ਜਦ ਕਿ ਇਸ ਦੇ ਉਲਟ ਹੋਰ ਬਹੁਤ ਸਾਰੇ ਅਧਿਕਾਰੀ ਸਾਬਕਾ ਰਾਸ਼ਟਰਪਤੀ ਹੱਥੋਂ ਜਨਤਿਕ ਤੌਰ 'ਤੇ ਜ਼ਲੀਲ ਹੋਏ ਸਨ। ਹੇਲੇ ਨੇ ਕਿਹਾ ਕਿ ਸੈਨੇਟ ਨੂੰ ਟਰੰਪ ਵੱਲੋਂ ਭਵਿੱਖ ਵਿਚ ਕੋਈ ਜਨਤਿਕ ਅਹੁਦਾ ਸੰਭਾਲਣ ਉੱਪਰ ਰੋਕ ਲਾਉਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਉਸ ਨੂੰ 2024 ਵਿਚ ਦੁਬਾਰਾ ਚੋਣ ਲੜਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਹੇਲੇ ਨੇ ਭਵਿੱਖਬਾਣੀ ਕਰਦਿਆਂ ਕਿਹਾ ਕਿ ਟਰੰਪ ਦੁਬਾਰਾ ਸੰਘੀ ਅਹੁਦੇ ਲਈ ਯਤਨ ਨਹੀਂ ਕਰੇਗਾ, ਉਸ ਦਾ ਰਿਪਬਲੀਕਨ ਪਾਰਟੀ ਵਿਚ ਕੋਈ ਭਵਿੱਖ ਨਹੀਂ ਹੈ। ਉਨਾਂ ਕਿਹਾ ਮੈ ਨਹੀਂ ਸੋਚਦੀ ਕਿ ਪਾਰਟੀ ਵੱਲੋਂ ਉਸ ਬਾਰੇ ਦੁਬਾਰਾ ਸੋਚਿਆ ਜਾਵੇਗਾ ਹਾਲਾਂ ਕਿ ਹੇਲੇ ਨੇ ਇਹ ਸਵਿਕਾਰ ਕੀਤਾ ਕਿ ਅਜੇ ਵੀ ਰਿਪਬਲੀਕਨਾਂ ਵਿਚ ਟਰੰਪ ਪ੍ਰਤੀ ਬਹੁਤ ਸਨੇਹ ਹੈ। ਹੇਲੇ ਨੇ 6 ਜਨਵਰੀ ਨੂੰ ਸਾਬਕਾ ਉਪ ਰਾਸ਼ਟਰਪਤੀ ਮਾਈਕ ਪੈਨਸ ਨਾਲ ਟਰੰਪ ਵੱਲੋਂ ਕੀਤੇ ਵਿਵਹਾਰ ਉੱਪਰ ਆਪਣਾ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਕਿ ਉਹ ਉਸ ਦਿਨ ਤੋਂ ਬਾਅਦ ਟਰੰਪ ਨਾਲ ਨਹੀਂ ਬੋਲੀ। ਟਰੰਪ ਨੇ ਟਵਿਟਰ ਉੱਪਰ ਪੈਨਸ ਨੂੰ ਨਿਸ਼ਾਨਾ ਬਣਾਉਂਦਿਆਂ ਲਿਖਿਆ ਸੀ ਕਿ ਉਹ ਇਲੈਕਟਰੋਲ ਕਾਲਜ ਵੋਟਾਂ ਗਿਣਨ ਲਈ ਕਾਂਗਰਸ ਦੀ ਅਗਵਾਈ ਕਰ ਰਿਹਾ ਹੈ। ਭੀੜ ਨੇ ਵੋਟਾਂ ਦੀ ਪੁਸ਼ਟੀ ਰੋਕਣ ਲਈ ਕੈਪੀਟਲ ਹਿੱਲ ਉੱਪਰ ਧਾਵਾ ਬੋਲ ਦਿੱਤਾ ਸੀ ਤੇ ਪੈਨਸ ਨੂੰ ਮਾਰ ਦੇਣ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ।



# ਚੀਨ ਨੂੰ ਅਮਰੀਕਾ ਨੇ ਦਿੱਤੀ ਚਿਤਾਵਨੀ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਚੁਕਾਉਣੀ ਪਵੇਗੀ ਭਾਰੀ ਕੀਮਤ

**ਵਾਸ਼ਿੰਗਟਨ /ਏ.ਟੀ.ਨਿਊਜ਼:** ਚੀਨ 'ਚ ਘੱਟ ਗਿਣਤੀਆਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਹੁੰਦਾ ਹੈ। ਇਸ ਤੋਂ ਹਰ ਕੋਈ ਵਾਕਿਫ ਹੈ। ਇਸ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਚੀਨ ਨੂੰ ਮਨੁੱਖੀ ਅਧਿਕਾਰ ਉਲੰਘਣਾ ਨੂੰ ਲੈ ਕੇ ਚਿਤਵਾਨੀ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੇ ਉਲੰਘਣ ਸਬੰਧੀ ਚੀਨ ਨੂੰ ਭਾਰੀ ਕੀਮਤ ਚੁੱਕਣੀ ਪਵੇਗੀ। ਅਮਰੀਕਾ ਇਸ ਖਿਲਾਫ ਖੜ੍ਹਾ ਹੋਵੇਗਾ ਤੇ ਇਸ ਤੋਂ ਸ਼ੀ ਚਿਨਫਿੰਗ ਵਾਕਿਫ ਹਨ। ਬਾਇਡਨ ਨੇ ਇਹ ਗੱਲ ਸੀਐੱਨਐੱਨ ਟਾਊਨ ਹਾਲ 'ਚ ਕਹੀ। ਬਾਇਡਨ ਨੇ ਅੱਗੇ ਦੱਸਿਆ ਕਿ ਉਨ੍ਹਾਂ ਨੇ ਚੀਨੀ ਰਾਸ਼ਟਰਪਤੀ ਸ਼ੀ ਚਿਨਫਿੰਗ ਨੂੰ ਆਪਣੇ ਫੋਨ ਕਾਲ ਦੌਰਾਨ ਮਨੁੱਖੀ ਅਧਿਕਾਰਾਂ ਦੇ ਉਲੰਘਣ ਬਾਰੇ ਅਮਰੀਕਾ ਦੇ ਰੁਖ ਬਾਰੇ ਦੱਸਿਆ।

ਬਾਈਡਨ ਨੇ ਇਸ ਦੌਰਾਨ ਕਿਹਾ ਮੈਂ ਇਹ ਸਪੱਸ਼ਟ ਕਰ ਰਿਹਾ ਹਾਂ ਕਿ ਅਸੀਂ ਸੰਯੁਕਤ ਰਾਸ਼ਟਰ ਤੇ ਹੋਰ ਏਜੰਸੀਆਂ ਦੇ ਮਾਧਿਅਮ ਰਾਹੀਂ ਮਨੁੱਖੀ ਅਧਿਕਾਰ ਦੇ ਪੱਖ 'ਚ ਆਵਾਜ ਉਠਾਉਣ ਦੀ ਆਪਣੀ ਭੂਮਿਕਾ ਨੂੰ ਨਿਭਾਉਣਗੇ ਜੋ ਉਨ੍ਹਾਂ ਦੇ ਦ੍ਰਿਸ਼ਟੀਕੋਣ 'ਤੇ ਪ੍ਰਭਾਵ ਪਾਉਂਦੇ ਹਨ। ਬਾਈਡਨ ਨੇ ਚਿਨਫਿੰਗ ਨਾਲ ਫੋਨ 'ਤੇ ਗੱਲਬਾਤ ਦੌਰਾਨ ਉਈਗਰਾਂ ਨਾਲ ਅੱਤਿਆਚਾਰ ਦਾ ਮੁੱਦਾ ਚੁੱਕਿਆ ਸੀ। ਉਨ੍ਹਾਂ ਨੇ ਕਿਹਾ ਕਿ ਚੀਨ ਵਿਸ਼ਵਗੁਰੂ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਨੂੰ ਪਾਉਣ ਲਈ ਅਜਿਹਾ ਕਰਨ 'ਚ ਸਮਰੱਥ ਹੋਣ ਲਈ ਉਨ੍ਹਾਂ ਹੋਰ ਦੇਸ਼ਾਂ ਦਾ ਵਿਸ਼ਵਾਸ ਹਾਸਲ ਕਰਨਾ ਪਵੇਗਾ। ਜਦੋਂ ਤਕ ਉਹ ਮਨੁੱਖੀ ਅਧਿਕਾਰਾਂ ਦੇ ਉਲਟ ਗਤੀਵਿਧੀਆਂ 'ਚ ਸ਼ਾਮਲ ਹੋਣਗੇ ਅਜਿਹਾ ਕਰਨਾ ਉਨ੍ਹਾਂ ਲਈ ਸਖ਼ਤ ਹੋਵੇਗਾ।

## ਬਰਤਾਨੀਆ ਵੱਲੋਂ ਚੀਨ ਦੇ ਟੀਵੀ ਚੈਨਲ 'ਤੇ ਪਾਬੰਦੀਆਂ ਮਗਰੋਂ ਚੀਨ ਨੇ ਬੀਬੀਸੀ 'ਤੇ ਪਾਬੰਦੀਆਂ ਲਾਈਆਂ

**ਅੰਮ੍ਰਿਤਸਰ ਟਾਈਮਜ਼ ਬਿਊਰੋ :** ਬਰਤਾਨੀਆ ਅਤੇ ਚੀਨ ਵੱਲੋਂ ਹੁਣ ਇਕ ਦੂਜੇ ਦੇ ਟੀਵੀ ਅਦਾਰਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੁੱਝ ਦਿਨ ਪਹਿਲਾਂ ਬਰਤਾਨੀਆ ਵੱਲੋਂ ਚੀਨ ਦੇ ਖਬਰਾਂ ਵਾਲੇ ਟੀਵੀ ਚੈਨਲ ਚਾਈਨਾ ਗਲੋਬਲ ਟੈਲੀਵਿਜ਼ਨ ਨੈਟਵਰਕ (ਸੀਜੀਟੀਐਨ) 'ਤੇ ਇਹ ਕਹਿੰਦਿਆਂ ਪਾਬੰਦੀਆਂ ਲਾ ਦਿੱਤੀਆਂ ਸੀ ਕਿ ਇਸ ਚੈਨਲ ਨੂੰ ਚੀਨੀ ਸਰਕਾਰ ਚਲਾਉਂਦੀ ਹੈ। ਇਸ ਦੇ ਜਵਾਬ ਵਿਚ ਹੁਣ ਚੀਨ ਨੇ ਬੀਬੀਸੀ 'ਤੇ ਇਹ ਕਹਿੰਦਿਆਂ ਪਾਬੰਦੀ ਲਾ ਦਿੱਤੀ ਹੈ ਕਿ ਇਸ ਚੈਨਲ 'ਤੇ ਦਿਖਾਈਆਂ ਜਾਂਦੀਆਂ ਚੀਨ ਸਬੰਧੀ ਰਿਪੋਰਟਾਂ ਨਿਯਮਾਂ ਦੀ ਉਲੰਘਣਾ ਕਰਦੀਆਂ ਹਨ ਜੋ ਚੀਨ ਦੇ ਕੌਮੀ ਹਿੱਤਾਂ ਨੂੰ ਸੱਟ ਮਾਰਦੀਆਂ ਹਨ ਤੇ ਚੀਨ ਦੀ ਕੌਮੀ ਏਕਤਾ ਲਈ ਖਤਰਾ ਹਨ।

## ਹਥਿਆਰਾਂ ਸਮੇਤ ਦੋ ਵਿਅਕਤੀ ਵ੍ਹਾਈਟ ਹਾਊਸ ਨੇੜੇ ਗ੍ਰਿਫਤਾਰ

**ਫਰਿਜ਼ਨੋ /ਏ.ਟੀ.ਨਿਊਜ਼:** ਸੰਯੁਕਤ ਰਾਜ ਦੀ ਗੁਪਤ ਸੇਵਾ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਹਫਤੇ ਦੇ ਅਖੀਰ ਵਿੱਚ ਵ੍ਹਾਈਟ ਹਾਊਸ ਨੇੜੇ ਦੋ ਵਿਅਕਤੀਆਂ ਨੂੰ ਹਥਿਆਰਾਂ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।ਇਹਨਾਂ ਅਣਪਛਾਤੇ ਵਿਅਕਤੀਆਂ ਨਾਲ ਸੀਕ੍ਰੇਟ ਸਰਵਿਸ ਅਧਿਕਾਰੀਆਂ ਵੱਲੋਂ ਬੀਤੇ ਸਨੀਵਾਰ ਸਾਮ ਨੂੰ 5:30 ਵਜੇ ਤੋਂ ਪਹਿਲਾਂ ਵਾਸ਼ਿੰਗਟਨ, ਡੀ.ਸੀ. 'ਚ 15 ਵੀਂ ਸਟ੍ਰੀਟ ਅਤੇ ਪੈਨਸਿਲਵੇਨੀਆ ਐਵੀਨਿਊ ਨੇੜੇ ਸੰਪਰਕ ਬਣਾਇਆ ਗਿਆ ਅਤੇ ਇੱਕ ਵਿਅਕਤੀ ਦੁਆਰਾ ਉਸ ਕੋਲ ਇੱਕ ਹਥਿਆਰ ਹੋਣ ਬਾਰੇ ਦੱਸਣ 'ਤੇ ਉਸ ਨੂੰ ਤੁਰੰਤ ਹਿਰਾਸਤ ਵਿੱਚ ਲੈ ਲਿਆ ਗਿਆ ਜਦਕਿ ਦੂਜੇ ਵਿਅਕਤੀ ਨੇ ਨੇੜੇ ਦੇ ਵਾਹਨ ਵਿੱਚ ਇੱਕ ਵਾਧੂ ਹਥਿਆਰ ਹੋਣ ਦਾ ਖੁਲਾਸਾ ਕੀਤਾ ਤਾਂ ਸੀਕ੍ਰੇਟ ਸਰਵਿਸ ਦੇ ਅਧਿਕਾਰੀਆਂ ਦੁਆਰਾ ਕਾਰ ਨੂੰ ਲੱਭ ਕੇ ਹਥਿਆਰ ਨੂੰ ਬਰਾਮਦ ਕੀਤਾ ਗਿਆ। ਇਸ ਮਾਮਲੇ ਬਾਰੇ ਅਧਿਕਾਰੀਆਂ ਅਨੁਸਾਰ ਪਹਿਲੇ ਵਿਅਕਤੀ ਨੂੰ ਇੱਕ ਬੀ ਬੀ ਬੰਦੂਕ ਰੱਖਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ, ਜਦੋਂ ਕਿ ਦੂਸਰੇ ਵਿਅਕਤੀ ਨੂੰ ਬਿਨਾਂ ਲਾਇਸੈਂਸ ਤੋਂ ਪਿਸਤੌਲ ਰੱਖਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ।ਇਸ ਗ੍ਰਿਫਤਾਰੀ ਦੌਰਾਨ ਦੋਸ਼ੀ ਵਿਅਕਤੀਆਂ ਦੁਆਰਾ ਕਿਸੇ ਵੀ ਤਰ੍ਹਾਂ ਦੀ ਕੋਈ ਵਿਰੋਧੀ ਪ੍ਰਕਿਰਿਆ ਨਹੀ ਦਿਖਾਈ ਗਈ। ਪੁਲਸ ਅਨੁਸਾਰ ਹਥਿਆਰਾਂ ਦੇ ਸੰਬੰਧ ਵਿੱਚ ਇਹਨਾਂ ਗ੍ਰਿਫਤਾਰੀਆਂ ਦੇ ਹੋਣ ਦੌਰਾਨ ਰਾਸਟਰਪਤੀ ਜੋਅ ਬਾਈਡੇਨ ਕੈਂਪ ਡੇਵਿਡ ਦੀ ਆਪਣੀ ਪਹਿਲੀ ਰਾਸਟਰਪਤੀ ਯਾਤਰਾ 'ਤੇ ਸਨ।

# ਕਾਂਗਰਸ 'ਗੰਨ ਲਾਅ' ਸੁਧਾਰਾਂ ਵੱਲ ਧਿਆਨ ਦੇਵੇ- ਜੋਅ ਬਾਇਡੇਨ

## 3 ਸਾਲ ਪਹਿਲਾਂ ਫਲੋਰੀਡਾ ਦੇ ਸਕੂਲ ਵਿਚ ਮਾਰੇ ਗਏ ਬੱਚਿਆਂ ਨੂੰ ਯਾਦ ਕੀਤਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਇਡੇਨ ਨੇ ਜਾਰੀ ਇਕ ਬਿਆਨ ਵਿਚ 2018 ਵਿਚ ਪਾਰਕਲੈਂਡ, ਫਲੋਰੀਡਾ ਦੇ ਇਕ ਹਾਈ ਸਕੂਲ ਵਿਚ ਮਾਰੇ ਗਏ ਵਿਦਿਆਰਥੀਆਂ ਤੇ ਹੋਰ ਲੋਕਾਂ ਨੂੰ ਯਾਦ ਕਰਦਿਆਂ ਕਾਂਗਰਸ ਨੂੰ ਕਿਹਾ ਹੈ ਕਿ ਉਹ 'ਗੰਨ ਲਾਅ' ਸਬੰਧੀ ਸੁਧਾਰਾਂ ਵੱਲ ਤਵੱਜੋਂ ਦੇਵੇ। ਉਨਾਂ ਕਿਹਾ ਹੈ ਕਿ 'ਤਿੰਨ ਸਾਲ ਹੋ ਗਏ ਹਨ ਪਾਰਕਲੈਂਡ ਦੇ ਪਰਿਵਾਰ ਜਨਮ ਦਿਨ ਤੇ ਛੁੱਟੀਆਂ ਆਪਣੇ ਪਿਆਰੇ ਬੱਚਿਆਂ ਤੋਂ ਬਿਨਾਂ ਮਨਾਉਂਦੇ ਆ ਰਹੇ ਹਨ। ਸਾਡੇ ਦੇਸ਼ ਵਾਸੀ ਸੋਚਦੇ ਹਨ ਕਿ ਕੀ ਕਦੇ ਸਭ ਕੁੱਝ ਠੀਕ ਠਾਕ ਹੋ ਜਾਵੇਗਾ?' 2018 ਵਿਚ ਮਾਰਜੋਰੀ ਸਟੋਨਮੈਨ ਡੌਗਲਸ ਹਾਈ ਸਕੂਲ ਵਿਚ ਇਕ ਬੰਦੂਕਧਾਰੀ ਵੱਲੋਂ ਕੀਤੀ ਗੋਲੀਬਾਰੀ ਵਿਚ 17 ਵਿਦਿਆਰਥੀ ਤੇ ਹੋਰ ਲੋਕ ਮਾਰੇ ਗਏ ਸਨ। ਇਸ ਗੋਲੀਬਾਰੀ ਤੋਂ ਬਾਅਦ 'ਗੰਨ ਲਾਅ' ਵਿੱਚ ਸੁਧਾਰਾਂ ਲਈ ਵਿਦਿਆਰਥੀਆਂ ਦੀ ਅਗਵਾਈ ਵਿਚ ਰਾਸ਼ਟਰ ਵਿਆਪੀ ਮੁਹਿੰਮ ਚੱਲੀ ਸੀ। ਰਾਸ਼ਟਰਪਤੀ ਨੇ ਵਾਈਟ ਹਾਊਸ ਤੋਂ ਜਾਰੀ ਬਿਆਨ ਵਿਚ ਕਿਹਾ ਹੈ ਕਿ ਪ੍ਰਸ਼ਾਸਨ ਅਗਲੇ ਸਮੂਹਿਕ ਕਤਲੇਆਮ ਦੀ ਉਡੀਕ ਨਹੀਂ ਕਰੇਗਾ। ਉਨਾਂ ਕਿਹਾ 'ਅੱਜ ਮੈਂ ਕਾਂਗਰਸ ਨੂੰ ਕਹਿੰਦਾ ਹਾਂ ਕਿ ਉਹ 'ਸਾਰੇ ਗੰਨ ਵਿਕਰੇਤਾਵਾਂ ਦੇ ਪਿਛੋਕੜ ਦੀ ਜਾਂਚ ਕਰਨ, ਖ਼ਤਰਨਾਕ ਹਥਿਆਰਾਂ ਤੇ ਉੱਚ ਸਮਰੱਥਾ ਵਾਲੇ ਬਾਰੂਦ ਤੇ ਗੋਲੀ ਸਿੱਕੇ ਉੱਪਰ ਪਾਬੰਦੀ ਲਾਉਣ ਤੇ ਗੰਨ ਨਿਰਮਾਤਾ ਜੋ ਸਭ ਕੁਝ ਜਾਣਦਿਆਂ ਹੋਇਆਂ ਹਥਿਆਰ ਵੇਚ ਰਹੇ ਹਨ, ਦੇ ਅਧਿਕਾਰ ਖ਼ਤਮ ਕਰਨ ਸਮੇਤ ਗੰਨ ਦੀ ਵਿੱਕਰੀ ਸਬੰਧੀ ਕਾਨੂੰਨ ਵਿਚ ਸੁਧਾਰ ਕਰੇ।' ਹਾਲਾਂਕਿ ਵਾਈਟ ਹਾਊਸ ਨੇ ਰਸਮੀ ਤੌਰ 'ਤੇ ਗੰਨ ਸੁਰੱਖਿਆ ਸਬੰਧੀ ਕਾਂਗਰਸ ਨੂੰ ਕੋਈ ਸਿਫ਼ਾਰਿਸ਼ ਨਹੀਂ ਭੇਜੀ ਹੈ ਪਰ ਬਾਇਡੇਨ ਨੇ ਗੰਨ ਦੀ ਵਿੱਕਰੀ ਸਬੰਧੀ ਨਿਯਮ ਸਖ਼ਤ ਕਰਨ ਉੱਪਰ ਜ਼ੋਰ ਦਿੱਤਾ ਹੈ। ਬਾਇਡੇਨ ਨੇ ਕਿਹਾ ਹੈ ਕਿ ਹੁਣ ਸਮਾਂ ਤਬਦੀਲੀ ਤੇ ਕਾਰਵਾਈ ਕਰਨ ਦਾ ਹੈ। ਬਾਇਡੇਨ ਨੇ ਆਪਣੀ ਚੋਣ ਮੁਹਿੰਮ ਦੌਰਾਨ ਵੀ ਗੰਨ ਕੰਟਰੋਲ ਉੱਪਰ ਜ਼ੋਰ ਦਿੱਤਾ ਸੀ ਤੇ ਵਾਅਦਾ ਕੀਤਾ ਸੀ ਕਿ ਉਹ ਇਸ ਸਬੰਧੀ ਕਾਰਵਾਈ ਕਰਨਗੇ। ਗੰਨ ਕੰਟਰੋਲ ਕਾਰਕੁੰਨ ਵੀ ਬਾਇਡੇਨ ਪ੍ਰਸ਼ਾਸਨ ਉੱਪਰ ਇਸ ਸਬੰਧੀ ਛੇਤੀ ਕਾਰਵਾਈ ਕਰਨ ਲਈ ਜ਼ੋਰ ਪਾ ਰਹੇ ਹਨ। ਪਿਛਲੇ ਦਿਨੀਂ ਵਾਈਟ ਹਾਊਸ ਡੋਮੈਸਟਿਕ ਪੌਲਸੀ ਕੌਂਸਲ ਹੈੱਡ ਸੁਸਾਨ ਰਾਈਸ ਤੇ ਪਬਲਿਕ ਇਨਗੇਜਮੈਂਟ ਡਾਇਰੈਕਟਰ ਸੈਡਰਿਕ ਰਿਚਮੰਡ ਦੀ ਗੰਨ ਕੰਟਰੋਲ ਸਮਰਥਕਾਂ ਵਿਚਾਲੇ ਵਰਚੂਅਲ ਮੀਟਿੰਗ ਹੋਈ ਸੀ ਜਿਸ ਵਿਚ ਇਸ ਸਬੰਧੀ ਕਦਮ ਚੁੱਕਣ ਦਾ ਅਹਿਦ ਫ਼ੈਸਲਾ ਲਿਆ ਗਿਆ ਸੀ।

# ਬਰਤਾਨੀਆ ਦੇ ਸਿੱਖ ਚੈਨਲ ਕੇਟੀਵੀ ਨੂੰ ਸਿੱਖ ਸੰਘਰਸ਼ ਸਬੰਧੀ ਪ੍ਰੋਗਰਾਮ ਚਲਾਉਣ ਕਰਕੇ 50000 ਯੂਰੋ ਦਾ ਜ਼ੁਰਮਾਨਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬਰਤਾਨੀਆ ਦੇ ਸਿੱਖ ਚੈਨਲ ਕੇਟੀਵੀ ਯੂਕੇ 'ਤੇ ਬਰਤਾਨੀਆ ਦੀ ਟੀਵੀ ਨਿਯਮਾਂ ਦੀ ਨਿਗਰਾਨੀ ਰੱਖਣ ਵਾਲੀ ਸੰਸਥਾ ਆਫਕਾਮ ਨੇ 50,000 ਯੂਰੋ ਦਾ ਜ਼ੁਰਮਾਨਾ ਲਾਇਆ ਹੈ। ਕੇਟੀਵੀ ਜਾਂ ਕਹਿ ਲਈਏ ਖਾਲਸਾ ਟੀਵੀ 'ਤੇ ਇਹ ਜ਼ੁਰਮਾਨਾ ਸਿੱਖ ਸੰਘਰਸ਼ ਨਾਲ ਸਬੰਧਤ ਇਕ ਸੰਗੀਤ ਵੀਡੀਓ ਚਲਾਉਣ ਅਤੇ ਪੰਥਕ ਮਸਲੇ ਨਾਮੀਂ ਇਕ ਵਿਚਾਰ ਚਰਚਾ ਪ੍ਰੋਗਰਾਮ ਦੌਰਾਨ ਕੀਤੀ ਗਈ ਗੱਲਬਾਤ ਦੇ ਅਧਾਰ 'ਤੇ ਲਾਇਆ ਗਿਆ ਹੈ। ਬਰਤਾਨੀਆਂ ਸਰਕਾਰ ਦੁਆਰਾ ਮਨਜੂਰ ਮੀਡੀਆ ਰੈਗੂਲੇਟਰੀ ਅਥਾਰਟੀ 'ਕਮਿਊਨੀਕੇਸਨਜ਼ ਆਫਿਸ' (ਔਫਕਾਮ) ਨੇ ਆਪਣੀ ਜਾਂਚ ਵਿਚ ਪਾਇਆ ਕਿ ਜੁਲਾਈ 2018 ਵਿਚ ਚੈਨਲ 'ਤੇ ਇਕ ਸੰਗੀਤ ਵੀਡੀਓ ਚਲਾਇਆ ਗਿਆ ਸੀ ਜੋ ਅਜ਼ਾਦ ਸਿੱਖ ਰਾਜ ਲਈ ਹਥਿਆਰਬੰਦ ਸੰਘਰਸ਼ ਕਰਨ ਵਾਲੀ ਜਥੇਬੰਦੀ ਖਾਲਿਸਤਾਨ ਲਿਬਰੇਸ਼ਨ ਫਰੰਟ ਬਾਰੇ ਸੀ। ਦੱਸ ਦਈਏ ਕਿ ਇਹ ਗੀਤ 'ਬੱਗਾ ਅਤੇ ਸ਼ੇਰਾ' ਸੀ ਜੋ ਭਾਰਤੀ ਜੇਲ੍ਹ ਵਿਚ ਬੰਦ ਦੋ ਜੁਝਾਰੂ ਸਿੱਖ ਨੌਜਵਾਨਾਂ ਦੀ ਸਿਫਤ ਵਿਚ ਗਾਇਆ ਗਿਆ ਹੈ।



ਔਫਕਾਮ ਨੇ ਆਪਣੀ ਜਾਂਚ ਵਿਚ ਕਿਹਾ ਕਿ ਇਹ ਗੀਤ ਅਸਿੱਧੇ ਰੂਪ ਵਿਚ ਬਰਤਾਨੀਆ ਰਹਿੰਦੇ ਸਿੱਖਾਂ ਨੂੰ ਹਿੰਸਕ ਕਾਰਵਾਈਆਂ ਲਈ ਪ੍ਰੇਰਦਾ ਹੈ। ਔਫਕਾਮ ਨੇ ਇਸ ਗੀਤ 'ਤੇ 20,000 ਯੂਰੋ ਦਾ ਜ਼ੁਰਮਾਨਾ ਕੀਤਾ ਹੈ। ਇਸ ਗੀਤ ਤੋਂ ਇਲਾਵਾ ਜਿਹੜੀ ਵਿਚਾਰ ਚਰਚਾ 'ਤੇ ਜ਼ੁਰਮਾਨਾ ਕੀਤਾ ਗਿਆ ਹੈ ਉਹ ਚੈਨਲ 'ਤੇ 30 ਮਾਰਚ, 2019 ਨੂੰ ਚਲਾਈ ਗਈ ਸੀ। ਔਫਕਾਮ ਨੇ ਆਪਣੀ ਜਾਂਚ ਵਿਚ ਕਿਹਾ ਕਿ ਇਸ ਵਿਚਾਰ ਚਰਚਾ ਦੇ ਪਲੇਟਫਾਰਮ ਤੋਂ ਹਿੰਸਕ ਕਾਰਵਾਈ ਲਈ ਭੜਕਾਇਆ ਗਿਆ ਅਤੇ ਇਸ ਵਿਚ ਬੱਬਰ ਖਾਲਸਾ ਜਥੇਬੰਦੀ ਦਾ ਹਵਾਲਾ ਦਿੰਦਿਆਂ ਉਸ ਦੀ ਵਕਾਲਤ ਕੀਤੀ ਗਈ। ਇਸ ਵਿਚਾਰ ਚਰਚਾ ਲਈ ਚੈਨਲ 'ਤੇ 30,000 ਯੂਰੋ ਦਾ ਜ਼ੁਰਮਾਨਾ ਲਾਇਆ ਗਿਆ ਹੈ।

ਦੱਸ ਦਈਏ ਕਿ ਕੇਟੀਵੀ ਦੇ ਯੂਟਿਊਬ ਅਤੇ ਫੇਸਬੁੱਕ ਖਾਤਿਆਂ ਨੂੰ ਭਾਰਤ ਸਰਕਾਰ ਨੇ ਕਈ ਵਾਰ ਬੰਦ ਕੀਤਾ ਹੈ। ਕੇਟੀਵੀ ਦੇ ਪੱਤਰਕਾਰ ਜਸਬੀਰ ਸਿੰਘ ਨੂੰ ਕੁਝ ਦਿਨ ਪਹਿਲਾਂ ਭਾਰਤ ਦੀ ਜਾਂਚ ਅਜੰਸੀ ਐਨਆਈਏ ਵੱਲੋਂ ਇਕ ਮਾਮਲੇ 'ਚ ਜਾਂਚ ਸੰਮਨ ਵੀ ਭੇਜੇ ਗਏ ਸਨ। ਕੇਟੀਵੀ ਭਾਰਤ ਵਿਚ ਵਾਪਰਦੀਆਂ ਘਟਨਾਵਾਂ ਦੀ ਨਿਰਪੱਖ ਪੱਤਰਕਾਰੀ ਲਈ ਜਾਣਿਆ ਜਾਂਦਾ ਹੈ ਅਤੇ ਸਰਕਾਰ ਦੀਆਂ ਨੀਤੀਆਂ ਖਿਲਾਫ ਖੁੱਲ੍ਹ ਕੇ ਅਵਾਜ਼ ਚੁੱਕਦਾ ਹੈ।




# ਅਮਰੀਕਾ ਵਿਚ ਜ਼ਬਰਦਸਤ ਬਰਫ਼ੀਲਾ ਤੂਫ਼ਾਨ, 3 ਮੌਤਾਂ

## ✪ ਟੈਕਸਾਸ ਵਿਚ ਲੱਖਾਂ ਲੋਕਾਂ ਦੀ ਬਿਜਲੀ ਹੋਈ ਗੁੱਲ ✪ ਲੋਕਾਂ ਨੂੰ ਘਰਾਂ ਵਿਚ ਰਹਿ ਕੇ ਆਪਣਾ ਬਚਾਅ ਕਰਨ ਦੀ ਸਲਾਹ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**: ਅਮਰੀਕਾ ਵਿਚ ਆਏ ਜ਼ਬਰਦਸਤ ਬਰਫ਼ੀਲੇ ਤੂਫ਼ਾਨ ਨੇ ਹੋਰ ਭਿਆਨਕ ਰੂਪ ਅਖ਼ਤਿਆਰ ਕਰ ਲਿਆ ਹੈ ਤੇ 25 ਰਾਜ ਇਸ ਦੀ ਲਪੇਟ ਵਿਚ ਹਨ। ਹੁਣ ਤੱਕ 3 ਲੋਕਾਂ ਦੇ ਮਾਰੇ ਜਾਣ ਦੀ ਰਿਪੋਰਟ ਹੈ ਤੇ ਜਨ ਜੀਵਨ ਪਟੜੀ ਤੋਂ ਲਹਿ ਚੁੱਕਾ ਹੈ। ਟੈਕਸਾਸ ਵਿਚ ਲੱਖਾਂ ਲੋਕ ਬਿਜਲੀ ਤੋਂ ਬਿਨਾਂ ਰਹਿਣ ਲਈ ਮਜਬੂਰ ਹਨ। ਬਰਫ਼ਬਾਰੀ ਕਾਰਨ ਆਵਾਜਾਈ ਠੱਪ ਹੋਣ ਦੇ ਕਾਗਾਰ 'ਤੇ ਹੈ। 25 ਰਾਜਾਂ ਦੇ 15 ਕਰੋੜ ਤੋਂ ਵਧ ਲੋਕਾਂ ਨੂੰ ਮੌਸਮ ਵਿਭਾਗ ਵੱਲੋਂ ਆਪਣਾ ਬਚਾਅ ਕਰਨ ਦੀ ਸਲਾਹ ਦਿੱਤੀ ਗਈ ਹੈ। ਨੈਸ਼ਨਲ ਵੈਦਰ ਸਰਵਿਸ ਅਨੁਸਾਰ ਇਹ ਤੂਫ਼ਾਨ ਦੱਖਣੀ ਟੈਕਸਾਸ ਤੋਂ ਉਤਰੀ ਮੇਨੇ ਤੱਕ 2000 ਮੀਲ ਤੋਂ ਵਧ ਦੀ ਪੱਟੀ ਵਿਚ ਫੈਲਿਆ ਹੋਇਆ ਹੈ। ਕੈਪੀਟਲ ਮੌਸਮ ਵਿਭਾਗ ਅਨੁਸਾਰ ਅਗਲੇ ਕੁਝ ਦਿਨਾਂ ਦੌਰਾਨ ਤੂਫ਼ਾਨ ਨਾਲ ਸਬੰਧਤ ਖੇਤਰਾਂ ਵਿਚ ਤਾਪਮਾਨ ਜ਼ੀਰੋ ਤੋਂ ਹੇਠਾਂ ਡਿਗ ਸਕਦਾ ਹੈ ਜਿਸ ਕਾਰਨ ਲੋਕਾਂ ਦੀਆਂ ਮੁਸ਼ਕਿਲਾਂ ਹੋਰ ਵਧ ਸਕਦੀਆਂ ਹਨ। ਟਰਾਂਸਪੋਰਟੇਸ਼ਨ ਸਕੱਤਰ ਜਿਮ ਗੈਰੀ ਨੇ



ਕਿਹਾ ਹੈ ਕੈਨਟਕੀ ਵਿਚ ਬਰਫ਼ਬਾਰੀ ਕਾਰਨ ਵਾਪਰੀਆਂ ਦੋ ਵੱਖ ਵੱਖ ਘਟਨਾਵਾਂ ਵਿਚ ਦੋ ਵਿਅਕਤੀ ਮਾਰੇ ਗਏ ਹਨ। ਗੈਰੀ ਨੇ ਲੋਕਾਂ ਨੂੰ ਕਿਹਾ ਹੈ ਕਿ ਉਹ ਪੂਰੀ ਤਰਾਂ ਖ਼ਤਰਨਾਕ ਬਣ ਚੁੱਕੀਆਂ ਸੜਕਾਂ ਉੱਪਰ ਨਾ ਆਉਣ। ਲੁਈਸਿਆਨਾ ਦੇ ਸਿਹਤ ਵਿਭਾਗ ਅਨੁਸਾਰ ਇਕ 50 ਸਾਲਾ ਵਿਅਕਤੀ ਦਾ ਸਿਰ ਬਰਫ਼ ਉੱਪਰ ਤਿਲਕ ਜਾਣ ਕਾਰਨ ਜਮੀਨ ਉੱਪਰ ਵੱਜਾ ਤੇ ਉਸ ਦੀ ਮੌਕੇ ਉੱਪਰ ਹੀ ਮੌਤ ਹੋ ਗਈ। ਗਵਰਨਰ ਜੌਹਨ ਬੈਲ ਐਡਵਰਡਜ ਨੇ ਕਿਹਾ ਹੈ ਕਿ ਲੁਈਸਿਆਨਾ ਦੀਆਂ ਸੜਕਾਂ ਉੱਪਰ ਆਵਾਜਾਈ ਸੰਭਵ ਨਹੀਂ ਹੈ। ਰਾਜ ਵਿਚ 150 ਹਾਦਸਿਆਂ ਦੀ ਰਿਪੋਰਟ ਹੈ ਜਿਨਾਂ ਵਿਚ ਕਈ ਲੋਕ ਜ਼ਖ਼ਮੀ ਹੋਏ ਹਨ। ਕਈ ਜ਼ਖ਼ਮੀਆਂ ਦੀਆਂ ਸੱਟਾਂ ਗੰਭੀਰ ਹਨ। ਕਰੋੜਾਂ ਲੋਕਾਂ ਨੂੰ ਬਿਜਲੀ ਨਾ ਮਿਲਣ ਕਾਰਨ ਉਨਾਂ ਲਈ ਹਾਲਾਤ ਹੋਰ ਗੰਭੀਰ ਹੋ ਗਏ ਹਨ। ਇਕੱਲੇ ਟੈਕਸਾਸ ਵਿਚ 36 ਲੱਖ ਲੋਕ ਹਨੇਰੇ ਵਿਚ ਰਹਿ ਰਹੇ ਹਨ ਤੇ ਬਿਜਲੀ ਦੀ ਸਪਲਾਈ ਕਦੋਂ ਬਹਾਲ ਹੋਵੇਗੀ ਇਸ ਬਾਰੇ ਅਜੇ ਨਿਸ਼ਚਿਤ ਤੌਰ 'ਤੇ ਕੁਝ ਵੀ ਨਹੀਂ ਕਿਹਾ ਜਾ ਰਿਹਾ। ਇਲੈਕਟ੍ਰਿਕ ਰੀਲਾਏਬਿਲਟੀ ਕੌਂਸਲ ਟੈਕਸਾਸ (ਐਰਕਾਟ) ਨੇ ਇਕ ਟਵੀਟ ਵਿਚ ਕਿਹਾ ਹੈ ਕਿ 'ਉਹ ਟੈਕਸਾਸ ਵਾਸੀਆਂ ਨੂੰ ਬੇਨਤੀ ਕਰਦੇ ਹਨ ਕਿ ਉਹ ਸੁਰੱਖਿਆ ਨੂੰ ਪਹਿਲ ਦੇਣ।' ਰਾਜ ਵਿਚ ਆਰਥੁਰ ਬੰਦਰਗਾਹ ਵਿਖੇ ਸਥਿਤ ਅਮਰੀਕਾ ਦੀ ਵੱਡੀ ਤੇਲ ਰਿਫਾਈਨਰੀ ਖ਼ਰਾਬ ਮੌਸਮ ਕਾਰਨ ਬੰਦ ਕਰ ਦਿੱਤੀ ਗਈ ਹੈ।

# 100 ਤੋਂ ਵੱਧ ਕਾਰਾਂ ਦੇ ਇੱਕੋ ਵਾਰ ਹੋਏ ਐਕਸੀਡੈਂਟ ਵਿਚ 6 ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ : ਹੁਸਨ ਲੜੋਆ ਬੰਗਾ** : ਫੋਰਟ ਵਰਥ, ਟੈਕਸਾਸ ਵਿੱਚ ਇੱਕ ਵੱਡੇ ਫ੍ਰੀਵੇਅ ਐਕਸੀਡੈਂਟ ਵਿੱਚ ਜਿਸ ਵਿੱਚ ਸੌ ਤੋਂ ਵੱਧ ਕਾਰਾਂ ਤੇ ਟਰੱਕਾਂ ਦਾ ਐਕਸੀਡੈਂਟ ਹੋਣ ਕਾਰਨ ਛੇ ਵਿਅਕਤੀਆਂ ਦੀ ਮੌਤ ਹੋ ਗਈ ਹੈ ਤੇ ਸਾਰੇ ਦੇ ਸਾਰੇ ਵਹੀਕਲ ਨੁਕਸਾਨੇ ਗਏ ਤੇ ਬਹੁਤੇ ਵਹੀਕਲ ਤਾਂ ਪੂਰੇ ਨੁਕਸਾਨੇ ਗਏ। ਪੁਲਿਸ ਤੇ ਅੱਗ ਬੁਝਾਊ ਵਿਭਾਗ ਨੇ ਦੱਸਿਆ ਕਿ ਵੀਰਵਾਰ ਸਵੇਰੇ ਆਈ -35 'ਤੇ ਹੋਏ ਹਾਦਸੇ ਵਿਚ 100 ਤੋਂ ਜ਼ਿਆਦਾ ਵਾਹਨ ਸ਼ਾਮਲ ਸਨ ਅਤੇ ਕਈ ਲੋਕ ਉਨਾਂ ਦੀਆਂ ਕਾਰਾਂ ਵਿਚ ਫਸੇ ਕੱਢੇ ਗਏ। ਇਸ ਦੌਰਾਨ ਅਧਿਕਾਰੀਆਂ ਨੇ ਕਿਹਾ ਕਿ ਪੈਂਹਠ ਲੋਕ ਜ਼ਖ਼ਮੀ ਹੋਏ ਸਨ। ਪੁਲਿਸ ਨੇ ਦੱਸਿਆ ਕਿ ਘਟਨਾ ਸਥਾਨ ਤੋਂ 32 ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ, ਇਹ ਦੁਰਘਟਨਾ ਜਿਸ





ਵਿੱਚ ਸਾਰੇ ਵਹੀਕਲ ਸ਼ਾਮਲ ਸਨ ਲਗਭਗ 1 ਮੀਲ ਲੰਬਾ ਸੀ। ਪੁਲਿਸ ਨੇ ਕਿਹਾ ਕਿ ਬਹੁਤ ਸਾਰੇ ਜ਼ਖ਼ਮੀਆਂ ਦਾ ਮੌਕੇ 'ਤੇ ਇਲਾਜ ਕੀਤਾ ਗਿਆ ਜਦ ਕਿ ਦੂਸਰੇ ਸੀਰੀਅਸ ਹਸਪਤਾਲਾਂ ਵਿੱਚ ਹਨ। ਫੋਰਟ ਵਰਥ ਪੁਲਿਸ ਨੇ ਕਿਹਾ ਕਿ ਕਰੈਸ਼ ਮੌਸਮ ਦੇ ਕਾਰਨ ਹੋਇਆ ਸੀ ਤੇ ਠੰਡ ਦੀ ਬਾਰਸ਼ ਕਾਰਨ ਫੋਰਟ ਵਰਥ ਖੇਤਰ ਦੀਆਂ ਸੜਕਾਂ ਵੀ ਕਾਰਨ ਬਣੀਆਂ ਫੋਰਟ ਵਰਥ ਪੁਲਿਸ ਨੇ ਕਿਹਾ ਕਿ ਬਰਫ਼ ਸੰਭਾਵਤ ਤੌਰ ਤੇ ਇੱਕ ਕਾਰਨ ਸੀ। 'ਫੋਰਟ ਵਰਥ ਦੇ ਮੇਅਰ ਬੇਟਸੀ ਪ੍ਰਾਈਸ ਨੇ ਟਵੀਟ ਕੀਤਾ ਕਿ 'ਮੇਰਾ ਦਿਲ ਸਾਡੀ ਕਮਿਊਨਿਟੀ ਲਈ ਟੁੱਟ ਰਿਹਾ ਹੈ, ਇੱਥੇ ਸਭ ਤੋਂ ਵੱਧ ਜ਼ਰੂਰਤ ਤੁਹਾਡੇ ਲਈ ਪ੍ਰਾਰਥਨਾਵਾਂ ਦੀ ਹੈ।' ਪੁਲਿਸ ਨੇ ਦੱਸਿਆ ਕਿ ਘਟਨਾ ਸਥਾਨ ਤੋਂ 32 ਵਿਅਕਤੀਆਂ ਨੂੰ ਲਿਜਾਇਆ ਗਿਆ, ਜਿਨਾਂ ਵਿੱਚ ਤਿੰਨ ਦੀ ਹਾਲਤ ਗੰਭੀਰ ਬਣੀ ਹੋਈ ਹੈ।

# ਕੈਨੇਡਾ 'ਚ ਐਂਟਰੀ ਤੋਂ ਪਹਿਲਾਂ ਪੇਸ਼ ਕਰਨੀ ਪਵੇਗੀ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ

ਓਟਾਵਾ : ਕੈਨੇਡਾਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਦੇ ਬਾਰਡਰ ਜਰੀਏ ਗ਼ੈਰਜ਼ਰੂਰੀ ਸੈਲਾਨੀ ਦੇਸ਼ ਵਿਚ ਐਂਟਰ ਕਰ ਰਹੇ ਹਨ ਤੇ ਉਨਾਂ ਨੂੰ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਪੇਸ਼ ਕਰਨੀ ਪਵੇਗੀ। ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਟਰੂਡੋ ਨੇ ਕਿਹਾ, '15 ਫਰਵਰੀ ਤੋਂ ਜਦੋਂ ਤੁਸੀਂ ਬਾਰਡਰ ਜਰੀਏ ਕੈਨੇਡਾ ਵਾਪਸ ਆਉਗੇ ਤਾਂ ਤੁਹਾਨੂੰ 72 ਘੰਟੇ ਦੇ ਅੰਦਰ ਕਰਵਾਏ ਗਏ ਟੈਸਟ ਦਾ ਨਤੀਜਾ ਦਿਖਾਉਣਾ ਪਵੇਗਾ ਜਿਵੇਂ ਹੁਣ ਤਕ ਹਵਾਈ ਯਾਤਰਾ ਵਿਚ ਦਿਖਾਉਂਦੇ ਸੀ।' ਜਿਹੜੇ ਇਹ ਟੈਸਟ ਰਿਜਲਟ ਨਹੀਂ ਦਿਖਾਉਣਗੇ ਉਨਾਂ ਨੂੰ ਸਜਾ ਦਿੱਤੀ ਜਾਵੇਗੀ ਤੇ ਨਾਲ ਹੀ ਜੁਰਮਾਨਾ ਵੀ ਲਗਾਇਆ ਜਾਵੇਗਾ। ਪਿਛਲੇ ਸਾਲ ਮਾਰਚ ਮਹੀਨੇ ਤੋਂ ਹੀ ਕੈਨੇਡਾ-ਅਮਰੀਕਾ ਸਰਹੱਦ ਬੰਦ ਹੈ। ਟਰੂਡੋ ਨੇ ਦੱਸਿਆ ਕਿ ਉਨਾਂ ਦੀ ਸਰਕਾਰ ਕੁਝ ਹੋਰ ਨਵੇਂ ਫ਼ੈਸਲੇ ਲਵੇਗੀ ਜਿਸ ਤਹਿਤ ਹੈਲਥ ਕੈਨੇਡਾ ਇਸ ਦਾ ਫਾਲੋਅਪ ਲਵੇਗੀ ਤੇ ਲੋਕਾਂ ਦੇ ਟੈਸਟ ਦੇ ਨਾਲ ਹੀ ਉਨਾਂ ਨੂੰ ਕੁਆਰੰਟਾਈਨ ਵੀ ਕਰੇਗੀ।

ਦੱਸ ਦੇਈਏ ਕਿ ਅੱਜ ਕੱਲ ਜਹਾਜ਼ ਤੋਂ ਜ਼ਿਆਦਾ ਵਾਹਨਾਂ ਜ਼ਰੀਏ ਲੋਕ ਕੈਨੇਡਾ ਆ ਰਹੇ ਹਨ। ਕੈਨੇਡਾ ਬਾਰਡਰ ਸਰਵਿਸਿਜ ਏਜੰਸੀ ਵੱਲੋਂ ਜਾਰੀ ਅੰਕੜਿਆਂ ਅਨੁਸਾਰ 2.9 ਮਿਲੀਅਨ ਲੋਕ ਵਾਹਨਾਂ ਜਰੀਏ ਸਰਹੱਦ ਪਾਰ ਕਰ ਰਹੇ ਹਨ ਜਦਕਿ 2.4 ਮਿਲੀਅਨ ਲੋਕ ਉਡਾਣਾਂ ਜ਼ਰੀਏ ਇੱਥੇ ਆ ਰਹੇ ਹਨ। ਕੈਨੇਡਾ ਵਿਚ ਹੁਣ ਤਕ ਕੁੱਲ ਕੋਰੋਨਾ ਵਾਇਰਸ ਇਨਫੈਕਸ਼ਨ ਦੇ ਮਾਮਲੇ 8,10,166 ਹਨ ਉੱਥੇ ਹੀ ਇਸ ਕਾਰਨ ਹੋਣ ਵਾਲੀਆਂ ਮੌਤਾਂ ਦਾ ਅੰਕੜਾ 20,893 ਹੈ।

# ਸੀਰਮ ਦੀ ਕੋਰੋਨਾ ਵੈਕਸੀਨ ਨੂੰ ਵਿਸ਼ਵ ਸਿਹਤ ਸੰਗਠਨ ਨੇ ਦਿੱਤੀ ਹਰੀ ਝੰਡੀ

## ਦੁਨੀਆ ਭਰ 'ਚ ਐਮਰਜੈਂਸੀ ਵਰਤੋਂ ਦੀ ਮਨਜ਼ੂਰੀ

**ਨਿਊਯਾਰਕ/ਏ.ਟੀ.ਨਿਊਜ਼**: ਵਿਸ਼ਵ ਸਿਹਤ ਸੰਗਠਨ ਨੇ ਐਸਟ੍ਰਾਜੈਨੇਕਾ ਤੇ ਆਕਸਫੋਰਟ ਯੂਨੀਵਰਸਿਟੀ ਦੇ ਕੋਰੋਨਾ ਟੀਕੇ ਨੂੰ ਐਮਰਜੈਂਸੀ ਵਰਤੋਂ ਦੀ ਮਨਜ਼ੂਰੀ ਦਿੱਤੀ ਹੈ। ਪੁਣੇ ਸਥਿਤ ਸੀਰਮ ਇੰਸਟੀਚਿਊਟ ਆਫ ਇੰਡੀਆ ਨੇ ਇਸ ਟੀਕੇ ਨੂੰ ਕੋਵਿਸ਼ੀਲਡ ਦੇ ਨਾਂ ਨਾਲ ਤਿਆਰ ਕੀਤਾ ਹੈ। ਇਸ ਮਨਜ਼ੂਰੀ ਤੋਂ ਬਾਅਦ ਮਹਾਮਾਰੀ ਨਾਲ ਨਜਿੱਠਣ ਲਈ ਸੰਯੁਕਤ ਰਾਸ਼ਟਰ ਦੀ ਮਦਦ ਨਾਲ ਦੁਨੀਆ ਭਰ ਦੇ ਦੇਸ਼ਾਂ ਵਿਚ ਵੈਕਸੀਨ ਦੀਆਂ ਲੱਖਾਂ ਡੋਜ ਪਹੁੰਚ ਸਕਣਗੀਆਂ।

ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਨੇ ਕਿਹਾ ਕਿ ਉਸ ਨੇ ਸੀਰਮ ਇੰਸਟੀਚਿਊਟ ਆਫ ਇੰਡੀਆ ਤੇ ਦੱਖਣੀ ਕੋਰੀਆ ਦੀ ਐਸਟ੍ਰਾਜੈਨੇਕਾ-ਐਸਕੇਬਾਇਓ ਵੱਲੋਂ ਬਣਾਏ ਜਾ ਰਹੇ ਐਸਟ੍ਰੋਜੈਨੇਕਾ ਟੀਕੇ ਨੂੰ ਐਮਰਜੈਂਸੀ ਮਨਜ਼ੂਰੀ ਦਿੱਤੀ ਹੈ। ਡਬਲਯੂਐੱਚਓ ਵੱਲੋਂ ਐਸਟ੍ਰਾਜੈਨੇਕਾ ਦੇ ਕੋਰੋਨਾ ਟੀਕੇ ਨੂੰ ਹਰੀ ਝੰਡੀ ਮਿਲਣ ਦੇ ਨਾਲ ਹੀ ਗਰੀਬ ਦੇਸ਼ਾਂ ਵਿਚ ਵੀ ਇਸ ਦੀ ਖ਼ੁਰਾਕ ਪਹੁੰਚਣੀ ਯਕੀਨੀ ਹੋ ਸਕੇਗੀ।

ਪਿਛਲੇ ਹਫਤੇ ਡਬਲਯੂਐੱਚਓ ਦੇ ਮਾਹਿਰ ਸਮੂਹ ਨੇ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਐਸਟ੍ਰਾਜੈਨੇਕਾ ਟੀਕੇ ਦੇ ਇਸਤੇਮਾਲ ਦੀ ਸਿਫਾਰਸ਼ ਕੀਤੀ ਸੀ।

# ਪਰੋਨੀਤਾ ਗੁਪਤਾ ਰਾਸ਼ਟਰਪਤੀ ਬਾਇਡੇਨ ਦੀ ਵਿਸ਼ੇਸ਼ ਸਹਾਇਕ ਨਿਯੁਕਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**: ਭਾਰਤੀ ਮੂਲ ਦੀ ਅਮਰੀਕੀ ਨਾਗਰਿਕ ਪਰੋਨੀਤਾ ਗੁਪਤਾ ਨੂੰ ਰਾਸ਼ਟਰਪਤੀ ਜੋਅ ਬਾਇਡੇਨ ਦੀ ਕਿਰਤੀਆਂ ਸਬੰਧੀ ਵਿਸ਼ੇਸ਼ ਸਹਾਇਕ ਨਿਯੁਕਤ ਕੀਤਾ ਗਿਆ ਹੈ। ਵਾਈਟ ਹਾਊਸ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਪਰੋਨੀਤਾ ਗੁਪਤਾ ਵਰਕਰਾਂ ਦੀਆਂ ਨੌਕਰੀਆਂ ਵਿੱਚ ਸੁਧਾਰ ਸਬੰਧੀ ਨੀਤੀਆਂ ਨੂੰ ਸਮਰਪਿਤ ਹੈ ਤੇ ਉਹ ਘੱਟ ਆਮਦਨੀ ਵਾਲੇ ਕੰਮਕਾਜੀ ਪਰਿਵਾਰਾਂ ਦੀ ਆਰਥਕ ਸੁਰੱਖਿਆ ਸਬੰਧੀ ਕੰਮ ਕਰੇਗੀ। ਸੈਂਟਰ ਫਾਰ ਲਾਅ ਐਂਡ ਸੋਸ਼ਲ ਪਾਲਸੀ ਨੇ ਪਰੋਨੀਤਾ ਗੁਪਤਾ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਉਹ ਇਕ ਵਿਲੱਖਣ ਆਗੂ ਹੈ ਜੋ ਘੱਟ ਆਮਦਨੀ ਵਾਲੇ ਤੇ ਕਾਲੇ ਲੋਕਾਂ ਦੀ ਭਲਾਈ ਨੂੰ ਸਮਰਪਿਤ ਹੈ।

# 'ਤਹਿਰੀਕ ਦੇ ਪੰਨਿਆਂ ਉਤੇ ਫਤਿਹ ਲਿਖ ਦਿਓ' ਸਤਿੰਦਰ ਸਰਤਾਜ




ਸੁਰਾਂ ਦੇ ਬਾਦਸ਼ਾਹ ਸਤਿੰਦਰ ਸਰਤਾਜ ਇਕ ਵਾਰ ਫੇਰ ਸਰੋਤਿਆਂ ਦੀ ਕਚਹਿਰੀ ਵਿਚ ਰੂਹਾਨੀਅਤ ਦੇ ਹਰਫ਼ਾਂ ਨੂੰ ਅਤੇ ਕਿਸਾਨੀ ਮੋਰਚੇ ਨੂੰ ਸਮਰਪਿਤ ਆਪਣੀ ਲਿਖਤ ਨੂੰ 'ਤਹਿਰੀਕ' ਦੇ ਨਾਮ ਹੇਠ ਲੈ ਕੇ ਆਏ ਹਨ ਜਿਸ ਵਿੱਚ 1907 ਤੋਂ ਲੈ ਕੇ 2021 ਤੱਕ ਆਮ ਵਰਗ ਦੇ ਲੋਕਾਂ ਨੇ ਹਕੂਮਤ ਦੇ ਖ਼ਿਲਾਫ਼ ਜਿੰਨੇ ਵੀ ਆਪਸੀ ਭਾਈਚਾਰਕ ਸੰਘਰਸ਼ ਰਾਹੀਂ ਅੰਦੋਲਨ ਕੀਤੇ ਉਨ੍ਹਾਂ ਦੀ ਦਾਸਤਾਨ ਇਸ ਵਿੱਚ ਬਿਆਨ ਕੀਤੀ ਗਈ ਹੈ । ਕੁਝ ਕੁ ਮਿੰਟਾਂ ਦੇ ਇਸ ਸੰਗੀਤਕ ਸਫ਼ਰ ਵਿੱਚ ਸਤਿੰਦਰ ਸਰਤਾਜ ਨੇ ਉਨ੍ਹਾਂ ਰੂਹਾਨੀ ਚਿਹਰਿਆਂ ਨੂੰ ਲੋਕ ਮਾਨਸਿਕਤਾ ਦੇ ਚੇਤਿਆਂ ਦਾ ਭਾਗ ਬਣਾ ਦਿੱਤਾ ਹੈ ਜਿਨ੍ਹਾਂ ਨੂੰ ਮਨੁੱਖੀ ਬਿਰਤੀ ਦਿਨ ਪ੍ਰਤੀ ਦਿਨ ਮਨੋ ਵਿਸਾਰ ਰਹੀ ਸੀ। ਸਤਿੰਦਰ ਸਰਤਾਜ ਸਮੇ ਦੀ ਉਹ ਫ਼ਨਕਾਰ ਹਨ , ਜਿਨ੍ਹਾਂ ਦੀ ਲਿਖਤ ਅਤੇ ਬੋਲਾਂ ਵਿੱਚ ਇਤਿਹਾਸ ,ਵਰਤਮਾਨ ਅਤੇ ਭਵਿੱਖ ਛੁਪਿਆ ਹੁੰਦਾ ਹੈ ਜਿਸ ਦਾ ਪ੍ਰਤੱਖ ਪ੍ਰਮਾਣ 'ਤਹਿਰੀਕ' ਹੈ ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਕਿਸਾਨ ਮਹਾਪੰਚਾਇਤਾਂ ਪੰਜਾਬ ’ਚ ਨਹੀਂ ਹੋਣਗੀਆਂ : ਕਿਸਾਨ ਆਗੂ

## ਕਿਸਾਨ ਦਿੱਲੀ ਦੇ ਬਾਰਡਰਾਂ ’ਤੇ ਲੱਗੇ ਧਰਨਿਆਂ ’ਚ ਹੋਣ ਸ਼ਾਮਲ

**ਰੋਹਤਕ/ਏ.ਟੀ.ਨਿਊਜ਼:** ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਵਿਚ ਹੁਣ ਕਿਸਾਨ ਮਹਾਪੰਚਾਇਤਾਂ ਨਹੀਂ ਹੋਣਗੀਆਂ। ਇਸ ਦੀ ਥਾਂ ਕਿਸਾਨ ਦਿੱਲੀ ਦੇ ਬਾਰਡਰਾਂ ’ਤੇ ਲੱਗੇ ਧਰਨਿਆਂ ਵਿਚ ਸ਼ਾਮਲ ਹੋਣ। ਇਕ ਸਵਾਲ ਦੇ ਜਵਾਬ ’ਚ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ, ‘ਅਸੀਂ ਸਾਰੇ ਦੇਸ਼ ਦਾ ਦੌਰਾ ਕਰਾਂਗੇ, ਅਸੀਂ ਪੱਛਮੀ ਬੰਗਾਲ ਵੀ ਜਾਵਾਂਗੇ। ਪੱਛਮੀ ਬੰਗਾਲ ਵਿਚ ਵੀ ਕਿਸਾਨ ਦਿੱਕਤਾਂ ਦਾ ਸਾਹਮਣਾ ਕਰ ਰਹੇ ਹਨ। ਉਨਾਂ ਨੂੰ ਫਸਲਾਂ ਦਾ ਸਹੀ ਮੁੱਲ ਨਹੀਂ ਮਿਲ ਰਿਹਾ। ਇਹ ਪੁੱਛੇ ਜਾਣ ’ਤੇ ਕਿ ਉਨਾਂ ਦੀ ਯਾਤਰਾ ਪੱਛਮੀ ਬੰਗਾਲ ਵਿਚ ਆਉਂਦੀਆਂ ਚੋਣਾਂ ਨੂੰ ਧਿਆਨ ’ਚ ਰੱਖ ਕੇ ਕੀਤੀ ਜਾਵੇਗੀ, ਟਿਕੈਤ ਨੇ ਕਿਹਾ, ‘ਅਸੀਂ ਉੱਥੇ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਜਾਵਾਂਗੇ।’

ਹਰਿਆਣਾ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਕਿਹਾ, ‘ਜਿੱਥੋਂ ਤਕ ਪੱਛਮੀ ਬੰਗਾਲ ਦਾ ਸਬੰਧ ਹੈ, ਜੇ ਭਾਜਪਾ ਦੇ ਉਮੀਦਵਾਰ ਹਾਰਦੇ ਹਨ ਤਾਂ ਸਾਡਾ ਅੰਦੋਲਨ ਕਾਮਯਾਬ ਹੋਵੇਗਾ। ਪੱਛਮੀ ਬੰਗਾਲ ਵਿਚ ਵੀ ਲੋਕ ਖੇਤੀ ’ਤੇ ਨਿਰਭਰ ਹਨ। ਅਸੀਂ ਉੱਥੇ ਜਾਵਾਂਗੇ ਤੇ ਲੋਕਾਂ ਨੂੰ ਅਪੀਲ ਕਰਾਂਗੇ ਕਿ ਜਿਹੜੇ ਸਾਡੀ ਰੋਜ਼ੀ ਰੋਟੀ ਖੋਹ ਰਹੇ ਹਨ, ਉਨਾਂ ਨੂੰ ਵੋਟ ਨਾ ਦਿਓ। ਉਨਾਂ ਕਿਹਾ ਕਿ ਅਸੀਂ ਉੱਥੇ ਚੋਣਾਂ ਵਿਚ ਕਿਸੇ ਦੀ ਮਦਦ ਕਰਨ ਲਈ ਜਾ ਰਹੇ ਪਰ ਅਸੀਂ ਉੱਥੇ ਰੈਲੀਆਂ ਕਰ ਕੇ ਲੋਕਾਂ ਨੂੰ ਜਾਗਰੂਕ ਕਰਾਂਗੇ। ਉਹ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਨੂੰ ਕਹਾਂਗੇ ਕਿ ਇਹ ਕਾਨੂੰਨ ਕਾਰਪੋਰੇਟ ਹਮਾਇਤੀ ਹਨ।

ਚੜੂਨੀ ਨੇ ਕਿਹਾ, ਸਰਕਾਰਾਂ ਲੋਕਾਂ ਤੋਂ ਉੱਪਰ ਨਹੀਂ ਹਨ ਤੇ ਉਨਾਂ ਨੂੰ ਅੰਦੋਲਨ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਮੰਨਣੀਆਂ ਹੀ ਪੈਣਗੀਆਂ। ਇਸ ਤੋਂ ਪਹਿਲਾਂ ਟਿਕੈਤ ਤੇ ਹੋਰ ਕਿਸਾਨ ਆਗੂਆਂ ਨੇ ਸਰ ਛੋਟੂ ਰਾਮ ਨੂੰ ਸ਼ਰਧਾਂਜਲੀ ਭੇਟ ਕੀਤੀ।

# ਦੀਪ ਸਿੱਧੂ ਦਾ 7 ਦਿਨਾਂ ਲਈ ਹੋਰ ਵਧਾਇਆ ਗਿਆ ਪੁਲਿਸ ਰਿਮਾਂਡ



**ਨਵੀਂ ਦਿੱਲੀ/ਏ.ਟੀ.ਨਿਊਜ਼:** ਦਿੱਲੀ ’ਚ ਲਾਲ ਕਿਲਾ ਹਿੰਸਾ ਦੇ ਮੁੱਖ ਦੋਸ਼ੀ ਸਮਝੇ ਜਾਂਦੇ ਦੀਪ ਸਿੱਧੂ ਦੀ ਪੁਲਿਸ ਹਿਰਾਸਤ 7 ਦਿਨਾਂ ਲਈ ਹੋਰ ਵਧਾ ਦਿੱਤੀ ਗਈ ਹੈ। ਕੋਰਟ ਵਿਚ ਪੇਸ਼ੀ ਦੌਰਾਨ ਕ੍ਰਾਈਮ ਬਰਾਂਚ ਵੱਲੋਂ ਦੀਪ ਦੀ ਰਿਮਾਂਡ ਵਧਾਉਣ ਦੀ ਮੰਗ ਕੀਤੀ ਗਈ ਸੀ, ਜਿਸ ਤੋਂ ਬਾਅਦ ਕੋਰਟ ਨੇ ਇਹ ਫ਼ੈਸਲਾ ਲਿਆ ਹੈ। ਇਸ ਤੋਂ ਪਹਿਲਾਂ ਵੀ ਹਿੰਸਾ ਦੇ ਮੁੱਖ ਦੋਸ਼ੀ ਦੀਪ ਸਿੱਧੂ ਨੂੰ 7 ਦਿਨਾਂ ਦੇ ਪੁਲਿਸ ਰਿਮਾਂਡ ’ਤੇ ਭੇਜਿਆ ਗਿਆ ਸੀ। ਪੁਲਿਸ ਸੂਤਰਾਂ ਅਨੁਸਾਰ ਕ੍ਰਾਈਮ ਬਰਾਂਚ ਦੀ ਲੰਬੀ ਪੁੱਛ-ਗਿੱਛ ਵਿਚ ਦੀਪ ਨੇ ਲਾਲ ਕਿਲਾ ਹਿੰਸਾ ਨੂੰ ਲੈ ਕੇ ਕਈ ਹੈਰਾਨ ਕਰਨ ਵਾਲੇ ਖ਼ੁਲਾਸੇ ਕੀਤੇ ਸਨ। ਦਿੱਲੀ ਹਿੰਸਾ ਦੀ ਯੋਜਨਾ ਦਾ ਪਰਦਾਫਾਸ਼ ਕਰਨ ਲਈ ਕ੍ਰਾਈਮ ਬਰਾਂਚ ਦੇ ਜੁਆਇੰਟ ਕਮਿਸ਼ਨਰ ਬੀ.ਕੇ. ਸਿੰਘ ਅਤੇ ਡੀ.ਸੀ.ਪੀ. ਮੋਨਿਕਾ ਭਾਰਦਵਾਜ ਨੇ ਵੀ ਦੀਪ ਸਿੱਧੂ ਤੋਂ ਪੁੱਛ-ਗਿੱਛ ਕੀਤੀ। ਇਸ ਤੋਂ ਇਲਾਵਾ ਆਈ.ਬੀ. ਦੇ ਅਧਿਕਾਰੀ ਵੀ ਦੀਪ ਤੋਂ ਪੁੱਛਗਿੱਛ ਵਿਚ ਸ਼ਾਮਲ ਹੋਏ ਸਨ।

ਦੱਸਣਯੋਗ ਹੈ ਕਿ 26 ਜਨਵਰੀ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਦਰਸ਼ਨਕਾਰੀ ਕਿਸਾਨ ਬੈਰੀਕੇਡ ਤੋੜ ਕੇ ਰਾਸ਼ਟਰੀ ਰਾਜਧਾਨੀ ਵਿਚ ਦਾਖਲ ਹੋ ਗਏ ਸਨ ਅਤੇ ਆਈ.ਟੀ.ਓ. ਸਮੇਤ ਹੋਰ ਥਾਵਾਂ ’ਤੇ ਉਨਾਂ ਦੀਆਂ ਪੁਲਿਸ ਮੁਲਾਜ਼ਮਾਂ ਨਾਲ ਝੜਪਾਂ ਹੋਈਆਂ ਸਨ। ਕਈ ਪ੍ਰਦਰਸ਼ਨਕਾਰੀ ਟਰੈਕਟਰ ਚਲਾਉਂਦੇ ਹੋਏ ਲਾਲ ਕਿਲਾ ਪਹੁੰਚ ਗਏ ਅਤੇ ਇਤਿਹਾਸਕ ਸਮਾਰਕ ਵਿਚ ਪ੍ਰਵੇਸ਼ ਕਰ ਗਏ ਅਤੇ ਉਸ ਨੇ ਪ੍ਰਾਚੀਨ ’ਤੇ ਇਕ ਧਾਰਮਿਕ ਝੰਡਾ ਲਗਾ ਦਿੱਤਾ।

# 24 ਕਿਸਾਨ ਟਰੈਕਟਰ ਪਰੇਡ ਮਗਰੋਂ ਅਜੇ ਵੀ ਲਾਪਤਾ

## ਕਿਸਾਨ ਵੱਲੋਂ ਜਾਰੀ ਕੀਤੀ ਲਿਸਟ

**ਚੰਡੀਗੜ /ਏ.ਟੀ.ਨਿਊਜ਼:** ਦਿੱਲੀ ’ਚ 26 ਜਨਵਰੀ ਦੀ ਟਰੈਕਟਰ ਪਰੇਡ ਵਿਚ ਹਿੱਸਾ ਲੈਣ ਲਈ ਹਰਿਆਣਾ-ਪੰਜਾਬ ਤੋਂ ਕਈ ਕਿਸਾਨ ਗਏ ਸੀ। ਇਸ ਦੌਰਾਨ ਹੋਈਆਂ ਹਿੰਸਕ ਘਟਨਾਵਾਂ ’ਚ ਦਿੱਲੀ ਪੁਲਿਸ ਨੇ ਕਈਆਂ ਨੂੰ ਹਿਰਾਸਤ ਵਿਚ ਲਿਆ ਤੇ ਲਿਸਟ ਜਾਰੀ ਕਰ ਇਸ ਬਾਰੇ ਜਾਣਕਾਰੀ ਵੀ ਦਿੱਤੀ। ਹੁਣ ਖ਼ਬਰ ਹੈ ਕਿ ਇਸ ਘਟਨਾ ਮਗਰੋਂ ਅਜੇ ਵੀ ਕਰੀਬ 24 ਕਿਸਾਨ ਗ਼ਾਇਬ ਹਨ ਜਿਨਾਂ ਬਾਰੇ ਕੋਈ ਅਤਾ-ਪਤਾ ਨਹੀਂ ਲੱਗ ਰਿਹਾ।

ਦੱਸ ਦਈਏ ਕਿ ਹੁਣ ਮੁੜ ਤੋਂ ਸੰਯੁਕਤ ਕਿਸਾਨ ਮੋਰਚਾ ਨੇ ਇੱਕ ਲਿਸਟ ਤਿਆਰ ਕੀਤੀ ਹੈ ਤੇ ਇਨਾਂ ਗ਼ਾਇਬ ਹੋਏ ਕਿਸਾਨਾਂ ਬਾਰੇ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੱਸ ਦਈਏ ਕਿ ਇਨਾਂ ਗ਼ਾਇਬ ਕਿਸਾਨਾਂ ਵਿਚ ਕਈ ਅਜਿਹੇ ਹਨ ਜਿਨਾਂ ਦਾ ਇਨਾਂ ਤੋਂ ਇਲਾਵਾ ਉਨਾਂ ਦੇ ਪਰਿਵਾਰ ਦਾ ਕੋਈ ਹੋਰ ਸਹਾਰਾ ਨਹੀਂ।

ਟਰੈਕਟਰ ਪਰੇਡ ਦੌਰਾਨ ਦਿੱਲੀ ਵਿੱਚ ਹੋਏ ਹੰਗਾਮੇ ਤੋਂ ਬਾਅਦ 115 ਕਿਸਾਨਾਂ ਦੇ ਲਾਪਤਾ ਹੋਣ ਦੀ ਸੂਚੀ ਦਿੱਲੀ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਨੂੰ ਸੌਂਪੀ ਸੀ, ਪਰ ਹਰਿਆਣਾ, ਪੰਜਾਬ, ਦਿੱਲੀ ਤੇ ਯੂ.ਪੀ. ਦੇ ਬਹੁਤ ਸਾਰੇ ਕਿਸਾਨ ਹਨ, ਜਿਨਾਂ ਦਾ ਪਤਾ ਨਹੀਂ ਲੱਗ ਸਕਿਆ। ਸੰਯੁਕਤ ਕਿਸਾਨ ਮੋਰਚਾ ਨੇ ਕਿਸਾਨਾਂ ਦੀ ਸੂਚੀ ਤਿਆਰ ਕੀਤੀ ਹੈ ਜਿਸ ਤੋਂ ਉਨਾਂ ਦੀ ਭਾਲ ਕੀਤੀ ਜਾ ਸਕਦੀ ਹੈ। ਜਾਣਕਾਰੀ ਮੁਤਾਬਕ ਲਾਪਤਾ ਹੋਏ 24 ਕਿਸਾਨਾਂ ਵਿੱਚੋਂ 17 ਪੰਜਾਬ ਦੇ, ਪੰਜ ਹਰਿਆਣਾ ਦੇ ਤੇ ਇੱਕ-ਇੱਕ ਰਾਜਸਥਾਨ ਤੇ ਦਿੱਲੀ ਦੇ ਹਨ। ਪੰਜਾਬ ਦੇ ਕਈ ਕਿਸਾਨਾਂ ਦੇ ਪਰਿਵਾਰਾਂ ਨੂੰ ਦੱਸਿਆ ਗਿਆ ਸੀ ਕਿ ਉਹ ਜੇਲ ਵਿੱਚ ਹਨ ਪਰ ਦਿੱਲੀ ਪੁਲਿਸ ਦੀ ਸੂਚੀ ਮਗਰੋਂ ਪਰਿਵਾਰਕ ਮੈਂਬਰਾਂ ਦੀ ਚਿੰਤਾ ਵਧੀ ਹੈ। ਸੂਚੀ ਵਿੱਚ ਉਨਾਂ ਦਾ ਨਾਂ ਨਹੀਂ ਲਿਆ ਜਾ ਰਿਹਾ।

ਵਿਜੇਂਦਰ (ਕੰਡੇਲਾ ਜੀਂਦ, ਹਰਿਆਣਾ), ਰਾਜਵੀਰ (ਮੰਡੀ ਖੁਰਦ ਜੀਂਦ, ਹਰਿਆਣਾ), ਮਹਾਂਸਿੰਘ (ਮੋਠ ਹਿਸਾਰ, ਹਰਿਆਣਾ), ਮਨਜੀਤ ਸਿੰਘ(ਨੂਰਾਂਖੇੜ ਸੋਨੀਪਤ, ਹਰਿਆਣਾ), ਰਾਮਫਲ ਪੁੱਤਰ ਮਹਾਂਸਿੰਘ (ਕਰਮਾਲਾ ਜੀਂਦ, ਹਰਿਆਣਾ) ਨਿਸ਼ਾਨ (ਧੌਕ ਗੁਰਦਾਸਪੁਰ, ਪੰਜਾਬ), ਭੁਪੇਂਦਰ (ਮਹਾਮਾ ਚੱਕ ਡੇਰਾ ਬਾਬਾ ਨਾਨਕ, ਪੰਜਾਬ), ਜ਼ੋਰਾਵਰ (ਖੰਨਾ ਲੁਧਿਆਣਾ), ਹਰਪ੍ਰੀਤ ਸਿੰਘ (ਸੰਗਰੂਰ ਪੰਜਾਬ), ਜਸਬੀਰ ਸਿੰਘ (ਖੇੜਾ ਸੁਲਤਾਨ ਡੇਰਾ ਬਾਬਾ ਨਾਨਕ ਪੰਜਾਬ), ਸੁਖਵਿੰਦਰ ਸਿੰਘ (ਪਾਪਲੀ ਮੁਹਾਲੀ ਪੰਜਾਬ), ਗੁਰਦੀਪ ਸਿੰਘ (ਫ਼ਿਰੋਜਪੁਰ ਪੰਜਾਬ), ਬੂਟਾ ਸਿੰਘ (ਤਲਵੰਡੀ ਤਰਨ ਤਾਰਨ,ਪੰਜਾਬ), ਸੋਬਾ ਸਿੰਘ, ਜੁਗਵੀਰ ਸਿੰਘ (ਤਲਵੰਡੀ ਤਰਨਤਾਰਨ ਪੰਜਾਬ), ਗੁਰਜੰਟ (ਤਲਵੰਡੀ ਤਰਨਤਾਰਨ ਪੰਜਾਬ), ਗੁਰਜੋਤ (ਤਲਵੰਡੀ ਤਰਨ ਤਾਰਨ ਪੰਜਾਬ), ਜਸਵਿੰਦਰ ਸਿੰਘ (ਮਾਨਸਾ ਪੰਜਾਬ), ਤਬੇਬ (ਪਟਿਆਲਾ, ਪੰਜਾਬ),ਪੈਥਰ (ਪਟਿਆਲਾ, ਪੰਜਾਬ), ਕਿਰਨਕੀਰਤ ਸਿੰਘ (ਮੁਹਾਲੀ, ਪੰਜਾਬ), ਸਯੋਕਤ ਖਾਨ, ਅਲਵਰ( ਰਾਜਸਥਾਨ), ਪਰਮਜੀਤ ਸਿੰਘ (ਜਲੰਧਰ, ਪੰਜਾਬ), ਹਰਮਨ ਸਿੰਘ (ਰੋਪੜ, ਪੰਜਾਬ), ਧਰਮਿੰਦਰ ਸਿੰਘ (ਅਰਜੁਨ ਨਗਰ, ਦਿੱਲੀ)।

## ਵਿਦੇਸ਼ਾਂ ’ਚ ਭਾਰਤੀਆਂ ਦਾ ਬੋਲਬਾਲਾ

# 15 ਦੇਸ਼ਾਂ ਵਿਚ ਪ੍ਰਮੁੱਖ ਅਹੁਦਿਆਂ ’ਤੇ 200 ਭਾਰਤੀ ਬਿਰਾਜਮਾਨ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕਾ ਅਤੇ ਬ੍ਰਿਟੇਨ ਸਮੇਤ ਕਰੀਬ 15 ਦੇਸ਼ਾਂ ਵਿਚ ਭਾਰਤੀ ਮੂਲ ਦੇ 200 ਤੋਂ ਵਧੇਰੇ ਲੋਕ ਲੀਡਰਸ਼ਿਪ ਦੇ ਅਹੁਦਿਆਂ ’ਤੇ ਕਾਬਜ ਹਨ। ਭਾਰਤੀ ਭਾਈਚਾਰੇ ਦੇ ਵਿਚ ਕੰਮ ਕਰਨ ਵਾਲੇ ਅਮਰੀਕਾ ਸਥਿਤ ਇਕ ਸੰਗਠਨ ਦੇ ਮੁਤਾਬਕ, ਇਹਨਾਂ ਵਿਚੋਂ 60 ਲੋਕ ਕੈਬਨਿਟ ਰੈਂਕ ਦੇ ਅਹੁਦਿਆਂ ’ਤੇ ਕਾਬਿਜ ਹਨ। ‘2021 ਇੰਡੀਆਸਪੋਰਾ ਗਵਰਮੈਂਟ ਲੀਡਰਜ਼’ ਦੀ ਆਪਣੀ ਤਰਾਂ ਦੀ ਪਹਿਲੀ ਸੂਚੀ ਵਿਚ ਇਹ ਜਾਣਕਾਰੀ ਦਿੱਤੀ ਗਈ। ਇਸ ਸੂਚੀ ਲਈ ਤੱਥ ਸਰਕਾਰੀ ਵੈਬਸਾਈਟਾਂ ਅਤੇ ਜਨਤਕ ਤੌਰ ’ਤੇ ਉਪਲਬਧ ਸਰੋਤਾਂ ਤੋਂ ਜੁਟਾਏ ਗਏ ਹਨ। ਸਿਲੀਕਾਨ ਵੈਲੀ ਸਥਿਤ ਇੰਡੀਆਸਪੋਰਾ ਦੇ ਸੰਸਥਾਪਕ, ਉਦਯੋਗਪਤੀ ਅਤੇ ਨਿਵੇਸ਼ਕ ਐੱਮ.ਆਰ. ਰੰਗਾਸਵਾਮੀ ਨੇ ਕਿਹਾ ਕਿ ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ ਦੇ ਉਪ ਰਾਸ਼ਟਰਪਤੀ ਅਹੁਦੇ ’ਤੇ ਪਹਿਲੀ ਬੀਬੀ ਅਤੇ ਭਾਰਤੀ ਮੂਲ ਦੇ ਪਹਿਲੇ ਵਿਅਕਤੀ ਦਾ ਹੋਣਾ ਬਹੁਤ ਮਾਣ ਦੀ ਗੱਲ ਹੈ। ਜਾਰੀ ਕੀਤੀ ਗਈ ਸੂਚੀ ਵਿਚ ਡਿਪਲੋਮੈਟ, ਸਾਂਸਦ-ਵਿਧਾਇਕ, ਕੇਂਦਰੀ ਬੈਂਕਾਂ ਦੇ ਪ੍ਰਮੁੱਖ ਅਤੇ ਸੀਨੀਅਰ ਨੌਕਰਸ਼ਾਹ ਸ਼ਾਮਲ ਹਨ।

ਜਦਕਿ ਉਪਰੋਕਤ 15 ਦੇਸ਼ਾਂ ਵਿਚ ਆਸਟ੍ਰੇਲੀਆ, ਕੈਨੇਡਾ, ਸਿੰਗਾਪੁਰ, ਦੱਖਣੀ ਅਫਰੀਕਾ, ਸੰਯੁਕਤ ਅਰਬ ਅਮੀਰਾਤ, ਬ੍ਰਿਟੇਨ ਅਤੇ ਅਮਰੀਕਾ ਜਿਹੇ ਦੇਸ਼ ਸਾਮਲ ਹਨ। ਅਮਰੀਕੀ ਸਾਂਸਦ ਅਮੀ ਬੇਰਾ ਨੇ ਕਿਹਾ ਕਿ ‘2021 ਇੰਡੀਆਸਪੋਰਾ ਗਵਰਮੈਂਟ ਲੀਡਰਜ਼’ ਦੀ ਸੂਚੀ ਵਿਚ ਸ਼ਾਮਲ ਹੋਣਾ ਮੇਰੇ ਲਈ ਮਾਣ ਦੀ ਗੱਲ ਹੈ। ਸੰਸਦ ਵਿਚ ਸਭ ਤੋਂ ਲੰਬੇ ਸਮੇਂ ਤੋਂ ਸੇਵਾਵਾਂ ਦੇ ਰਹੇ ਸਾਂਸਦ ਦੇ ਤੌਰ ’ਤੇ ਮੈਨੂੰ ਭਾਰਤੀ-ਅਮਰੀਕੀ ਭਾਈਚਾਰੇ ਦਾ ਨੇਤਾ ਬਣ ਕੇ ਮਾਣ ਹੈ। ਇਹ ਭਾਈਚਾਰਾ ਅਮਰੀਕੀ ਜੀਵਨ ਅਤੇ ਸਮਾਜ ਦਾ ਅਟੁੱਟ ਅੰਗ ਬਣ ਗਿਆ ਹੈ।

# ਪੰਜਾਬ ਸਰਕਾਰ ਰੱਦ ਕਰ ਸਕਦੀ ਹੈ 2013 ਵਾਲਾ ਕੰਟਰੈਕਟ ਫਾਰਮਿੰਗ ਕਾਨੂੰਨ

**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਇਸ ਦੇ ਸੰਕੇਤ ਦਿੱਤੇ ਹਨ ਕਿ ਕੰਟਰੈਕਟ ਫਾਰਮਿੰਗ ਨੂੰ ਰੱਦ ਕਰਨ ਲਈ ਮੁੱਖ ਮੰਤਰੀ ਨਾਲ ਗੱਲ ਕੀਤੀ ਜਾਵੇਗੀ।

ਇਹ ਕਾਨੂੰਨ ਅਕਾਲੀ ਭਾਜਪਾ ਸਰਕਾਰ ਸਮੇਂ 2013 ਵਿਚ ਪਾਸ ਕੀਤਾ ਸੀ। ਉਨਾਂ ਕਿਹਾ ਕਿ ਕਾਂਗਰਸ ਨੇ ਸੈਸ਼ਨ ਦਾ ਬਾਈਕਾਟ ਕੀਤਾ ਸੀ। ਉਨਾਂ ਕਿਹਾ ਕਿ ਸਰਕਾਰ ਇਸ ਨੂੰ ਰੱਦ ਕਰਨ ਉਤੇ ਵਿਚਾਰ ਕਰ ਸਕਦੀ ਹੈ। ਦੱਸ ਦਈਏ ਕਿ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਉਠੇ ਰੋਹ ਤੋਂ ਬਾਅਦ ਭਾਜਪਾ ਵੱਲੋਂ ਲਗਾਤਾਰ ਸਵਾਲ ਕੀਤੇ ਜਾ ਸਨ ਕਿ ਪੰਜਾਬ ਵਿਚ ਕੰਟਰੈਕਟ ਖੇਤੀ ਸਬੰਧੀ ਪਹਿਲਾਂ ਹੀ ਕਾਨੂੰਨ ਬਣਿਆ ਹੋਇਆ ਹੈ। ਜਿਸ ਤੋਂ ਬਾਅਦ ਪੰਜਾਬ ਸਰਕਾਰ ਨੂੰ ਇਸ ਮੁੱਦੇ ਉਤੇ ਘੇਰਿਆ ਜਾ ਰਿਹਾ ਸੀ। ਹੁਣ ਪੰਜਾਬ ਸਰਕਾਰ ਇਹ ਕਾਨੂੰਨ ਰੱਦ ਕਰਨ ਬਾਰੇ ਸੋਚ ਰਹੀ ਹੈ।

# ਮੋਦੀ ਨੂੰ ਪੰਥ ਤੇ ਪੰਜਾਬੀਆਂ ਦਾ ਯੋਗਦਾਨ ਸਮਝ ਆ ਗਿਆ ਤਾਂ ਮੁੱਕ ਜਾਵੇਗਾ ਰੇੜਕਾ : ਬੀਬੀ ਜਗੀਰ ਕੌਰ



**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਆਨ, ‘ਸਿੱਖ ਗੁਰੂਆਂ ਤੇ ਸਿੱਖਾਂ ਦਾ ਦੇਸ਼ ਵਿਚ ਅਹਿਮ ਯੋਗਦਾਨ’ ਬਾਰੇ ਕਿਹਾ ਹੈ ਕਿ ਮੋਦੀ ਨੂੰ ਜਿਸ ਦਿਨ ਸਿੱਖਾਂ ਤੇ ਪੰਜਾਬੀਆਂ ਦਾ ਦੇਸ਼ ਪ੍ਰਤੀ ਯੋਗਦਾਨ ਸਮਝ ਆ ਗਿਆ ਤਾਂ ਰੇੜਕਾ ਮੁੱਕ ਜਾਵੇਗਾ। ਉਨਾਂ ਕਿਹਾ ਕਿ ਸਿੱਖ ਤੇ ਪੰਜਾਬੀ ਹਮੇਸ਼ਾ ਦੇਸ਼ ਲਈ ਕੁਰਬਾਨ ਹੁੰਦੇ ਰਹੇ ਹਨ ਤੇ ਇਹ ਜਜ਼ਬਾ ਹਮੇਸ਼ਾ ਕਾਇਮ ਰਹੇਗਾ। ਉਨਾਂ ਕਿਹਾ ਕਿ ਜਿਹੜੇ ਖੇਤੀ ਕਾਨੂੰਨ ਕਿਸਾਨਾਂ ਲਈ ਬਣਾਏ ਗਏ ਹਨ, ਨੂੰ ਸਾਰੀ ਦੁਨੀਆ ਗ਼ਲਤ ਕਹਿ ਰਹੀ ਹੈ, ਇਨਾਂ ਕਾਨੂੰਨਾਂ ਨੂੰ ਰੱਦ ਕਰ ਕੇ ਹੀ ਕਿਸਾਨਾਂ ਨੂੰ ਰਾਹਤ ਮਿਲੇਗੀ। ਉਨਾਂ ਨੇ ਕਿਸਾਨੀ ਸੰਘਰਸ਼ ਦੌਰਾਨ 26 ਜਨਵਰੀ ਨੂੰ ਕੀਤੇ ਗਏ ਪਰਚੇ ਰੱਦ ਕਰਨ ਦੀ ਮੰਗ ਕੀਤੀ ਹੈ। ਉਨਾਂ ਨੇ ਅੱਗੇ ਕਿਹਾ ਕਿ ਜਿਹੜੇ ਕਿਸਾਨ ਗ੍ਰਿਫ਼ਤਾਰ ਕੀਤੇ ਗਏ ਹਨ, ਨੂੰ ਰਿਹਾਅ ਕੀਤਾ ਜਾਵੇ। ਮਜ਼ਦੂਰ ਕਾਰਕੁਨ ਨੌਦੀਪ ਕੌਰ ’ਤੇ ਕੀਤੇ ਗਏ ਪੁਲਿਸ ਤਸ਼ੱਦਦ ਦੀ ਨਿੰਦਿਆ ਕਰਦਿਆਂ ਬੀਬੀ ਜਗੀਰ ਕੌਰ ਨੇ ਉਸ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ। ਦਿੱਲੀ ਵਿਚ ਸ਼ਹੀਦ ਹੋਏ ਨਵਦੀਪ ਸਿੰਘ ਸਮੇਤ ਹੋਰ ਕਿਸਾਨ ਜੋ ਸੰਘਰਸ਼ ਦੌਰਾਨ ਚਲਾਣਾ ਕਰ ਗਏ ਹਨ, ਸਬੰਧੀ ਬੀਬੀ ਨੇ ਦੁੱਖ ਦਾ ਇਜ਼ਹਾਰ ਕੀਤਾ ਤੇ ਕਿਹਾ ਕਿ ਹਰੇਕ ਸ਼ਹੀਦ ਦੇ ਪਰਿਵਾਰ ਨੂੰ ਇਕ ਲੱਖ ਰੁਪਏ ਸ਼੍ਰੋਮਣੀ ਕਮੇਟੀ ਅਦਾ ਕਰ ਰਹੀ ਹੈ।

# ਸੁਮੇਧ ਸੈਣੀ ਹੋ ਸਕਦੇ ਨੇ ਗ੍ਰਿਫ਼ਤਾਰ



**ਫ਼ਰੀਦਕੋਟ/ਏ.ਟੀ.ਨਿਊਜ਼:** ਬਹਿਬਲ ਗੋਲੀ ਕਾਂਡ ਵਿੱਚ ਸਥਾਨਕ ਅਦਾਲਤ ਨੇ ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਦੇ ਜ਼ਮਾਨਤਯੋਗ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਹਨ। ਅਦਾਲਤ ਨੇ ਸਾਬਕਾ ਡੀਜੀਪੀ ਨੂੰ ਉਸ ਅੱਗੇ ਪੇਸ਼ ਹੋਣ ਲਈ ਕਿਹਾ ਸੀ, ਪਰ ਅਦਾਲਤੀ ਹੁਕਮਾਂ ਦੇ ਬਾਵਜੂਦ ਉਹ ਹਾਜ਼ਰ ਨਹੀਂ ਹੋਇਆ। ਉੱਧਰ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਵੀ ਅਦਾਲਤ ਵਿੱਚ ਪੇਸ਼ ਹੋਣਾ ਸੀ, ਪਰ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਆਪਣੇ ਇੱਕ ਹੁਕਮ ਵਿੱਚ ਆਈਜੀ ਨੂੰ ਅਦਾਲਤ ਵਿੱਚ ਨਿੱਜੀ ਪੇਸ਼ੀ ਤੋਂ ਛੋਟ ਦੇ ਦਿੱਤੀ, ਜਿਸ ਕਰਕੇ ਜੁਡੀਸ਼ੀਅਲ ਮੈਜਿਸਟ੍ਰੇਟ ਸੁਰੇਸ਼ ਕੁਮਾਰ ਨੇ ਦੇਰ ਸ਼ਾਮ ਆਈਜੀ ਖ਼ਿਲਾਫ਼ ਜਾਰੀ ਜ਼ਮਾਨਤਯੋਗ ਵਰੰਟਾਂ ਦਾ ਹੁਕਮ ਵਾਪਸ ਲੈ ਲਿਆ। ਵਿਸ਼ੇਸ਼ ਜਾਂਚ ਟੀਮ (ਸਿਟ) ਨੇ 15 ਜਨਵਰੀ ਨੂੰ ਸਾਬਕਾ ਡੀਜੀਪੀ ਸੁਮੇਧ ਸੈਣੀ ਅਤੇ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਖ਼ਿਲਾਫ਼ ਚਲਾਨ ਅਦਾਲਤ ਵਿੱਚ ਪੇਸ਼ ਕੀਤਾ ਸੀ, ਜਿਸ ਮਗਰੋਂ ਜੁਡੀਸ਼ੀਅਲ ਮੈਜਿਸਟ੍ਰੇਟ ਸੁਰੇਸ਼ ਕੁਮਾਰ ਨੇ ਦੋਵਾਂ ਨੂੰ ਅੱਜ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ। ਹਾਲਾਂਕਿ ਇਨਾਂ ਵਿੱਚੋਂ ਕੋਈ ਵੀ ਅਧਿਕਾਰੀ ਅਦਾਲਤ ਵਿੱਚ ਪੇਸ਼ ਨਹੀਂ ਹੋਇਆ। ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਬਹਿਬਲ ਕਾਂਡ ਵਿੱਚ ਪੇਸ਼ ਹੋਏ ਚਲਾਨ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਪੰਜਾਬ ਦੇ ਹਰਿਆਣਾ ਹਾਈ ਕੋਰਟ ਦੇ ਜੱਜ ਗਰੀਸ਼ ਅਗਨੀਹੋਤਰੀ ਨੇ ਉਮਰਾਨੰਗਲ ਨੂੰ ਅਦਾਲਤ ਵਿੱਚ ਪੇਸ਼ ਹੋਣ ਤੋਂ ਛੋਟ ਦਿੰਦਿਆਂ ਇਸ ਮਾਮਲੇ ਦੀ ਸੁਣਵਾਈ 26 ਫਰਵਰੀ ਤੱਕ ਟਾਲ ਦਿੱਤੀ ਹੈ।

# “ਸਕੂਲ”

ਖੁੱਲ੍ਹ ਗਏ ਸਕੂਲ ,
ਹੁਣ ਸਕੂਲੇ ਜਾਣਾ ਹੈ ,
ਹਰ ਰੋਜ ਪੜ੍ਹ ਕੇ ,
ਮਹਾਨ ਅਸੀਂ ਬਣ ਜਾਣਾ ਹੈ ,
ਮਾਪੇਅਤੇਅਧਿਆਪਕਾਂਦਾਸਤਿਕਾਰਕਰੀਏ ,
ਦੁੱਖਾਂ – ਤਕਲੀਫ਼ਾਂ ਤੋਂ ਕਦੇ ਨਾ ਡਰੀਏ ,
ਸਕੂਲ ਬੜੇ ਸੋਹਣੇ ,
ਸਾਰੇ ਬੱਚੇ ਮਨਮੋਹਣੇ ,
ਚਾਈਂ – ਚਾਈਂ ਸਕੂਲ ਜਾਵਾਂਗੇ ,
ਦੇਸ਼ ਦਾ ਨਾਂ ਚਮਕਾਵਾਂਗੇ ।

**ਪ੍ਰਿੰਸ ਸਿੰਘ .**
**ਜਮਾਤ - ਤੀਸਰੀ .**
**ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ -**
**ਗੰਭੀਰ ਪੁਰ ਲੋਅਰ ( ਸ਼੍ਰੀ ਅਨੰਦਪੁਰ ਸਾਹਿਬ )**
**ਜਮਾਤ ਇੰਚਾਰਜ - ਸੰਜੀਵ ਕੁਮਾਰ**

# ‘ਅਮਰੀਕਨ ਸਿੱਖ ਸੰਗਤ’ ਨੇ ਕਿਸਾਨਾਂ ਦੇ ਸੰਘਰਸ਼ ਦਾ ਵਿਰੋਧ ਕਰ ਰਹੇ ਕਲਾਕਾਰ ਅਤੇ ਖਿਡਾਰੀਆਂ ਦਾ ਅਮਰੀਕਾ ਵਿੱਚ ਵਿਰੋਧ ਕਰਨ ਦਾ ਕੀਤਾ ਐਲਾਨ

## ਅਮਰੀਕਾ ਵਿੱਚੋਂ ਲਗਭਗ 80 ਜਥੇਬੰਦੀਆਂ ਨੇ ਸਭਾ ਵਿੱਚ ਲਿਆ ਹਿੱਸਾ, ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ  ਨਾਲ ਵੀਡੀਓ ਕਾਨ.ਫਰੰਸ ਰਾਹੀਂ ਵਿਚਾਰ ਵਟਾਂਦਰੇ ਕੀਤੇ।

**ਸੈਕਰਾਮੈਂਟੋ, ਕੈਲੀਫੋਰਨੀਆ, (ਹੁਸਨ ਲੜੋਆ ਬੰਗਾ):** ਸਮੂਹ ਅਮਰੀਕਾ ਭਰ ਦੀਆਂ ਸਿੱਖ ਜਥੇਬੰਦੀਆਂ ਨੇ ਉੱਥੋਂ ਦੀਆਂ ਸਮਾਜਿਕ ਸੰਸਥਾਵਾਂ ਨਾਲ ਮਿਲ ਕੇ ਫਰਿਜ਼ਨੋ, ਕੈਲੇਫੋਰਨੀਆਂ ਵਿਖੇ ‘ਅਮਰੀਕਨ ਸਿੱਖ ਸੰਗਤ’ ਦੇ ਨਾਮ ਹੇਠ ਦਿੱਲੀ ਦੇ ਬਾਰਡਰਾਂ ਤੇ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਕਰ ਰਹੇ ਕਿਸਾਨਾਂ ਦੀ ਇੱਕਜੁੱਟਤਾ ਤੇ ਚੜਦੀ ਕਲਾ ਲਈ ਇਕ ਵਿਸ਼ੇਸ਼ ਸਭਾ ਬੁਲਾਈ। ਸਾਰੇ ਅਮਰੀਕਾ ਵਿੱਚੋਂ ਲਗਭਗ 80 ਜਥੇਬੰਦੀਆਂ ਨੇ ਇਸ ਸਭਾ ਵਿੱਚ ਹਿੱਸਾ ਲਿਆ ਅਤੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਵੀਡੀਓ ਕਾਨ.ਫਰੰਸ ਰਾਹੀਂ ਵਿਚਾਰ ਵਟਾਂਦਰੇ ਕੀਤੇ। ਇਸ ਦੌਰਾਨ ਫਰਿਜ਼ਨੋ, ਕੈਲੀਫੋਰਨੀਆ ਦੇ ਮੇਅਰ ਜੈਰੀ ਡਾਇਰ ਉਚੇਚੇ ਤੌਰ ਤੇ ਸ਼ਾਮਲ ਹੋਏ। ਸੰਗਤ ਨੂੰ ਸੰਬੋਧਨ ਕਰਦਿਆਂ ਮੇਅਰ ਨੇ ਕਿਹਾ ਕਿ ਵਿਸ਼ਵ ਵਿੱਚ ਕਿਤੇ ਵੀ ਚਾਹੇ ਉਹ ਭਾਰਤ ਹੋਵੇ ਜਾਂ ਅਮਰੀਕਾ ਜੇਕਰ ਲੋਕਤੰਤਰ ਦਾ ਘਾਣ ਹੁੰਦਾ ਹੈ ਤਾਂ ਸਾਰਿਆਂ ਨੂੰ ਮਿਲ ਕੇ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ। ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਉਨਾਂ ਕਿਹਾ ਕਿ ਕਿਸਾਨ ਕਿਸੇ ਵੀ ਦੇਸ਼ ਦੀ ਰੀੜ ਦੀ ਹੱਡੀ ਹੁੰਦੀ ਹੈ ਅਤੇ ਸਰਕਾਰ ਨੂੰ ਉਨਾਂ ਦੀਆਂ ਮੰਗਾਂ ਉੱਤੇ ਗ਼ੌਰ ਕਰਦਿਆਂ ਇਨਾਂ ਦਾ ਹੱਲ ਲੱਭਣਾ ਚਾਹੀਦਾ ਹੈ। ਸੰਗਤ ਵੱਲੋਂ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਾਉਣ ਦਾ ਵੀ ਪ੍ਰਣ ਕੀਤਾ ਗਿਆ। ਸਭਾ ਦੇ ਦੌਰਾਨ ਦਿੱਲੀ ਵਿੱਚ 26 ਜਨਵਰੀ ਨੂੰ ਹੋਏ ਘਟਨਾਕ੍ਰਮ ਤੋਂ ਬਾਅਦ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ, ਕਿਸਾਨਾਂ ਅਤੇ ਪੱਤਰਕਾਰਾਂ ਦੀ ਪੈਰਵਾਈ ਕਰ ਰਹੇ ਐਡਵੋਕੇਟ ਅਮਰਵੀਰ ਸਿੰਘ ਭੁੱਲਰ ਕੋਲੋਂ ਇਨਾਂ ਕੇਸਾਂ ਦੀ ਜਾਣਕਾਰੀ ਲਈ ਗਈ।




ਇਸ ਦੌਰਾਨ ਐਕਟਿਵਿਸਟ ਨੌਦੀਪ ਕੌਰ ਅਤੇ ਉਨਾਂ ਦੀ ਰਿਹਾਈ ਲਈ ਕੀਤੇ ਜਾ ਰਹੇ ਯਤਨਾਂ ਸਬੰਧੀ ਵੀ ਵਿਚਾਰ ਵਟਾਂਦਰੇ ਕੀਤੇ ਗਏ। ਖ਼ਾਲਸਾ ਏਡ, ਏਸ਼ੀਆ ਦੇ ਮੁਖੀ ਅਮਰਪ੍ਰੀਤ ਸਿੰਘ ਨੇ ਮੋਰਚੇ ਦੀ ਅਜੋਕੀ ਸਥਿਤੀ ਦੱਸੀ ਅਤੇ ਮੋਰਚੇ ਦੀ ਚੜਦੀ ਕਲਾ ਦੀ ਅਰਦਾਸ ਲਈ ਅਪੀਲ ਕੀਤੀ। ਸਭਾ ਦੇ ਅੰਤ ਵਿਚ ਸਮੂਹ ਸੰਗਤ ਵੱਲੋਂ ਸਾਰਿਆਂ ਦੀ ਸਹਿਮਤੀ ਦੇ ਨਾਲ ਮਤੇ ਪਾਏ ਗਏ। ਜਿਸ ਵਿੱਚ ਅਮਰੀਕਾ ਦੀ ਸੰਗਤ ਵੱਲੋਂ ਬੇਨਤੀ ਕੀਤੀ ਗਈ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਤੇ ਨੌਜਵਾਨ, ਸੰਯੁਕਤ ਕਿਸਾਨ ਮੋਰਚੇ ਦੇ ਨਾਲ ਸਾਂਝ ਬਣਾ ਕੇ ਉਨਾਂ ਦੀ ਅਗਵਾਹੀ ਵਿੱਚ ਇਕੱਠੇ ਹੋ ਕੇ ਕਿਸਾਨਾਂ ਦੀ ਆਵਾਜ਼ ਬਣਨ ਕਿਉਂ ਜੋ ਇਹ ਸਮੇਂ ਦੀ ਮੰਗ ਹੈ। ਜੇਕਰ ਸੰਘਰਸ਼ ਕਰ ਰਹੀਆਂ ਧਿਰਾਂ ਵਿੱਚ ਕੋਈ ਮਨ ਮੁਟਾਵ ਹੈ ਤਾਂ ਸਾਰਿਆਂ ਦੀ ਇੱਕਜੁੱਟਤਾ ਨੂੰ ਬਹਾਲ ਕਰਨ ਲਈ ਅਮਰੀਕਾ ਦੀ ਸੰਗਤ ਮੀਡੀਏਟਰ ਦੀ ਭੂਮਿਕਾ ਨਿਭਾਉਣ ਲਈ ਤਿਆਰ ਹੈ। ਇਸ ਮੀਟਿੰਗ ਤੋਂ ਬਾਅਦ ਅਮਰੀਕਾ ਦੀ ਸੰਗਤ ਵੱਲੋਂ ਸਾਰੀਆਂ ਧਿਰਾਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ। ਅਮਰੀਕਾ ਦੀ ਸਿੱਖ ਸੰਗਤ ਵੱਲੋਂ ਕਿਸਾਨ ਯੂਨੀਅਨ ਲੀਡਰਾਂ ਨੂੰ ਬੇਨਤੀ ਕੀਤੀ ਗਈ ਕਿ ਜਿਹੜੇ ਨੌਜਵਾਨ, ਬਜ਼ੁਰਗ, ਪੱਤਰਕਾਰ ਜਾਂ ਸਮਾਜ ਸੇਵੀ ਸੰਘਰਸ਼ ਦੌਰਾਨ ਰਾਜਨੀਤਕ ਦਬਾਅ ਹੇਠ ਲਗਾਤਾਰ ਪੁਲਿਸ ਦੁਆਰਾ ਝੂਠੇ ਕੇਸਾਂ ਤਹਿਤ ਜੇਲਾਂ ਵਿੱਚ ਡੱਕੇ ਜਾ ਰਹੇ ਹਨ, ਉਨਾਂ ਨੂੰ ਰਿਹਾ ਕਰਵਾਉਣ ਦੀ ਸ਼ਰਤ ਨੂੰ ਪਹਿਲ ਦੇ ਅਧਾਰ ਤੇ ਰੱਖਿਆ ਜਾਵੇ ਤਾਂ ਜੋ ਪਿੰਡਾਂ ਵਿੱਚੋਂ ਆਉਣ ਵਾਲੀ ਸੰਗਤ ਦਾ ਹੌਸਲਾ ਬੁਲੰਦ ਰਹੇ। ਅਮਰੀਕਾ ਦੀ ਸੰਗਤ ਨੇ ਐਲਾਨ ਕੀਤਾ ਕਿ ਜਿਹੜੇ ਬਾਲੀਵੁੱਡ ਦੇ ਕਲਾਕਾਰਾ ਅਤੇ ਖਿਡਾਰੀਆਂ ਨੇ ਆਪਣੀਆਂ ਜ਼ਮੀਰਾ ਗਿਰਵੀ ਰੱਖ ਕੇ ਦੇਸ਼ ਦੇ ਅੰਨਦਾਤਾ ਦੇ ਖ਼ਿਲਾਫ਼ ਭੰਡੀ ਪ੍ਰਚਾਰ ਕੀਤਾ ਹੈ ਅਤੇ ਜਿਹੜੇ ਅੱਗੋਂ ਅਜਿਹਾ ਕਰਨਗੇ, ਉਨਾਂ ਦਾ ਅਮਰੀਕਾ ਵਿਚ ਹਰ ਜਗਾ ਤੇ ਬਾਈਕਾਟ ਕੀਤਾ ਜਾਵੇਗਾ। ਜੇ ਕਿਸੇ ਪ੍ਰਮੋਟਰ ਨੇ ਅਮਰੀਕਾ ਦੀ ਧਰਤੀ ਉੱਤੇ ਉਨਾਂ ਦਾ ਸਾਥ ਦਿੱਤਾ ਤਾਂ ਉਸ ਦਾ ਵੀ ਵੱਡੇ ਪੱਧਰ ਤੇ ਵਿਰੋਧ ਕੀਤਾ ਜਾਵੇਗਾ। ਅਮਰੀਕਾ ਦੀ ਸਿੱਖ ਸੰਗਤ ਨੇ ਐਲਾਨ ਕੀਤਾ ਕਿ ਸੰਗਤ ਜਥੇਬੰਦੀਆਂ ਦੀ ਹਰ ਪੱਖੋਂ ਉਦੋਂ ਤੱਕ ਮਦਦ ਕਰੇਗੀ ਜਦੋਂ ਤੱਕ ਤਿੰਨੇ ਬਿੱਲ ਵਾਪਸ ਅਤੇ ਬਾਕੀ ਦੀਆਂ ਮੰਗਾਂ ਪੂਰੀਆਂ ਨਹੀਂ ਹੋ ਜਾਂਦੀਆਂ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਪੱਛਮੀ ਬੰਗਾਲ ਵਿਚ ਤਿਕੋਣਾ ਮੁਕਾਬਲਾ ਹੋਣ ਦੀ ਸੰਭਾਵਨਾ

## ਕਾਮਰੇਡ ਤੇ ਕਾਂਗਰਸ ਮਮਤਾ ਬੈਨਰਜੀ ਵਿਰੁਧ ਭੁਗਤਣ ਲੱਗੇ

**ਨਵੀਂ ਦਿੱਲੀ/ਏ.ਟੀ.ਨਿਊਜ਼:** ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਵਿਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਖੱਬੇਪੱਖੀ ਕਾਂਗਰਸ ਗੱਠਜੋੜ ਦਰਮਿਆਨ ਤਿਕੋਣਾ ਮੁਕਾਬਲਾ ਹੋਵੇਗਾ। ਪਿਛਲੀਆਂ ਚੋਣਾਂ ਵਿਚ ਵੀ ਅਜਿਹਾ ਹੀ ਮੁਕਾਬਲਾ ਹੋਇਆ ਸੀ ਅਤੇ ਤ੍ਰਿਣਮੂਲ ਕਾਂਗਰਸ ਨੇ ਰਿਕਾਰਡ 211 ਸੀਟਾਂ ਜਿੱਤੀਆਂ ਸਨ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਹੋਏ ਮੁਕਾਬਲੇ ਵਿਚ ਭਾਜਪਾ ਨੇ ਤ੍ਰਿਣਮੂਲ ਕਾਂਗਰਸ ਨੂੰ ਬਰਾਬਰੀ ਦੀ ਟੱਕਰ ਦਿੱਤੀ ਅਤੇ ਇਸ ਆਧਾਰ 'ਤੇ ਭਾਜਪਾ ਮੰਨ ਰਹੀ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਉਹ ਲੋਕ ਸਭਾ ਨਾਲੋਂ ਬਿਹਤਰ ਪ੍ਰਦਰਸ਼ਨ ਕਰੇਗੀ। ਇਕ ਤਰਾਂ ਨਾਲ ਬੰਗਾਲ ਵਿਚ ਤ੍ਰਿਣਮੂਲ ਬਨਾਮ ਭਾਜਪਾ ਦੀ ਸਿੱਧੀ ਲੜਾਈ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਪਰ ਰਾਜ ਦੀਆਂ ਇਕ ਤਿਹਾਈ ਨਾਲੋਂ ਜ਼ਿਆਦਾ ਸੀਟਾਂ ਭਾਵ ਘੱਟੋ-ਘੱਟ 100 ਸੀਟਾਂ ਅਜਿਹੀਆਂ ਹੋਣਗੀਆਂ, ਜਿਨਾਂ 'ਤੇ ਤਿਕੋਣਾ ਮੁਕਾਬਲਾ ਹੋਵੇਗਾ। ਅਜਿਹਾ ਲੱਗ ਰਿਹਾ ਹੈ ਕਿ ਇਨਾਂ ਸੀਟਾਂ 'ਤੇ ਭਾਜਪਾ ਦਾ ਪ੍ਰਦਰਸ਼ਨ ਬਿਹਤਰ ਹੋਵੇਗਾ, ਕਿਉਂਕਿ ਕਾਂਗਰਸ ਅਤੇ ਖੱਬੇ-ਪੱਖੀ ਮੋਰਚੇ ਨੇ ਹਰ ਹਾਲ ਵਿਚ ਮਮਤਾ ਬੈਨਰਜੀ ਨੂੰ ਹਰਾਉਣ ਦਾ ਟੀਚਾ ਮਿਥਿਆ ਹੈ। ਖੱਬੇ-ਪੱਖੀ ਅਤੇ ਕਾਂਗਰਸ ਭਾਵੇਂ ਦਿੱਲੀ ਵਿਚ ਜਾਂ ਦੇਸ਼ ਦੀ ਰਾਜਨੀਤੀ ਵਿਚ ਭਾਜਪਾ ਨਾਲ ਲੜਦੇ ਹੋਣ ਅਤੇ ਉਸ ਨੂੰ ਆਪਣਾ ਰਾਜਸੀ ਅਤੇ ਸਿਧਾਂਤਕ ਵਿਰੋਧੀ ਵੀ ਮੰਨਦੇ ਹੋਣ ਪਰ ਬੰਗਾਲ ਵਿਚ ਕਾਂਗਰਸ ਅਤੇ ਖੱਬੇਪੱਖੀ ਦੋਵਾਂ ਦਾ ਉਦੇਸ਼ ਭਾਜਪਾ ਨੂੰ ਰੋਕਣਾ ਨਹੀਂ, ਸਗੋਂ ਮਮਤਾ ਨੂੰ ਹਰਾਉਣਾ ਹੈ। ਖੱਬੇਪੱਖੀਆਂ ਦੇ ਨੇਤਾਵਾਂ ਨੂੰ ਲਗਦਾ ਹੈ ਕਿ ਭਾਜਪਾ ਦੇ ਆਉਣ ਤੋਂ ਬਾਅਦ ਖੱਬੇਪੱਖੀ ਆਪਣਾ ਵੋਟ ਬੈਂਕ ਵਾਪਸ ਹਾਸਲ ਕਰ ਸਕਦੇ ਹਨ, ਪਰ ਮਮਤਾ ਦੇ ਰਹਿੰਦਿਆਂ ਇਹ ਸੰਭਵ ਨਹੀਂ।

# ਭਾਰਤ 'ਚ ਬਣੇਗਾ ਸਭ ਤੋਂ ਵੱਡਾ ਹਾਕੀ ਸਟੇਡੀਅਮ, ਲੱਗੇਗਾ ਇਕ ਸਾਲ ਦਾ ਸਮਾਂ



**ਰਾਓਰਕੇਲਾ/ਏ.ਟੀ.ਨਿਊਜ਼:** ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਸੁੰਦਰਗੜ ਜ਼ਿਲੇ ਦੀ ਇਕ ਦਿਨਾਂ ਯਾਤਰਾ ਦੌਰਾਨ ਇੱਥੇ ਦੇਸ਼ ਦੇ ਸਭ ਤੋਂ ਵੱਡੇ ਹਾਕੀ ਸਟੇਡੀਅਮ ਦੀ ਨੀਂਹ ਰੱਖੀ। ਸਟੇਡੀਅਮ ਦਾ ਨਾਂ ਮਸ਼ਹੂਰ ਆਜ਼ਾਦੀ ਘੁਲਾਟੀਏ ਬਿਰਸਾ ਮੁੰਡਾ ਦੇ ਨਾਂ 'ਤੇ ਰੱਖਿਆ ਜਾਵੇਗਾ। ਪੁਰਸ਼ਾਂ ਦੇ 2023 ਵਿਸ਼ਵ ਕੱਪ ਦੇ ਮੈਚ ਭੁਵਨੇਸ਼ਵਰ ਦੇ ਕਲਿੰਗਾ ਸਟੇਡੀਅਮ ਦੇ ਨਾਲ ਇੱਥੇ ਵੀ ਹੋਣਗੇ। ਲਗਭਗ 20000 ਦਰਸ਼ਕਾਂ ਦੀ ਸਮਰਥਾ ਵਾਲਾ ਇਹ ਸਟੇਡੀਅਮ ਬੀਜੂ ਪਟਨਾਇਕ ਤਕਨੀਕ ਯੂਨੀਟਵਰਸਿਟੀ ਦੇ ਕੰਪਲੈਕਸ 'ਚ ਬਣੇਗਾ। ਉੜੀਸਾ ਦੇ ਮੁੱਖ ਸਕੱਤਰ ਸੁਰੇਸ਼ ਚੰਦਰ ਮਹਾਪਾਤਰਾ ਨੇ ਕਿਹਾ ਕਿ ਇਹ ਸਟੇਡੀਅਮ ਇਕ ਸਾਲ 'ਚ ਤਿਆਰ ਹੋ ਜਾਵੇਗਾ।

# ਰਾਮ ਮੰਦਰ ਲਈ ਦਾਨ ਦੇਣ ਤੇ ਨਾ ਦੇਣ ਵਾਲਿਆਂ ਦੇ ਘਰਾਂ ਦੀ ਨਿਸ਼ਾਨਦੇਹੀ : ਕੁਮਾਰਾਸਵਾਮੀ ਨੇ ਲਗਾਏ ਦੋਸ਼

**ਬੇਂਗਲੁਰੂ/ਏ.ਟੀ.ਨਿਊਜ਼:** ਜਨਤਾ ਦਲ (ਸੈਕੂਲਰ) ਦੇ ਆਗੂ ਤੇ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਐਚ ਡੀ ਕੁਮਾਰਾਸਵਾਮੀ ਨੇ ਕਿਹਾ ਹੈ ਕਿ ਆਰਐੱਸਐੱਸ ਵਾਲੇ ਅਯੁੱਧਿਆ ਵਿਚ ਰਾਮ ਮੰਦਰ ਲਈ ਦਾਨ ਦੇਣ ਤੇ ਨਾ ਦੇਣ ਵਾਲਿਆਂ ਦੇ ਘਰਾਂ ਦੀ ਨਿਸ਼ਾਨਦੇਹੀ ਕਰ ਰਹੇ ਹਨ, ਜਿਵੇਂ ਕਿ ਹਿਟਲਰ ਦੀ ਹਕੂਮਤ ਦੌਰਾਨ ਜਰਮਨੀ ਵਿਚ ਨਾਜ਼ੀਆਂ ਨੇ ਕੀਤੀ ਸੀ ਤੇ ਇਸ ਆਧਾਰ 'ਤੇ ਲੱਖਾਂ ਲੋਕਾਂ ਨੂੰ ਮਾਰ ਦਿੱਤਾ ਗਿਆ ਸੀ। ਕੁਮਾਰਾਸਵਾਮੀ ਨੇ ਕਿਹਾ ਹੈ ਕਿ ਆਰ ਐੱਸ ਐੱਸ ਭਾਰਤ ਵਿਚ ਉਦੋਂ ਹੋਂਦ ਵਿਚ ਆਈ ਸੀ, ਜਦੋਂ ਜਰਮਨੀ ਵਿਚ ਨਾਜ਼ੀ ਪਾਰਟੀ ਕਾਇਮ



ਕੀਤੀ ਸੀ । ਉਨਾਂ ਕਿਹਾ ਕਿ ਇਹ ਗੱਲਾਂ ਦੇਸ ਨੂੰ ਉਜਾੜੇ ਵਲ ਲਿਜਾਣਗੀਆਂ । ਇਸ ਤੋਂ ਸਾਫ ਹੈ ਕਿ ਦੇਸ਼ ਵਿਚ ਕੁਝ ਵੀ ਹੋ ਸਕਦਾ ਹੈ । ਆਰਐੱਸਐੱਸ ਨਾਜ਼ੀਆਂ ਵਰਗੀਆਂ ਨੀਤੀਆਂ ਲਾਗੂ ਕਰ ਸਕਦੀ ਹੈ । ਦੇਸ਼ ਵਿਚ ਲੋਕਾਂ ਦੇ ਬੁਨਿਆਦੀ ਹੱਕ ਪਹਿਲਾਂ ਹੀ ਖੋਹੇ ਜਾ ਰਹੇ ਹਨ। ਦੇਸ਼ ਵਿਚ ਅਣਐਲਾਨੀ ਐਮਰਜੈਂਸੀ ਚੱਲ ਰਹੀ ਹੈ ਕਿਉਂਕਿ ਲੋਕ ਆਜ਼ਾਦੀ ਨਾਲ ਆਪਣੇ ਵਿਚਾਰ ਨਹੀਂ ਪ੍ਰਗਟ ਕਰ ਸਕਦੇ। ਮੀਡੀਆ ਦੀ ਆਜ਼ਾਦੀ 'ਤੇ ਚਿੰਤਾ ਪ੍ਰਗਟ ਕਰਦਿਆਂ ਉਨਾ ਕਿਹਾ ਕਿ ਜੇ ਮੀਡੀਆ ਨੇ ਸਰਕਾਰੀ ਵਿਚਾਰਾਂ ਨੂੰ ਸਹੀ ਠਹਿਰਾਉਣਾ ਸ਼ੁਰੂ ਕਰ ਦਿੱਤਾ ਤਾਂ ਕੀ ਹੋਵੇਗਾ। ਆਰ ਐੱਸ ਐੱਸ ਦੇ ਮੀਡੀਆ ਇੰਚਾਰਜ ਈ ਐੱਸ ਪ੍ਰਦੀਪ ਨੇ ਕੁਮਾਰਾਸਵਾਮੀ ਦੇ ਬਿਆਨ ਦਾ ਜਵਾਬ ਦੇਣ ਤੋਂ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਉਨਾਂ ਦੀਆਂ ਗੱਲਾਂ ਜਵਾਬ ਦੇਣ ਦੇ ਲਾਇਕ ਨਹੀਂ ।

# ਦੇਸ਼ਧ੍ਰੋਹ ਦੇ ਕੇਸ 'ਚ ਕਨਈਆ ਤੇ 9 ਹੋਰਨਾਂ ਨੂੰ ਨੋਟਿਸ

**ਨਵੀਂ ਦਿੱਲੀ/ਏ.ਟੀ.ਨਿਊਜ਼:** ਚੀਫ ਮੈਟਰੋਪੋਲੀਟਨ ਨੇ ਕਮਿਊਨਿਸਟ ਆਗੂ ਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ ਦੇ ਸਾਬਕਾ ਪ੍ਰਧਾਨ ਕਨਈਆ ਕੁਮਾਰ ਤੇ 9 ਹੋਰਾਂ ਖਿਲਾਫ 2016 ਵਿਚ ਦਰਜ ਦੇਸ਼ਧ੍ਰੋਹ ਦੇ ਮਾਮਲੇ ਵਿਚ ਦਾਇਰ ਚਾਰਜਸ਼ੀਟ ਦਾ ਨੋਟਿਸ ਲੈਂਦਿਆਂ ਉਨਾਂ ਨੂੰ 15 ਮਾਰਚ ਨੂੰ ਪੇਸ਼ ਹੋਣ ਦਾ ਹੁਕਮ ਦਿੱਤਾ ਹੈ । ਕਨੱਈਆ ਤੋਂ ਇਲਾਵਾ ਜਿਨਾਂ ਹੋਰਨਾਂ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ, ਉਨਾਂ ਵਿਚ ਉਮਰ ਖਾਲਿਦ, ਅਨੀਬਰਨ ਭੱਟਾਚਾਰੀਆ, ਉਮਰ ਗੁੱਲ ਤੇ ਬਸੀਰ ਬੱਟ ਸ਼ਾਮਲ ਹਨ ।















# ਸਿੱਖ ਪੰਥ ਦੀ ਹਮਦਰਦ ਮਹੂਆ ਮੋਇਤ੍ਰਾ ਦੇ ਘਰ ਦੇ ਬਾਹਰ ਬੀਐਸਐਫ ਤਾਇਨਾਤ

## ਟੀਐਮਸੀ ਐਮ ਪੀ ਨੇ ਕਿਹਾ- 'ਲੱਗਦਾ ਮੈਂ ਕਿਸੇ ਨਿਗਰਾਨੀ ਹੇਠ ਹਾਂ'

**ਨਵੀਂ ਦਿੱਲੀ/ਏ.ਟੀ.ਨਿਊਜ਼:** ਟੀਐਮਸੀ ਸੰਸਦ ਮੈਂਬਰ ਮਹੂਆ ਮੋਇਤ੍ਰਾ ਨੇ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਨੂੰ ਲੈ ਕੇ ਵੱਡੇ ਸਵਾਲ ਚੁੱਕੇ ਹਨ। ਮਹੂਆ ਮਿੱਤਰਾ ਨੇ ਇਲਜਾਮ ਲਾਇਆ ਕਿ ਉਨਾਂ ਦੇ ਘਰ ਦੇ ਬਾਹਰ ਬੀਐਸਐਫ ਦੀ ਤਾਇਨਾਤੀ ਕਰਕੇ ਉਨਾਂ ਦੀ ਜਾਸੂਸੀ ਕਰਵਾਈ ਜਾ ਰਹੀ ਹੈ। ਉਨਾਂ ਮੰਗ ਕੀਤੀ ਕਿ ਇਹ ਤਾਇਨਾਤੀ ਹਟਾਈ ਜਾਵੇ।

ਮਹੂਆ ਮੋਇਤ੍ਰਾ ਨੇ ਇਸ ਨੂੰ ਲੈ ਕੇ ਪੁਲਿਸ ਨੂੰ ਚਿੱਠੀ ਲਿਖੀ ਹੈ। ਟੀਐਮਸੀ ਸੰਸਦ ਮੈਂਬਰ ਨੇ ਕਿਹਾ ਕਿ ਬਾਰਾਖੰਭਾ ਰੋਡ ਦੇ ਐਸਐਚਓ 12 ਫਰਵਰੀ ਦੀ ਸ਼ਾਮ ਕਰੀਬ ਸਾਢੇ ਛੇ ਵਜੇ ਮੇਰੀ ਰਿਹਾਇਸ਼ 'ਤੇ ਮਿਲਣ ਆਏ। ਇਸ ਤੋਂ ਕੁਝ ਦੇਰ ਬਾਅਦ ਕਰੀਬ 10 ਵਜੇ ਬੀਐਸਐਫ ਦੇ ਤਿੰਨ ਜਵਾਨਾਂ ਨੂੰ ਘਰ ਦੇ ਬਾਹਰ ਤਾਇਨਾਤ ਕਰ ਦਿੱਤਾ ਗਿਆ।

ਟੀਐਮਸੀ ਸੰਸਦ ਮੈਂਬਰ ਨੇ ਕਿਹਾ, 'ਇਨਾਂ ਸੁਰੱਖਿਆ ਬਲਾਂ ਦੇ ਵਿਵਹਾਰ ਨਾਲ ਲੱਗਾ ਕਿ ਉਹ ਮੂਵਮੈਂਟ ਨੂੰ ਨੋਟ ਕਰ ਰਹੇ ਹਨ। ਇਸ ਨਾਲ ਮੈਨੂੰ ਅਜਿਹਾ ਲੱਗਾ ਕਿ ਮੈਂ ਕਿਸੇ ਤਰਾਂ ਦੀ ਨਿਗਰਾਨੀ 'ਚ ਹਾਂ। ਇਸ ਦੇਸ਼ ਦੀ ਨਾਗਰਿਕ ਹੋਣ ਦੇ ਨਾਤੇ ਨਿਜਤਾ ਦਾ ਅਧਿਕਾਰ ਮੇਰਾ ਮੌਲਿਕ ਅਧਿਕਾਰ ਹੈ। ਮੈਂ ਜਦੋਂ ਪਤਾ ਲਾਇਆ ਤਾਂ ਇਹ ਜਾਣਕਾਰੀ ਮਿਲੀ ਕਿ ਮੇਰੀ ਸੁਰੱਖਿਆ ਲਈ ਬਾਰਾਖੰਭਾ ਰੋਡ ਤੋਂ ਇਨਾਂ ਆਰਮਡ ਫੋਰਸ ਨੂੰ ਤਾਇਨਾਤ ਕੀਤਾ ਗਿਆ ਹੈ।

ਹਾਲਾਂਕਿ ਇਸ ਦੇਸ਼ ਦੀ ਆਮ ਨਾਗਰਿਕ ਦੇ ਤੌਰ 'ਤੇ ਮੈਂ ਕਦੇ ਇਸ ਤਰਾਂ ਦੀ ਸੁਰੱਖਿਆ ਦੀ ਕਦੇ ਮੰਗ ਨਹੀਂ ਕੀਤੀ। ਇਸ ਲਈ ਤੁਹਾਨੂੰ ਅਪੀਲ ਹੈ ਕਿ ਕ੍ਰਿਪਾ ਇਨਾਂ ਨੂੰ ਇੱਥੋਂ ਬੁਲਾ ਲਓ। ਦਿੱਲੀ ਪੁਲਿਸ ਨੂੰ ਖਤ ਲਿਖਣ ਤੋਂ ਬਾਅਦ ਪ੍ਰਤੀਕਿਰਿਆ ਦਿੰਦਿਆਂ ਮਹੂਆ ਮੋਇਤ੍ਰਾ ਨੇ ਅਪ੍ਰਤੱਖ ਤੌਰ 'ਤੇ ਸਰਕਾਰ 'ਤੇ ਨਿਸ਼ਾਨਾ ਸਾਧਿਆ।

ਉਨਾਂ ਕਿਹਾ, 'ਸਿਰਫ਼ ਮੇਰੀ ਸੁਰੱਖਿਆ ਕਰਨ ਤੇ ਸਾਧਨਾਂ ਨੂੰ ਬਰਬਾਦ ਨਹੀਂ ਕਰਨਾ ਚਾਹੀਦਾ। ਸਭ ਦੀ ਸੁਰੱਖਿਆ ਹੋਵੇ। ਮੈਨੂੰ ਕੁਝ ਖਾਸ ਨਹੀਂ ਚਾਹੀਦਾ ਮੈਂ ਸੁਰੱਖਿਆ ਨਹੀਂ ਲੈਂਦੀ। ਜੇਕਰ ਤੁਸੀਂ ਮੇਰੀ ਨਿਗਰਾਨੀ ਕਰ ਰਹੇ ਹੋ ਤਾਂ ਮੈਨੂੰ ਪੁੱਛੋ ਤੇ ਮੈਂ ਤੁਹਾਨੂੰ ਦੱਸੂੰਗੀ। ਭਾਰਤੀ ਲੋਕਤੰਤਰ ਪਹਿਲਾਂ ਤੋਂ ਹੀ ਖਤਰੇ 'ਚ ਹੈ।

**ਸਿੱਖ ਪੰਥ ਦੀ ਹਮਦਰਦ**

ਬੰਗਾਲ ਦੀ ਬਹਾਦਰ ਧੀ, ਮਹੂਆ ਮੋਇਤ੍ਰਾ ਨੇ ਲੋਕ ਸਭਾ ਵਿਚ ਹੁਣੇ ਜਿਹੇ ਮੋਦੀ ਸਰਕਾਰ ਉਪਰ ਧਾਰਮਿਕ ਭੇਦਭਾਵ ਨੂੰ ਉਤਸ਼ਾਹਤ ਕਰਨ ਦਾ ਦੋਸ਼ ਲਾਇਆ ਸੀ ! ਉਹ ਉੱਚ ਸਿੱਖਿਆ ਪ੍ਰਾਪਤ ਹੈ, ਮੈਸੇਚਿਉਸੇਟਸ (ਅਮਰੀਕਾ) ਦੇ ਮਾਊਂਟ ਹੋਲੀਓਕ ਕਾਲਜ ਤੋਂ ਅਰਥ ਸਾਸਤਰ ਅਤੇ ਗਣਿਤ ਵਿਚ ਗ੍ਰੈਜੂਏਟ ਹੈ। ਫਿਰ ਉਸਨੇ ਨਿਊਯਾਰਕ ਵਿੱਚ ਜੇਪੀ ਮੋਰਗਨ ਵਿੱਚ ਇੱਕ ਇਨਵੈਸਟਮੈਂਟ ਬੈਂਕਰ ਵਜੋਂ ਕੰਮ ਕੀਤਾ। ਕਾਰਪੋਰੇਟ ਜਗਤ ਵਿਚ ਹਰ ਕੋਈ ਜਾਣਦਾ ਹੈ ਕਿ ਜੇ ਪੀ ਮੋਰਗਨ ਵਿਚ ਇਨਵੈਸਟਮੈਂਟ ਬੈਂਕਰ ਹੋਣ ਦਾ ਕੀ ਅਰਥ ਹੈ। ਖਾਸਕਰ ਓਦੋਂ ਜਦੋਂ ਕਿ ਕੋਈ ਨਿਊਯਾਰਕ ਵਿੱਚ ਨਿਯੁਕਤ ਹੋਵੇ ! ਉਸਨੇ ਬਿਹਤਰ ਭਾਰਤ ਦੇ ਸੁਪਨੇ ਲਈ, ਭਾਰਤੀ ਰਾਜਨੀਤੀ ਵਿਚ ਸ਼ਾਮਲ ਹੋਣ ਦਾ ਫੈਸਲਾ ਲਿਆ, ਆਪਣਾ ਸੁਨਹਿਰੇ ਭਵਿੱਖ ਵਾਲਾ ਕੈਰੀਅਰ ਛੱਡ ਦਿੱਤਾ। ਭਾਰਤੀ ਰਾਜਨੀਤੀ ਵਿਚ ਸਾਨੂੰ ਉਸਦੇ ਵਰਗੇ ਲੋਕਾਂ ਦੀ ਕਿੰਨੀ ਜ਼ਰੂਰਤ ਹੈ !

ਆਪਣੀ ਇਸ ਤਾਜਾ ਸਪੀਚ ਵਿੱਚ ਉਸਨੇ ਨਿਆਂਪਾਲਿਕਾ, ਕਾਰਜਕਾਰਤਾ ਅਤੇ ਮੀਡੀਆ ਨੂੰ ਸਰਕਾਰ ਦੇ ਅੱਗੇ ਗੋਡੇ ਟੇਕਣ ਤੇ ਸਖਤ ਆਲੋਚਨਾ ਕੀਤੀ । ਉਸਨੇ ਭਾਰਤ ਦੇ ਇੱਕ ਸਾਬਕਾ ਚੀਫ ਜਸਟਿਸ ਨੂੰ ਵੀ ਨਹੀਂ ਬਖਸ਼ਿਆ, ਜਿਸ 'ਤੇ ਉਸਦੀ ਸਹਿਕਰਮੀ ਨੇ ਜਿਣਸੀ ਸ਼ੋਸ਼ਣ ਦੇ ਦੋਸ਼ ਲਾਏ ਸਨ। ਉਸਨੇ ਕਿਹਾ ਕਿ ਚੀਫ ਜਸਟਿਸ ਨੇ ਆਪਣੇ ਖੁਦ ਦੇ ਵਿਰੁੱਧ ਜਿਣਸੀ ਸੋਸ਼ਣ ਦੇ ਮਾਮਲੇ ਨੂੰ ਆਪਣੇ ਹੀ ਅਧੀਨ ਲੈ ਲਿਆ ਤੇ ਆਪਣੇ ਆਪ ਨੂੰ ਖੁਦ ਹੀ ਬਰੀ ਕਰ ਲਿਆ ਜੋ ਕਿ ਬਹੁਤ ਹੀ ਘਿਨਾਉਣਾ ਕਾਰਾ ਹੈ। ਉਸਨੇ ਆਪਣੀ ਸਪੀਚ ਕਿਹਾ ਕਿ ਉਸਨੇ ਮੋਦੀ-ਸ਼ਾਹ ਦੀ ਜੋੜੀ ਨੂੰ ਕਾਇਰ ਕਿਹਾ ਜੋ ਲੋਕਤੰਤਰ ਨੂੰ ਖਤਮ ਕਰ ਰਹੇ ਹਨ।



ਉਸਨੇ ਉਹਨਾਂ ਨੂੰ ਕਿਸਾਨਾਂ ਦੇ ਵਿਰੁੱਧ ਸਰਕਾਰੀ ਤਾਕਤ ਵਰਤਣ, ਬੌਛਾੜਾਂ ਮਾਰਨ, ਡਾਂਗਾਂ ਮਾਰਨ, ਅਥਰੂ ਗੈਸ ਛੱਡਣ, ਇੰਟਰਨੈਟ ਬੰਦ ਕਰਨਲਈ ਵਾਰ-ਵਾਰ ਕਾਇਰ ਕਿਹਾ।

ਅਜਿਹਾ ਕਰਨਾ ਕਿਸੇ ਲਈ ਵੀ ਕੋਈ ਸੌਖਾ ਕੰਮ ਨਹੀਂ ਹੈ, ਖਾਸਕਰ ਜਿਸ ਤਰੀਕੇ ਨਾਲ ਇਨਾਂ ਸੱਤਾ ਦੇ ਨਸ਼ੇ ਵਿੱਚ ਚੂਰ ਮੂਰਖਾਂ ਨੇ ਸ਼ਸ਼ੀ ਥਰੂਰ 'ਤੇ ਯੂਏਪੀਏ ਲਗਾ ਦਿੱਤਾ ਹੈ । ਖਾਸਕਰ ਜਿਸ ਤਰੀਕੇ ਨਾਲ ਉਨਾਂ ਨੇ ਪੀ ਚਿਦੰਬਰਮ ਨੂੰ ਨਿਸਾਨਾ ਬਣਾਇਆ ਸੀ ਅਤੇ ਸੀਬੀਆਈ ਤੋਂ ਗ੍ਰਿਫਤਾਰ ਕਰਵਾ ਦਿੱਤਾ ਸੀ ਜਦੋਂ ਉਸ ਨੇ ਸੀਏਏਦੀ ਬਹਿਸ ਵੇਲੇ ਸੀਏਏਦੀ ਦੇ ਖਿਲਾਫ ਉਹ ਦਲੇਰਾਨਾ ਭਾਸ਼ਣ ਦਿੱਤਾ ਸੀ , ਉਪਰਲੇ ਸਦਨ ਵਿੱਚ !

ਫਿਰ ਮਾਹੂਆ ਨੇ ਆਪਣੀ ਸਪੀਚ ਵਿੱਚ ਸਿੱਖਾਂ ਦੀ ਪ੍ਰਸੰਸਾ ਕੀਤੀ, ਉਹਨਾਂ ਦੀ ਬਹਾਦਰੀ ਲਈ। ਉਸਨੇ ਦੱਸਿਆ ਕਿ ਕਿਵੇਂ ਬਾਬਾ ਬਘੇਲ ਸਿੰਘ ਅਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਮੁਗਲਾਂ ਤੋਂ ਦਿੱਲੀ ਜਿੱਤ ਲਈ ਤੇ ਮੋਦੀ ਸਰਕਾਰ ਨੂੰ ਪੰਜਾਬੀਆਂ ਨੂੰ ਹਲਕੇ ਵਿੱਚ ਲੈਣ ਦੀ ਗ਼ਲਤੀ ਨਾ ਕਰਨ ਦੀ ਤਾਕੀਦ ਕੀਤੀ। ਲਗਦਾ ਹੈ ਕਿ ਉਸਨੇ ਕਿਸਾਨ ਅੰਦੋਲਨ ਦੌਰਾਨ ਸਿੱਖ ਇਤਿਹਾਸ ਕਿਸਾਨੀ ਪ੍ਰਦਰਸ਼ਨਾਂ ਦੌਰਾਨ ਵਿਆਪਕ ਰੂਪ ਵਿੱਚ ਪੜਿਆ ਗਿਆ ਹੈ। ਮਹੁਆ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਬਿੰਦਰਨਾਥ ਟੈਗੋਰ ਨੇ ਉਨਾਂ ਦੀ ਬਹਾਦਰੀ ਬਾਰੇ ਇਕ ਲੰਬੀ ਕਵਿਤਾ ਲਿਖੀ ਹੈ ! ਉਸਨੇ ਉਸ ਕਵਿਤਾ ਦੀਆਂ ਕੁਝ ਲਾਈਨਾਂ ਵੀ ਪੜ ਦਿੱਤੀਆਂ। ਪਰ ਬੰਗਾਲੀ ਵਿੱਚ ਪੜੀਆਂ । ਟੈਗੋਰ ਨੇ ਆਪਣੀ ਪ੍ਰਸਿੱਧ ਕਵਿਤਾ 'ਬੰਦੀ ਬੀੜ' ਭਾਵ 'ਬੰਦੀ ਨਾਇਕ', ਬਾਬਾ ਬੰਦਾ ਸਿੰਘ ਉੱਪਰ ਲਿਖੀ ਸੀ। ਟੈਗੋਰ ਨੇ ਇਹ ਕਵਿਤਾ ਬਾਬਾ ਬੰਦਾ ਸਿੰਘ ਅਤੇ ਉਹਨਾਂ ਨਾਲ ਫੌਜ ਵਿੱਚ ਸਾਥੀ ਉਹਨਾਂ ਸਿੱਖ ਯੋਧਿਆਂ ਲਈ ਲਿਖੀ ਸੀ ਜਿਨਾਂ ਨੇ ਬਹੁਤ ਹੀ ਦਲੇਰੀ ਨਾਲ ਮੁਗਲ ਫੌਜ ਦਾ ਮੁਕਾਬਲਾ ਕੀਤਾ, ਹਾਲਾਂਕਿ ਉਹ ਗਿਣਤੀ ਵਿੱਚ ਬਹੁਤ ਘੱਟ ਸਨ ਹਥਿਆਰਾਂ ਦੇ ਮਿਆਰ ਦੇ ਮਾਮਲੇ ਵਿੱਚ ਵੀ ਪਿੱਛੇ ।

'ਟਾਈਮਜ ਆਫ ਇੰਡੀਆ' ਦੇ ਇਕ ਲੇਖ ਵਿਚ ਜ਼ਿਕਰ ਗਿਆ ਹੈ ਕਿ ਟੈਗੋਰ ਨੇ ਬਾਬਾ ਬੰਦਾ ਸਿੰਘ ਨੂੰ ਮਹਾਨ ਯੋਧਾ ਦੱਸਦਿਆਂ 'ਸਿੰਘਰ ਮੋਟਰ ਸ਼ਰਿੰਘਲਗੋ' ਵਰਗੇ ਸਬਦਾਂ ਦੀ ਵਰਤੋਂ ਕਰਦਿਆਂ ਇੱਕ ਵਾਰ ਦੇ ਰੂਪ ਵਿੱਚ ਇਹ ਕਵਿਤਾ ਚਿਤਰੀ ਹੈ 'ਸਿੰਘਰ ਮੋਟਰ ਸ਼ਰਿੰਘਲਗੋ' ਬੰਗਾਲੀ ਦੇ ਸ਼ਬਦ ਹਨ ਜਿਨਾਂ ਦਾ ਅਰਥ ਹੈ 'ਜੰਜੀਰਾਂ ਵਿਚ ਸ਼ੇਰ'!

'ਟਾਈਮਜ ਆਫ ਇੰਡੀਆ' ਵਿੱਚ ਅੱਗੇ ਲਿਖਿਆ ਸੀ ਕਿ ਇਹ ਕਵਿਤਾ ਪੱਛਮੀ ਬੰਗਾਲ ਦੇ ਹਰੇਕ ਅੰਗਰੇਜ਼ੀ ਅਤੇ ਸਥਾਨਕ ਭਾਸ਼ਾਵਾਂ ਦੇ ਵਿਦਿਅਕ ਅਦਾਰਿਆਂ ਦੇ ਸਿਲੇਬਸ ਦਾ ਹਿੱਸਾ ਹੈ!! ਬੰਗਾਲ ਵਿਚ ਹੈ ਅਤੇ ਪੰਜਾਬ ਵਿਚ ਨਹੀਂ!



# ਪੰਜਾਬ ਕਿਸਾਨ ਯੂਨੀਅਨਾਂ ਤੇ ਲੱਖਾ ਸਿਧਾਣਾ, ਦੀਪ ਸਿੱਧੂ ਵਿਚਾਲੇ ਟਕਰਾਅ ਕਾਰਨ ਟਿਕੈਤ ਲੀਡਰ ਵਜੋਂ ਚਮਕੇ

## ✪ ਮਹਾਂਪੰਚਾਇਤਾਂ ਕਾਰਨ ਕਿਸਾਨੀ ਅੰਦੋਲਨ ਜਾਟ ਭਾਈਚਾਰੇ ਦਾ ਬਣ ਰਿਹਾ ਅੰਦੋਲਨ

## ✪ ਕਿਸਾਨੀ ਸੰਘਰਸ਼ ਹੁਣ ਜਨ ਅੰਦੋਲਨ ਬਣਿਆ: ਰਾਕੇਸ਼ ਟਿਕੈਤ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਪੰਜਾਬ ਕਿਸਾਨ ਯੂਨੀਅਨਾਂ ਤੇ ਲੱਖਾ ਸਿਧਾਣਾ, ਦੀਪ ਸਿੱਧੂ ਵਿਚਾਲੇ ਟਕਰਾਅ ਕਾਰਨ 26 ਜਨਵਰੀ ਤੋਂ ਬਾਅਦ ਰਕੇਸ਼ ਟਿਕੈਤ ਕਿਸਾਨ ਲੀਡਰ ਵਜੋਂ ਚਮਕੇ ਹਨ। ਇਨਾਂ ਦਿਨਾਂ ਵਿਚ ਪੰਜਾਬ ਕਿਸਾਨ ਯੂਨੀਅਨਾਂ ਦੀ ਸਾਖ ਘੱਟ ਰਹੀ ਹੈ। ਜੇਕਰ ਦੀਪ ਸਿੱਧੂ ਗਰੁੱਪ ਤੇ ਪੰਜਾਬ ਕਿਸਾਨ ਯੂਨੀਅਨਾਂ ਦਾ ਸਾਂਝਾ ਗਠਜੋੜ ਕਾਇਮ ਹੋ ਜਾਂਦਾ ਤਾਂ ਇਹ ਅੰਦੋਲਨ ਪੰਜਾਬ ਦੇ ਹੱਥ ਵਿਚ ਰਹਿੰਦਾ, ਪਰ ਅੱਜ-ਕੱਲ ਕਿਸਾਨ ਅੰਦੋਲਨ ਦੀ ਲਗਾਮ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਬਹੁਤ ਮਜਬੂਤੀ ਨਾਲ ਸੰਭਾਲਦੇ ਨਜ਼ਰ ਆ ਰਹੇ ਹਨ। ਰਾਕੇਸ਼ ਟਿਕੈਤ ਬੇਸ਼ੱਕ ਪੱਛਮੀ ਉੱਤਰ ਪ੍ਰਦੇਸ਼ ਤੋਂ ਹਨ, ਪਰ ਹੁਣ ਉਨਾਂ ਨੂੰ ਹਰਿਆਣਾ, ਰਾਜਸਥਾਨ, ਮਹਾਂਰਾਸ਼ਟਰ, ਕਰਨਾਟਕ ਤੇ ਮੱਧ ਪ੍ਰਦੇਸ਼ ਤੋਂ ਵੀ ਕਿਸਾਨ ਮਹਾਂਪੰਚਾਇਤਾਂ ਵਿੱਚ ਸ਼ਿਰਕਤ ਕਰਨ ਲਈ ਬੁਲਾਇਆ ਜਾ ਰਿਹਾ ਹੈ।

ਰਾਕੇਸ਼ ਟਿਕੈਤ ਦੇ ਸਾਥੀ ਧਰਮਿੰਦਰ ਮਲਿਕ ਕਹਿੰਦੇ ਹਨ, '26 ਜਨਵਰੀ ਤੋਂ ਬਾਅਦ ਰਾਕੇਸ਼ ਟਿਕੈਤ ਹਰਿਆਣਾ ਵਿੱਚ ਚਾਰ ਮਹਾਂਪੰਚਾਇਤਾਂ ਨੂੰ ਸੰਬੋਧਤ ਕਰ ਚੁੱਕੇ ਹਨ ਜਿਸ ਵਿੱਚ ਜੀਂਦ, ਚਰਖੀ, ਦਾਦਰੀ ਤੇ ਕੁਰਕੁਸ਼ੇਤਰ ਵਿੱਚ ਇੱਕ-ਇੱਕ ਮਹਾਂਪੰਚਾਇਤ ਸ਼ਾਮਲ ਹੈ।'

ਰਾਕੇਸ਼ ਟਿਕੈਤ ਜਿੱਥੇ ਉੱਤਰ ਪ੍ਰਦੇਸ਼ ਤੋਂ ਬਾਹਰ ਵੀ ਕਿਸਾਨਾਂ ਦੇ ਆਗੂ ਬਣਦੇ ਨਜ਼ਰ ਆ ਰਹੇ ਹਨ ਤਾਂ ਦੂਜੇ ਪਾਸੇ ਉੱਤਰ ਪ੍ਰਦੇਸ਼ ਵਿੱਚ ਹੋਣ ਵਾਲੀਆਂ ਮਹਾਂਪੰਚਾਇਤਾਂ ਦੀ ਕਮਾਨ ਉਨਾਂ ਦੇ ਵੱਡੇ ਭਰਾ ਨਰੇਸ਼ ਟਿਕੈਤ ਨੇ ਸੰਭਾਲੀ ਹੋਈ ਹੈ। ਹਰਿਆਣਾ, ਰਾਜਸਥਾਨ ਵਿੱਚ ਹੋ ਰਹੀਆਂ ਮਹਾਂਪੰਚਾਇਤਾਂ ਦੇ ਭਾਰੀ ਇਕੱਠ ਤੇ ਭੀੜ ਤੋਂ ਸਾਬਤ ਹੋ ਰਿਹਾ ਹੈ, ਕਿ ਰਾਕੇਸ਼ ਟਿਕੈਤ ਪੂਰੇ ਉੱਤਰ ਭਾਰਤ ਦੇ ਕਿਸਾਨ ਆਗੂ ਬਣ ਚੁੱਕੇ ਹਨ।

'ਪੌਲੀਟਿਕਸ ਆਫ਼ ਚੌਧਰ' ਪੁਸਤਕ ਦੇ ਲੇਖਕ ਸਤੀਸ਼ ਤਿਆਗੀ ਕਹਿੰਦੇ ਹਨ, 'ਪੱਛਮੀ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿੱਚ ਜਿਹੜੀਆਂ ਮਹਾਂਪੰਚਾਇਤਾਂ ਹੋ ਰਹੀਆਂ ਹਨ, ਉਨਾਂ ਵਿੱਚ ਭਾਰੀ ਗਿਣਤੀ ਜਾਟ ਭਾਈਚਾਰੇ ਦੀ ਹੈ, ਇਹ ਦੋਵੇਂ ਇਲਾਕੇ ਜਾਟ ਗੋਤ ਦੀ ਨਿਗਾ ਵਿਚ ਇੱਕ ਹੀ ਹਨ, ਇਸ ਲਈ ਇਨਾਂ ਵਿਚ ਆਪਸੀ ਸਮਾਜਿਕ ਸਬੰਧ ਵੀ ਹੈ, ਜਿਵੇਂ ਆਪਸੀ ਰਿਸ਼ਤੇਦਾਰੀਆਂ। ਅਜੋਕੇ ਸਮੇਂ ਅੰਦੋਲਨ ਹੁਣ ਜਾਟ ਆਗੂਆਂ ਦੇ ਹੱਥਾਂ ਵਿੱਚ ਚਲਾ ਗਿਆ ਹੈ ਇਸ ਲਈ ਪੰਚਾਇਤਾਂ ਵਿੱਚ ਭੀੜ ਵੀ ਆਪਣੇ ਆਪ ਹੀ ਤੁਰੀ ਆਉਂਦੀ ਹੈ। ਸਤੀਸ਼ ਤਿਆਗੀ ਕਹਿੰਦੇ ਹਨ, 'ਕਿ ਕਿਸਾਨ ਅੰਦੋਲਨ ਦੀ ਪਕੜ ਦੱਖਣੀ ਹਰਿਆਣਾ ਵਿੱਚ ਘੱਟ ਅਤੇ ਕੇਂਦਰੀ ਹਰਿਆਣਾ ਵਿੱਚ ਜਾਇਦਾ ਹੈ। ਹਰਿਆਣਾ ਦੇ ਗੁਰਨਾਮ ਸਿੰਘ ਚੜੂਨੀ ਨੂੰ ਕਿਸਾਨਾਂ ਦਾ ਸਭ ਤੋਂ ਵੱਡਾ ਆਗੂ ਮੰਨਿਆ ਜਾਂਦਾ ਹੈ, ਜੋ ਭਾਰਤੀ ਕਿਸਾਨ ਯੂਨੀਅਨ ਦੇ ਹੀ ਆਗੂ ਹਨ ਅਤੇ ਜੱਟ ਸਿੱਖ ਹਨ। ਹਰਿਆਣਾ ਵਿੱਚ ਕਿਸਾਨ ਮੁੱਦੇ 'ਤੇ ਜਿਹੜੀਆਂ ਮਹਾਂਪੰਚਾਇਤਾਂ ਹੋਈਆਂ, ਉਨਾਂ ਵਿੱਚੋਂ ਜੀਂਦ ਦੀ ਮਹਾਂਪੰਚਾਇਤ ਵਿੱਚ ਉਹ ਗਏ ਸਨ, ਪਰ ਕੈਥਲ ਅਤੇ ਭਵਾਨੀ ਵਿਚ ਉਹ ਨਹੀਂ ਗਏ ਸੀ। ਰਾਕੇਸ਼ ਟਿਕੈਤ ਦੇ ਨਾਲ ਉਨਾਂ ਦਾ ਨਾ ਜਾਣਾ ਸੁਰਖੀਆਂ ਵਿਚ ਬਣਿਆ ਰਿਹਾ।

ਇਸ ਪਿੱਛੇ ਸਿਆਸਤ ਸੋਚ ਬਾਰੇ ਦੱਸਦਿਆਂ ਸਤੀਸ਼ ਤਿਆਗੀ ਕਹਿੰਦੇ ਹਨ, 'ਗੁਰਨਾਮ ਸਿੰਘ ਚੜੂਨੀ ਹਰਿਆਣਾ ਦੀ ਜੀ.ਟੀ. ਰੋਡ ਬੈਲਟ (ਕਰਨਾਲ, ਕੈਥਲ) ਤੋਂ ਹਨ, ਜਿੱਥੇ ਜਾਟਾਂ ਦਾ ਦਬਦਬਾ ਜ਼ਿਆਦਾ ਨਹੀਂ ਹੈ। ਇਸ ਇਲਾਕੇ ਵਿੱਚ ਖਾਪਾਂ ਦਾ ਪ੍ਰਭਾਵ ਵੀ ਜ਼ਿਆਦਾ ਨਹੀਂ ਹੈ। ਹਰਿਆਣਾ ਵਿੱਚ ਜਾਤੀਆਂ ਦੀ ਵਸੋਂ ਹਰ ਇਲਾਕੇ ਵਿੱਚ ਵੱਖਰੀ ਹੈ, ਜਿੱਥੇ ਇੱਕ ਇਲਾਕੇ ਵਿੱਚ ਜਾਟ ਰਹਿੰਦੇ ਹਨ, ਉੱਥੇ ਹੀ ਦੂਜੇ ਪਾਸੇ ਰਾਜਪੂਤ ਤੇ ਯਾਦਵ ਦੇ ਅਪਣੇ ਵੱਖਰੇ ਇਲਾਕੇ ਹਨ। ਰੋਹਤਕ, ਸੋਨੀਪਤ ਵਾਲੇ ਇਲਾਕੇ ਵਿੱਚ 50 ਫੀਸਦੀ ਤੋਂ ਵੀ ਜ਼ਿਆਦਾ ਜਾਟ ਮਿਲਣਗੇ, ਸੋ ਹੁਣ ਇਸ ਅੰਦੋਲਨ ਦਾ ਰੂਪ ਬਦਲ ਗਿਆ ਹੈ ਤੇ ਹੁਣ ਇਸ ਅੰਦੋਲਨ ਵਿਚ ਜਾਤੀ ਰੂਪ ਵੱਧ ਗਿਆ ਹੈ ਜਿਸ ਵਿਚ ਚੜੂਨੀ ਹੁਣ ਫਿੱਟ ਨਹੀਂ ਬੈਠਦੇ। ਜਾਟ ਭਾਈਚਾਰੇ ਨੂੰ ਹੁਣ ਰਾਕੇਸ਼ ਟਿਕੈਤ ਚੰਗੇ ਲੱਗ ਰਹੇ ਹਨ, ਬੇਸ਼ੱਕ ਚੜੂਨੀ ਜਾਟ ਆਗੂ ਤਾਂ ਹਨ ਪਰ ਉਹ ਸਿੱਖ ਜਾਟ ਹਨ। ਸਤੀਸ਼ ਤਿਆਗੀ 28 ਜਨਵਰੀ ਨੂੰ ਰਾਕੇਸ਼ ਟਿਕੈਤ ਦੇ ਉਨਾਂ ਭਾਵੁਕ ਪਲਾਂ ਵੱਲ ਇਸ਼ਾਰਾ ਕਰ ਰਹੇ ਹਨ, ਜਿਸ ਤੋਂ ਬਾਅਦ ਕਿਸਾਨ ਅੰਦੋਲਨ ਵਿੱਚ ਨਵੀਂ ਰੱਬੀ ਤਾਕਤ ਆ ਗਈ ਹੈ, ਗਾਜੀਪੁਰ ਬਾਰਡਰ ਜੋ ਖਾਲੀ ਹੋਣ ਲੱਗਿਆ ਸੀ, ਉੱਥੇ ਮੁੜ ਕਿਸਾਨਾਂ ਦੀ ਭੀੜ ਨਾਲ ਇਕੱਠਾ ਹੋਣਾ ਸ਼ੁਰੂ ਹੋ ਗਿਆ ਹੈ।

ਦੂਜੇ ਪਾਸੇ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਰਹੇ ਐੱਸ.ਐੱਸ ਚਹਿਰ ਕਹਿੰਦੇ ਹਨ, ਇਨਾਂ ਮਹਾਂਪੰਚਾਇਤਾਂ ਦਾ ਕਿਸਾਨੀ ਅੰਦੋਲਨ ਵਿੱਚ ਜ਼ਿਆਦਾ ਰੋਲ ਨਹੀਂ ਹੈ। ਖਾਪ ਤਾਂ ਜਾਤ 'ਤੇ



ਸਿੰਘੂ ਬਾਰਡਰ ਵਿਖੇ ਕੱਢੇ ਗਏ ਮੋਮਬੱਤੀ ਮਾਰਚ ਉਪਰੰਤ ਪੰਡਾਲ 'ਚ ਬੈਠੇ ਕਿਸਾਨ, ਔਰਤਾਂ ਤੇ ਬੱਚੇ।

ਆਧਾਰਤ ਹੁੰਦੀ ਹੈ, ਪਰ ਇਸ ਅੰਦੋਲਨ ਨੂੰ ਜਾਤ ਦੇ ਆਧਾਰ 'ਤੇ ਸਮਰਥਨ ਨਹੀਂ ਮਿਲ ਰਿਹਾ, ਸਗੋਂ ਸਾਰੀਆਂ ਜਾਤਾਂ ਦੇ ਕਿਸਾਨਾਂ ਤੋਂ ਮਿਲ ਰਿਹਾ ਹੈ। ਦੇਸ਼ ਦੇ ਕਿਸੇ ਵੀ ਪਿੰਡ ਵਿੱਚ ਦੋ ਤਰਾਂ ਦੇ ਲੋਕ ਰਹਿੰਦੇ ਹਨ, ਇੱਕ ਕਿਸਾਨ ਅਤੇ ਦੂਜਾ ਮਜ਼ਦੂਰ ਜਾਂ ਆਖ ਸਕਦੇ ਹਾਂ ਕਿ ਕਿਸਾਨੀ ਨਾਲ ਜੁੜਿਆ ਮਜ਼ਦੂਰ, ਇਹ ਅੰਦੋਲਨ ਉਨਾਂ ਦਾ ਹੀ ਹੈ, ਇਸ ਲਈ ਹਰ ਮਹਾਂਪੰਚਾਇਤ ਵਿੱਚ ਇਕੱਠ ਦੇਖਣ ਨੂੰ ਮਿਲ ਰਿਹਾ ਹੈ। ਹਾਲਾਂਕਿ ਪ੍ਰੋਫੈਸਰ ਚਹਿਰ ਮੰਨਦੇ ਹਨ ਕਿ ਰਾਕੇਸ਼ ਟਿਕੈਤ ਕਿਸਾਨਾਂ ਦੇ ਵੱਡੇ ਆਗੂ ਬਣ ਗਏ ਹਨ, ਪਰ ਸਿੰਘੂ ਅਤੇ ਟਿਕਰੀ 'ਤੇ ਅੰਦੋਲਨ ਦਮ ਤੋੜ ਰਿਹਾ ਹੈ।'

ਰਾਜਸਥਾਨ ਦੇ ਅਲਵਰ ਵਿੱਚ ਵੀ ਰਾਕੇਸ਼ ਟਿਕੈਤ ਦੀ ਮਹਾਂਪੰਚਾਇਤ ਹੋ ਚੁੱਕੀ ਹੈ। ਉੱਥੇ ਕਾਂਗਰਸ ਆਗੂ ਸਚਿਨ ਪਾਇਲਟ ਨੇ ਦੌਸਾ ਵਿੱਚ ਇੱਕ ਮਹਾਂਪੰਚਾਇਤ ਕੀਤੀ ਸੀ ਜਿਸ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਰਾਜਸਥਾਨ ਦੇ ਗੁੱਜਰ ਕਿਸਾਨ ਸ਼ਾਮਿਲ ਹੋਏ ਸਨ ਕਿਉਂਕਿ ਪਾਇਲਟ ਨੂੰ ਗੁੱਜਰ ਆਗੂ ਵਜੋਂ ਦੇਖਿਆ ਜਾਂਦਾ ਹੈ। ਰਾਜਸਥਾਨ ਵਿੱਚ ਕਿਸਾਨ ਜ਼ਿਆਦਾਤਰ ਜਾਟ ਜਾਤੀ ਦੇ ਲੋਕ ਹਨ। ਰਾਜਸਥਾਨ ਵਿੱਚ ਹੁਣ ਤੱਕ ਜਿੰਨੇ ਵੀ ਕਿਸਾਨ ਅੰਦੋਲਨ ਹੋਏ ਹਨ ਉਹ ਜਾਟਾਂ ਨੇ ਹੀ ਕੀਤੇ ਹਨ ਅਤੇ ਉਹ ਉਨਾਂ ਦੀ ਹੀ ਅਗਵਾਈ ਵਿੱਚ ਹੋਏ ਹਨ। ਇਸ ਲਈ ਇਸ ਵਾਰ ਦੇ ਕਿਸਾਨ ਅੰਦੋਲਨ ਦੀ ਅਗਵਾਈ ਵੀ ਜਾਟਾਂ ਦੇ ਹੱਥਾਂ ਵਿੱਚ ਹੀ ਹੈ, ਪਰ ਇਸ ਦਾ ਅਰਥ ਇਹ ਨਹੀਂ ਕਿ ਦੂਜੀਆਂ ਜਾਤਾਂ ਦੇ ਕਿਸਾਨ ਇਸ ਵਿੱਚ ਸ਼ਾਮਲ ਨਹੀਂ ਹਨ।'

ਜਿੱਥੋਂ ਤੱਕ ਰਾਜਸਥਾਨ ਵਿੱਚ ਜਾਟਾਂ ਦੇ ਦਬਦਬੇ ਦਾ ਸਵਾਲ ਹੈ, 100 ਵਿਧਾਨ ਸਭਾ ਸੀਟਾਂ 'ਤੇ ਉਨਾਂ ਦਾ ਇੱਕ ਪਾਸੇ ਝੁਕਾਅ ਜਿੱਤ ਹਾਰ ਤੈਅ ਕਰ ਸਕਦਾ ਹੈ। ਹਰ ਸਾਲ ਤਕਰੀਬਨ 30-40 ਸੀਟਾਂ 'ਤੇ ਜਾਟ ਆਗੂ ਚੁਣ ਕੇ ਜਾਂਦੇ ਹਨ, ਤੇ ਜੋ ਅਕਸਰ ਬੀਜੇਪੀ ਅਤੇ ਕਾਂਗਰਸ ਦੋਵਾਂ ਪਾਰਟੀਆਂ ਤੋਂ ਹੀ ਹੁੰਦੇ ਹਨ, ਇਨਾਂ ਦੋਵਾਂ ਪਾਰਟੀਆਂ ਦਾ ਦਬਦਬਾ ਰਾਜਸਥਾਨ ਵਿੱਚ ਬਹੁਤ ਜ਼ਿਆਦਾ ਹੈ।

ਇਹੀ ਕਾਰਨ ਹੈ ਕਿ ਰਾਜਸਥਾਨ ਅੰਦੋਲਨ ਵਿੱਚ ਕਿਸਾਨ ਅੰਦੋਲਨ ਦੇ ਆਗੂ ਹਨੂਮਾਨ ਬੇਨਿਵਾਲ ਬਣ ਗਏ ਹਨ, ਜੋ ਖੁਦ ਜਾਟ ਹਨ। ਦੂਜੇ ਨੇਤਾ ਅਮਰਾਮ ਰਾਮ ਹਨ ਜੋ ਸਾਹਜਹਾਂਪੁਰ ਬਾਰਡਰ 'ਤੇ ਹਨ, ਪਰ ਉਨਾਂ ਦਾ ਪ੍ਰਭਾਵ ਪੂਰੇ ਰਾਜਸਥਾਨ ਵਿੱਚ ਨਹੀਂ ਸਗੋਂ ਸੀਕਰ ਵਿੱਚ ਜ਼ਿਆਦਾ ਹੈ ਤੇ ਉਹ ਖੱਬੇ ਪੱਖੀ ਪਾਰਟੀ ਦੇ ਹਮਾਇਤੀ ਹਨ।

ਪੇਮਾਰਾਮ ਕਹਿੰਦੇ ਹਨ ਕਿ ਰਾਕੇਸ਼ ਟਿਕੈਤ ਦੀ ਮਹਾਂਪੰਚਾਇਤ ਜੇ ਰਾਜਸਥਾਨ ਵਿੱਚ ਹੋਵੇਗੀ ਤਾਂ ਰਾਜਸਥਾਨ ਵਿੱਚ ਵੀ ਅੰਦੋਲਨ ਜ਼ੋਰ ਫੜ ਸਕਦਾ ਹੈ। ਉੱਥੋਂ ਦੇ ਜਾਟਾਂ ਵਿੱਚ ਵੀ ਟਿਕੈਤ ਨੂੰ ਲੈ ਕੇ ਬਹੁਤ ਉਤਸ਼ਾਹ ਹੈ ਪਰ ਜ਼ਰੂਰਤ ਤਾਂ ਕਾਂਗਰਸ ਵਰਗੀ ਕਿਸੇ ਪਾਰਟੀ ਨੂੰ ਉਨਾਂ ਦੇ ਨਾਲ ਖੜੇ ਹੋਣ ਦੀ ਹੈ। ਇਹੀ ਕਾਰਨ ਹੈ ਕਿ ਟਿਕੈਤ ਦੇ ਮੰਚ ਉਪਰ ਸਿਆਸਤ ਦਾਨ ਆ ਰਹੇ ਹਨ ਪਰ ਉਹ ਸਿੱਖਾਂ ਦੀ ਤਾਕਤ ਨੂੰ ਸਮਝਦੇ ਹੋਏ ਸਿੱਖ ਸਭਿਆਚਾਰ ਤੇ ਸਿੱਖ ਸੰਗਤ ਨੂੰ ਤਰਜੀਹ ਦੇ ਰਹੇ ਹਨ।

### ਉੱਤਰ ਪ੍ਰਦੇਸ਼ ਵਿੱਚ ਟਿਕੈਤ ਦਾ ਸਮਰਥਨ

ਹਰਵੀਰ ਸਿੰਘ, ਰੂਰਲ ਵਾਇਸ ਡੌਟ ਇਨ ਦੇ ਸੰਪਾਦਕ ਹਨ। ਉਨਾਂ ਨੇ ਪੱਛਮੀ ਉੱਤਰ ਪ੍ਰਦੇਸ਼ ਨੂੰ ਕਈ ਸਾਲਾਂ ਤੱਕ ਕਵਰ ਕੀਤਾ ਹੈ। ਹਰਵੀਰ ਸਿੰਘ ਕਿਸਾਨੀ ਮਸਲੇ ਦੇ ਪੂਰੇ ਮੁੱਦੇ ਨੂੰ ਵੱਖਰੇ ਨਜ਼ਰੀਏ ਨਾਲ ਸਮਝਾਉਂਦੇ ਹਨ। ਉਨਾਂ ਮੁਤਾਬਿਕ, 'ਕਿਸਾਨ ਅੰਦੋਲਨ ਦੀ ਅਗਵਾਈ ਹਮੇਸ਼ਾ ਜਾਟਾਂ ਦੇ ਹੱਥਾਂ ਵਿੱਚ ਹੀ ਰਹੀ ਹੈ, ਭਾਵੇਂ ਹਰਿਆਣਾ ਹੋਵੇ ਜਾਂ ਪੰਜਾਬ, ਰਾਜਸਥਾਨ ਜਾਂ ਫਿਰ ਉੱਤਰ ਪ੍ਰਦੇਸ਼। ਹਰਿਆਣਾ ਵਿੱਚ ਗੁਰਨਾਮ ਸਿੰਘ ਚੜੂਨੀ ਜਾਟ ਆਗੂ ਹਨ ਤੇ ਉੱਤਰ ਪ੍ਰਦੇਸ਼ ਵਿੱਚ ਰਾਕੇਸ਼ ਟਿਕੈਤ ਵੀ ਜਾਟ ਹਨ। ਰਾਜਸਥਾਨ ਦੇ ਅਮਰਾਮ ਰਾਮ ਵੀ ਜਾਟ ਆਗੂ ਹਨ ਜੋ ਸਾਹਜਹਾਂਪੁਰ ਬਾਰਡਰ 'ਤੇ ਕਿਸਾਨ ਅੰਦੋਲਨ ਵਿੱਚ ਸ਼ੁਰੂ ਤੋਂ ਹੀ ਡਟੇ ਹੋਏ ਹਨ।'

ਪਰ ਕਿਸਾਨਾਂ ਦੀਆਂ ਜੋ ਮਹਾਂਪੰਚਾਇਤਾਂ ਹੋ ਰਹੀਆਂ ਹਨ ਉਨਾਂ ਵਿੱਚ ਸਿਰਫ਼ ਖਾਪ ਵਾਲੇ ਹੀ ਨਹੀਂ, ਹੋਰ ਲੋਕ ਵੀ ਸ਼ਾਮਿਲ ਹੋ ਰਹੇ ਹਨ, ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕੀ ਕਿਸਾਨ ਅੰਦੋਲਨ ਜਾਟ ਦਾ ਅੰਦੋਲਨ ਹੋ ਕੇ ਰਹਿ ਗਿਆ ਹੈ।

ਕੋਈ ਵੀ ਕਿਸਾਨੀ ਅੰਦੋਲਨ ਸਿਰਫ ਇੱਕ ਜਾਤੀ ਦੇ ਸਿਰ 'ਤੇ ਨਹੀਂ ਚਲ ਸਕਿਆ। ਸੋ ਮੁਜ਼ਫ਼ਰਨਗਰ ਵਿੱਚ ਮੁਸਲਮਾਨ ਵੀ ਵੱਡੀ ਗਿਣਤੀ ਵਿੱਚ ਆ ਕੇ ਕਿਸਾਨੀ ਏਕਤਾ ਦੀ ਸਹੀ ਤਸਵੀਰ ਲੋਕਾਂ ਸਾਹਮਣੇ ਲਿਆ ਰਹੇ ਹਨ। ਹਨ।

ਹਰਿਆਣਾ ਦੀ ਖਾਪ ਪੰਚਾਇਤਾਂ ਵਿੱਚ ਗੁਰਨਾਮ ਸਿੰਘ ਚੜੂਨੀ ਦੇ ਨਾ ਜਾਣ ਨੂੰ ਹਰਵੀਰ ਸਿੰਘ ਦੂਸਰੀ ਰਾਜਨੀਤੀ ਸਿਆਸਤ ਦੱਸਦੇ ਹਨ। ਉਨਾਂ ਮੁਤਾਬਕ, ਗੁਰਨਾਮ ਸਿੰਘ ਚੜੂਨੀ ਪਹਿਲਾਂ ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਪ੍ਰਧਾਨ ਹੁੰਦੇ ਸਨ, ਫਿਰ ਰਾਕੇਸ਼ ਟਿਕੈਤ ਦੇ ਨਾਲ ਉਨਾਂ ਦੀ ਨਾ ਬਣੀ ਅਤੇ ਉਨਾਂ ਨੇ ਦੂਸਰਾ ਧੜਾ ਬਣਾ ਲਿਆ। ਇਸ ਕਿਸਾਨ ਅੰਦੋਲਨ ਵਿੱਚ ਉਨਾਂ ਨੇ ਹਰਿਆਣਾ ਵਿੱਚ ਕਿਸਾਨਾਂ ਦੀ ਅਗਵਾਈ ਕੀਤੀ ਤੇ ਉਹ ਇੱਕ ਵੱਡੇ ਆਗੂ ਬਣਕੇ ਉੱਭਰੇ, ਪਰ ਕਿਸ ਮਹਾਂਪੰਚਾਇਤ ਵਿੱਚ ਕਿਹੜਾ ਨੇਤਾ ਜਾਵੇਗਾ ਇਹ ਉੱਥੋਂ ਦੀ ਖਾਪ ਤੈਅ ਕਰਦੀ ਹੈ ਨਾ ਕਿ ਕਿਸਾਨ ਆਗੂ। ਰਾਕੇਸ਼ ਟਿਕੈਤ ਨੂੰ ਸੱਦਾ ਆਵੇਗਾ ਤਾਂ ਉਹ ਜਾਣਗੇ ਤੇ ਜੇਕਰ ਚੜੂਨੀ ਨੂੰ ਸੱਦਾ ਨਹੀਂ ਆਏਗਾ ਤਾਂ ਉਹ ਉੱਥੇ ਨਹੀਂ ਜਾਣਗੇ। ਮੇਵਾਤ ਵਿੱਚ ਮਹਾਂਪੰਚਾਇਤ ਹੋਈ, ਉੱਥੇ ਰਾਕੇਸ਼ ਟਿਕੈਤ ਨਹੀਂ ਗਏ, ਉਥੇ ਯੁੱਧਵੀਰ ਸਿੰਘ ਗਏ ਤੇ ਇੱਕ ਮਹਾਂਪੰਚਾਇਤ ਵਿੱਚ ਰਾਜੇਵਾਲ ਅਤੇ ਦਰਸ਼ਨ ਪਾਲ ਗਏ, ਪਰ ਜਦੋਂ ਟਿਕੈਤ ਹੋਰਨਾਂ ਸੂਬਿਆਂ ਵਿੱਚ ਮਹਾਂਪੰਚਾਇਤਾਂ 'ਚ ਸ਼ਾਮਲ ਹੋਣ ਲੱਗ ਜਾਣਗੇ ਤਾਂ ਗਾਜੀਪੁਰ 'ਤੇ ਕਿਸਾਨਾਂ ਦੀ ਭੀੜ ਆਪਣੇ ਆਪ ਘੱਟ ਜਾਵੇਗੀ। ਪ੍ਰਸਿੱਧ ਵਿਦਵਾਨ ਗੁਰਬਚਨ ਸਿੰਘ ਕਹਿੰਦੇ ਹਨ, 'ਹੁਣ ਰਾਕੇਸ਼ ਟਿਕੈਤ ਦੇ ਲਈ ਵੀ ਬਿਨਾਂ ਮੰਗਾਂ ਮਨਵਾਉਣ ਤੋਂ ਧਰਨਾ ਖ਼ਤਮ ਕਰਨਾ ਸੌਖਾ ਨਹੀਂ ਹੋਵੇਗਾ।'

### ਜਾਟਾਂ ਦਾ ਵੋਟ ਬੈਂਕ ਉਪਰ ਪ੍ਰਭਾਵ

ਰਾਜਸਥਾਨ ਵਿੱਚ 2014 ਦੀਆਂ ਚੋਣਾਂ ਦੌਰਾਨ ਜਾਟਾਂ ਦੀਆਂ ਵੋਟਾਂ ਬੀਜੇਪੀ ਨੂੰ ਮਿਲੀਆਂ ਸਨ। 2018 ਦੀਆਂ ਵਿਧਾਨਸਭਾ ਚੋਣਾਂ ਵਿੱਚ ਉਨਾਂ ਦਾ ਵੱਡਾ ਹਿੱਸਾ 38-40 ਫੀਸਦੀ ਦੇ ਕਰੀਬ ਕਾਂਗਰਸ ਦੇ ਪੱਖ ਵਿੱਚ ਚਲਾ ਗਿਆ ਸੀ। ਪਰ ਫਿਰ 2019 ਵਿੱਚ ਉਹ ਬੀਜੇਪੀ ਦੇ ਖੇਮੇ ਵਿੱਚ ਆ ਗਏ। 2019 ਦੀਆਂ ਲੋਕਸਭਾ ਚੋਣਾਂ ਵਿੱਚ 55-60 ਫੀਸਦੀ ਜਾਟਾਂ ਨੇ ਬੀਜੇਪੀ ਦੇ ਹੱਕ ਵਿੱਚ ਵੋਟਾਂ ਪਾਈਆਂ। ਦੂਸਰੀ ਗੱਲ ਰਾਜਸਥਾਨ ਦੀ ਰਾਜਨੀਤੀ ਵਿੱਚ ਜਾਟਾਂ ਦਾ ਉਨਾਂ ਪ੍ਰਭਾਵ ਨਹੀਂ ਹੈ ਜਿੰਨਾਂ ਹਰਿਆਣਾ ਜਾਂ ਪੱਛਮੀ ਉੱਤਰ ਪ੍ਰਦੇਸ਼ ਦੀ ਰਾਜਨੀਤੀ ਵਿੱਚ ਹੈ। ਇਸ ਲਈ ਬੀਜੇਪੀ ਨੂੰ ਨੁਕਸਾਨ ਹੋਣ ਦੀ ਚਿੰਤਾ ਕੁਝ ਘੱਟ ਹੈ, ਰਹੀ ਗੱਲ ਉੱਤਰ ਪ੍ਰਦੇਸ਼ ਦੀ, ਤਾਂ ਪੱਛਮੀ ਉੱਤਰ ਪ੍ਰਦੇਸ਼ ਵਿੱਚ 44 ਸੀਟਾਂ 'ਤੇ ਜਾਟ ਬਹੁਗਿਣਤੀ ਹਨ, ਪਹਿਲਾਂ ਉਹ ਰਾਸ਼ਟਰੀ ਲੋਕ ਦਲ ਦੇ ਨਾਲ ਹੁੰਦੇ ਸਨ, ਪਰ 2014 ਅਤੇ ਉਸ ਤੋਂ ਬਾਅਦ ਦੀਆਂ ਚੋਣਾਂ ਤੋਂ ਬਾਅਦ ਬੀਜੇਪੀ ਦੇ ਨਾਲ ਨਜ਼ਰ ਆਉਣ ਲੱਗੇ ਸਨ। ਉਥੇ ਨੁਕਸਾਨ ਹੋਣ ਦੀ ਸੰਭਾਵਨਾ ਹੈ, ਪਰ ਉੱਤਰ ਪ੍ਰਦੇਸ਼ ਵਿੱਚ 403 ਵਿਧਾਨ ਸਭਾ ਸੀਟਾਂ ਹਨ।

### ਕਿਸਾਨ ਆਗੂਆਂ ਨੇ ਮੋਦੀ ਸਰਕਾਰ 'ਤੇ ਲਾਇਆ ਦੋਸ਼

ਹਰਿਆਣਾ ਦੇ ਕਰਨਾਲ ਜ਼ਿਲੇ ਦੇ ਇੰਦਰੀ ਵਿੱਚ ਹੋਈ ਕਿਸਾਨ ਮਹਾਂਪੰਚਾਇਤ ਦੌਰਾਨ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕੇਂਦਰ ਦੀ ਨਰਿੰਦਰ ਮੋਦੀ ਹਕੂਮਤ 'ਤੇ ਵਰਦਿਆਂ ਕਿਹਾ ਕਿ, ਸਰਕਾਰ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਉਨਾਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨ ਪਾਲ, ਗੁਰਨਾਮ ਸਿੰਘ ਚੜੂਨੀ ਸਮੇਤ ਹੋਰਨਾਂ ਆਗੂਆਂ ਦੇ ਹਵਾਲੇ ਨਾਲ ਕਿਹਾ ਕਿ ਕਿਸਾਨ ਅੰਦੋਲਨ ਦੇ 'ਮੰਚ ਅਤੇ ਪੰਚ' ਉਹੀ ਰਹਿਣਗੇ ਤੇ ਇਨਾਂ ਵੱਲੋਂ ਲਏ ਗਏ ਫੈਸਲਿਆਂ ਨੂੰ ਹੀ ਲਾਗੂ ਕੀਤਾ ਜਾਵੇਗਾ। ਉਨਾਂ ਕਿਹਾ ਕਿ ਦੇਸ਼ ਭਰ ਵਿੱਚ ਸੰਘਰਸ਼ ਕਰ ਰਹੇ ਕਿਸਾਨਾਂ ਦੀ ਮੰਗ ਹੈ ਕਿ ਤਿੰਨੋਂ ਕਾਨੂੰਨ ਰੱਦ ਕੀਤੇ ਜਾਣ ਅਤੇ ਐੱਮਐੱਸਪੀ 'ਤੇ ਫ਼ਸਲਾਂ ਦੀ ਖਰੀਦ ਦੀ ਗਾਰੰਟੀ ਵਾਲਾ ਕਾਨੂੰਨ ਲਿਆਂਦਾ ਜਾਵੇ। ਉਨਾਂ ਕਿਹਾ ਕਿ, ਜਦੋਂ ਤੱਕ ਇਹ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਬੀਕੇਯੂ (ਟਿਕੈਤ) ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨਾਂ ਦੇ ਹੱਕਾਂ ਲਈ ਸ਼ੁਰੂ ਕੀਤਾ ਗਿਆ ਸੰਘਰਸ਼ ਅੱਜ ਜਨ ਅੰਦੋਲਨ ਬਣ ਚੁੱਕਿਆ ਹੈ। ਇਸ ਅੰਦੋਲਨ ਨੂੰ ਦੇਸ਼ ਭਰ ਵਿੱਚ ਲਿਜਾਇਆ ਜਾਵੇਗਾ। ਇਸ ਦੌਰਾਨ ਗੁਜਰਾਤ ਅਤੇ ਦੇਸ਼ ਦੇ ਹੋਰਨਾਂ ਸੂਬਿਆਂ ਦੇ ਕਿਸਾਨਾਂ ਤੇ ਆਮ ਲੋਕਾਂ ਨੂੰ ਇਨਾਂ ਕਾਨੂੰਨਾਂ ਵਿਚਲੀਆਂ ਖਾਮੀਆਂ ਬਾਰੇ ਜਾਗਰੂਕ ਕੀਤਾ ਜਾਵੇਗਾ। ਕਰਨਾਲ ਦੇ ਇੰਦਰੀ ਵਿੱਚ ਹੋਈ ਕਿਸਾਨ ਮਹਾਂਪੰਚਾਇਤ ਵਿੱਚ ਪੰਜਾਬ ਤੋਂ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨ ਪਾਲ, ਗੁਰਨਾਮ ਸਿੰਘ ਚੜੂਨੀ ਅਤੇ ਸੰਯੁਕਤ ਕਿਸਾਨ ਮੋਰਚਾ ਦੇ ਹੋਰ ਆਗੂ ਵੀ ਹਾਜ਼ਰ ਸਨ। ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਦੇਸ਼ ਦਾ ਕਿਸਾਨ ਕੇਂਦਰ ਦੀ ਗਲਤ ਨੀਤੀਆਂ ਖ਼ਿਲਾਫ਼ ਸੰਘਰਸ਼ ਕਰ ਰਿਹਾ ਹੈ, ਪਰ ਕੇਂਦਰ ਸਰਕਾਰ ਆਪਣਾ ਅੜੀਅਲ ਵਤੀਰਾ ਛੱਡਣ ਲਈ ਤਿਆਰ ਨਹੀਂ ਹੈ। ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਨੂੰ 'ਪਰਜੀਵੀ' ਕਹਿਣ ਸਬੰਧੀ ਕਿਸਾਨਾਂ ਵਿੱਚ ਭਾਰੀ ਰੋਸ ਹੈ, ਜਿਸ ਕਰਕੇ ਅੱਜ ਪੰਜਾਬ, ਹਰਿਆਣਾ ਸਣੇ ਹੋਰਨਾਂ ਸੂਬਿਆਂ ਦੇ ਹਰੇਕ ਘਰ ਤੋਂ ਲੋਕ ਕਿਸਾਨ ਅੰਦੋਲਨ ਵਿੱਚ ਹਿੱਸਾ ਲੈ ਰਹੇ ਹਨ। ਰਾਜੇਵਾਲ ਨੇ ਕਿਹਾ ਕਿ ਕਿਸਾਨਾਂ ਦੀ ਮੰਗ ਹੈ ਕਿ ਤਿੰਨੋਂ ਖੇਤੀ ਕਾਨੂੰਨ ਰੱਦ ਕਰਕੇ ਐੱਮਐੱਸਪੀ 'ਤੇ ਫ਼ਸਲਾਂ ਦੀ ਖਰੀਦ ਦੀ ਗਾਰੰਟੀ ਵਾਲਾ ਕਾਨੂੰਨ ਲਿਆਂਦਾ ਜਾਵੇ ਅਤੇ ਜਦੋਂ ਤੱਕ ਸਰਕਾਰ ਕਿਸਾਨਾਂ ਦੀ ਮੰਗ ਨਹੀਂ ਮੰਨਦੀ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਡਾ. ਦਰਸ਼ਨ ਪਾਲ ਨੇ ਕਿਹਾ ਕਿ ਕਿਸਾਨ ਮਹਾਂਪੰਚਾਇਤਾਂ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋ ਰਹੇ ਹਨ ਅਤੇ ਹੁਣ ਦੇਸ਼ ਭਰ ਵਿੱਚ ਕਿਸਾਨ ਮਹਾਂਪੰਚਾਇਤਾਂ ਕੀਤੀਆਂ ਜਾਣਗੀਆਂ। ਗੁਰਨਾਮ ਸਿੰਘ ਚੜੂਨੀ ਨੇ ਦੱਸਿਆ ਕਿ ਕੇਂਦਰੀ ਖੇਤੀ ਕਾਨੂੰਨ ਕਿਸਾਨੀ ਨੂੰ ਤਬਾਹ ਕਰ ਦੇਣਗੇ ਅਤੇ ਦੇਸ਼ ਵਿੱਚ ਮਹਿੰਗਾਈ ਨੂੰ ਵਧਾਉਣਗੇ ਤੇ ਇਸ ਦਾ ਅਸਰ ਹਰ ਤਬਕੇ ਦੇ ਲੋਕਾਂ 'ਤੇ ਪਵੇਗਾ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸਾਨ ਅੰਦੋਲਨ ਵਿੱਚ ਵਧ ਚੜ ਕੇ ਹਿੱਸਾ ਲਿਆ ਜਾਵੇ ਤਾਂ ਜੋ ਕੇਂਦਰ ਸਰਕਾਰ ਦੀਆਂ ਅੱਖਾਂ ਖੁੱਲ ਜਾਣ।

# ਸੁਪਰੀਮ ਕੋਰਟ ਟਵਿਟਰ ਬਾਰੇ ਸਖਤ

## ✪ ਕੇਂਦਰ ਅਤੇ ਟਵਿੱਟਰ ਨੂੰ ਨੋਟਿਸ ✪ ਫੇਕ ਅਕਾਊਂਟ ਰਾਹੀਂ ਝੂਠੀਆਂ ਖ਼ਬਰਾਂ ਫੈਲਾਉਣ ਦੀ ਹੋਵੇ ਜਾਂਚ ✪

## ਇੰਟਰਨੈੱਟ ਮੀਡੀਆ ਦੀ ਮਨਮਾਨੀ ’ਤੇ ਰੋਕ ਲਗਾਏਗੀ ਸਰਕਾਰ !

**ਨਵੀਂ ਦਿੱਲੀ/ਏ.ਟੀ.ਨਿਊਜ਼:** ਸੁਪਰੀਮ ਕੋਰਟ ਨੇ ਇਕ ਜਨਹਿੱਤ ਪਟੀਸ਼ਨ ’ਤੇ ਸੁਣਵਾਈ ਕਰਦੇ ਹੋਏ ਕੇਂਦਰ ਸਰਕਾਰ ਅਤੇ ਟਵਿੱਟਰ ਨੂੰ ਨੋਟਿਸ ਜਾਰੀ ਕੀਤਾ ਹੈ। ਸੁਪਰੀਮ ਕੋਰਟ ਨੇ ਕੇਂਦਰ, ਟਵਿੱਟਰ ਅਤੇ ਹੋਰ ਇੰਟਰਨੈੱਟ ਮੀਡੀਆ ਪਲੇਟਫਾਰਮ ਨੂੰ ਫ਼ਰਜ਼ੀ ਨਿਊਜ਼ ਦੇ ਮਾਧਿਅਮ ਨਾਲ ਨਫ਼ਰਤ ਫੈਲਾਉਣ ਵਾਲੀ ਟਵਿੱਟਰ ਸਮੱਗਰੀ ਅਤੇ ਵਿਗਿਆਪਨਾਂ ਦੀ ਜਾਂਚ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਸਰਕਾਰ ਅਤੇ ਟਵਿੱਟਰ ਸਮੇਤ ਹੋਰ ਇੰਟਰਨੈੱਟ ਮੀਡੀਆ ਪਲੇਟਫਾਰਮ ਨੂੰ ਫ਼ਰਜ਼ੀ ਨਿਊਜ਼ ਅਤੇ ਫ਼ਰਜ਼ੀ ਅਕਾਊਂਟ ਦੇ ਮਾਧਿਅਮ ਨਾਲ ਭੜਕਾਉਣ ਵਾਲੇ ਸੰਦੇਸ਼ਾਂ ਦੀ ਜਾਂਚ ਲਈ ਨੋਟਿਸ ਜਾਰੀ ਕੀਤਾ ਹੈ।

ਇੰਟਰਨੈੱਟ ਮੀਡੀਆ ਦੀ ਮਨਮਾਨੀ ’ਤੇ ਰੋਕ ਲਗਾਉਣ ਲਈ ਕੇਂਦਰ ਸਰਕਾਰ, ਆਈਟੀ ਨਿਯਮਾਂ ’ਚ ਬਦਲਾਅ ਕਰਨ ਜਾ ਰਹੀ ਹੈ। ਕੇਂਦਰ ਸਰਕਾਰ ਨੇ ਆਈਟੀ ਨਿਯਮਾਂ ’ਚ ਬਦਲਾਅ ਦੀ ਜਾਣਕਾਰੀ ਸੰਸਦ ਨੂੰ ਦਿੱਤੀ ਹੈ। ਸਰਕਾਰ ਦਾ ਮੰਨਣਾ ਹੈ ਕਿ ਆਈਟੀ ਨਿਯਮਾਂ ’ਚ ਸੋਧ ਰਾਹੀਂ ਇੰਟਰਨੈੱਟ ਮੀਡੀਆ ਪਲੇਟਫਾਰਮ ਭਾਰਤੀ ਕਾਨੂੰਨ ਪ੍ਰਤੀ ਜ਼ਿਆਦਾ



ਜਵਾਬਦੇਹ ਹੋਵੇਗਾ। ਨਵੇਂ ਨਿਯਮਾਂ ਦੇ ਆਉਣ ਨਾਲ ਡਿਜੀਟਲ ਮੀਡੀਆ ਪਲੇਟਫਾਰਮ ਨੂੰ ਭਾਰਤੀ ਜਾਬਤਾ ਦਾ ਪਾਲਣ ਕਰਨ ਲਈ ਵਚਨਬੱਧ ਹੋਣ ਪਵੇਗਾ।

ਇਸਤੋਂ ਇਕ ਹਫ਼ਤਾ ਪਹਿਲਾਂ ਹੀ ਸੁਪਰੀਮ ਕੋਰਟ ’ਚ ਫੇਕ ਨਿਊਜ਼ ’ਤੇ ਰੋਕ ਲਗਾਉਣ ਲਈ ਇੰਟਰਨੈੱਟ ਮੀਡੀਆ ਨੂੰ ਕੰਟਰੋਲ ਕਰਕੇ ਕਾਨੂੰਨ ਦੇ ਦਾਇਰੇ ’ਚ ਲਿਆਉਣ ਲਈ ਦਰਜ ਜਨਹਿੱਤ ਪਟੀਸ਼ਨ ’ਤੇ ਸੁਣਵਾਈ ਹੋਈ ਸੀ। ਸੁਪਰੀਮ ਕੋਰਟ ਨੇ ਟਵਿੱਟਰ ਅਤੇ ਫੇਸਬੁੱਕ ਜਿਹੇ ਸੋਸ਼ਲ ਮੀਡੀਆ ਮੰਚਾਂ ਨੂੰ ਰੈਗੂਲਰ ਕਰਨ ਦਾ ਕਾਨੂੰਨ ਬਣਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ ’ਤੇ ਸੁਣਵਾਈ ਕਰਦੇ ਹੋਏ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਸੀ। ਜਿਸ ਤੋਂ ਬਾਅਦ ਸਰਕਾਰ ਵੱਲੋਂ ਸੰਸਦ ’ਚ ਇਹ ਐਲਾਨ ਕੀਤਾ ਗਿਆ ਹੈ।

ਕੇਂਦਰ ਸਰਕਾਰ ਵੱਲੋਂ ਆਈਟੀ ਨਿਯਮਾਂ ’ਚ ਬਦਲਾਅ ਦਾ ਐਲਾਨ ਅਜਿਹੇ ਸਮੇਂ ’ਚ ਕੀਤਾ ਗਿਆ ਹੈ, ਜਦੋਂ ਟਵਿੱਟਰ ਅਤੇ ਕੇਂਦਰ ਵਿਚਕਾਰ ਵਿਵਾਦ ਚੱਲ ਰਿਹਾ ਹੈ। ਦਰਅਸਲ, ਕੇਂਦਰ ਸਰਕਾਰ ਨੇ ਟਵਿੱਟਰ ’ਤੇ ਹੈਸ਼ਟੈਗ ਫਾਰਮਰਸ ਜੇਨੋਸਾਈਡ ਨਾਲ ਜੁੜੇ ਸਾਰੇ ਯੂਆਰਐਲ ਨੂੰ ਬਲਾਕ ਕਰਨ ਦਾ ਆਦੇਸ਼ ਦਿੱਤਾ ਸੀ ਪਰ ਟਵਿੱਟਰ ਇਨਾਂ ਯੂਆਰਐਲ ਨੂੰ ਬਲਾਕ ਕਰਨ ਤੋਂ ਮਨਾ ਕਰਕੇ ਆਨਾਕਾਨੀ ਕਰ ਰਿਹਾ ਹੈ।

## ਟਵਿਟਰ ਨਾਲ ਵਿੱਢੀ ਲੜਾਈ ਨੇ ਭਾਰਤ ਵਿੱਚ ਪ੍ਰਗਟਾਵੇ ਦੀ ਅਜਾਦੀ ਬਾਰੇ ਚੁੱਕੇ ਅੰਤਰਰਾਸਟਰੀ ਖੇਮੇ ਵਿੱਚ ਸੁਆਲ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪਿੱਛਲੇ ਕੁੱਝ ਹਫਤਿਆਂ ਵਿੱਚ ਭਾਰਤ ਸਰਕਾਰ ਤੇ ਟਵਿਟਰ ਵਿੱਚ ਲਗਾਤਾਰ ਮੱਠੀ ਜੰਗ ਜਾਰੀ ਹੈ ਤੇ ਹੁਣ ਸਥਿਤੀ ਇੱਥੋਂ ਤੱਕ ਪਹੁੰਚ ਗਈ ਹੈ ਕਿ ਸੰਚਾਰ ਮਨਿਸਟਰ ਰਵੀ ਸੰਕਰ ਪ੍ਰਸਾਦ ਨੇ ਪਾਰਲੀਮੈਂਟ ਵਿੱਚ ਕਹਿ ਦਿੱਤਾ ਕਿ ਜੇ ਟਵਿਟਰ, ਫੇਸਬੁੱਕ, ਯੂ ਟਿਊਬ ਅਤੇ ਲਿੰਕਡਿਨ ਵਰਗੇ ਸੋਸਲ ਮੀਡੀਆ ਪਲੇਟਫਾਰਮ ਝੂਠੀਆਂ ਖਬਰਾਂ, ਹਿੰਸਾ ਤੇ ਬਦਜਨੀ ਫੈਲਾਉਣ ਵਿੱਚ ਸਹਾਈ ਹੁੰਦੀਆਂ ਹਨ ਤਾਂ ਇਹਨਾਂ ਵਿਰੁੱਧ ਸਖਤ ਕਦਮ ਚੁੱਕੇ ਜਾ ਸਕਦੇ ਹਨ ਅਤੇ ਇਹਨਾਂ ਨੂੰ ਭਾਰਤ ਵਿੱਚ ਬੰਦ ਵੀ ਕੀਤਾ ਜਾ ਸਕਦਾ ਹੈ। ਇਹਨਾਂ ਨੂੰ ਭਾਰਤ ਦਾ ਸੰਵਿਧਾਨ ਮੰਨਣਾ ਪਏਗਾ।

ਇਹ ਬਿਆਨ ਭਾਰਤ ਸਰਕਾਰ ਅਤੇ ਟਵਿਟਰ ਵਿੱਚਕਾਰ ਲਗਾਤਾਰ ਚੱਲ ਰਹੇ ਟਕਰਾਅ ਤੋਂ ਬਾਅਦ ਆਇਆ ਹੈ। ਪਿਛਲੇ ਬੁੱਧਵਾਰ ਭਾਰਤ ਵੱਲੋਂ ਤਕਰੀਬਨ 1500 ਖਾਤੇ ਬੰਦ ਕਰਨ ਦੀ ਮੰਗ ਤੇ ਕਾਰਵਾਈ ਕਰਦਿਆਂ 500 ਦੇ ਕਰੀਬ ਖਾਤੇ ਬੰਦ ਕਰ ਦਿੱਤੇ ਸਨ ਜਿਹਨਾਂ ਵਿੱਚ ਗਾਲੀ ਗਲੋਚ ਜਾਂ



ਖਾਲਿਸਤਾਨ ਪੱਖੀ ਹੋਣ ਦੀ ਖਬਰ ਮਿਲੀ ਹੈ। ਟਵਿਟਰ ਨੇ ਰਾਜਨੀਤਿਕ ਪਾਰਟੀਆਂ, ਮੀਡੀਆ ਜਾਂ ਸੰਸਥਾਵਾਂ ਨਾਲ ਸਬੰਧਤ ਖਾਤੇ ਬੰਦ ਕਰਣ ਤੋਂ ਇਸਲਈ ਨਾਂਹ ਕਰ ਦਿੱਤੀ ਸੀ ਕਿ ਉਹਨਾਂ ਕੋਲ ਬੋਲਣ ਅਤੇ ਪ੍ਰਗਟਾਵੇ ਦੀ ਅਜਾਦੀ ਹੈ।

ਬੀ ਜੇ ਪੀ ਨੇ ਅਜਿਹੇ ਦਬਾਅ ਹੇਠ ਹੀ ਅਖਬਾਰਾਂ ਅਤੇ ਟੀ ਵੀ ਚੈਨਲਾਂ ਤੇ ਆਪਣੀ ਮਰਜੀ ਦੀ ਗੱਲ ਕਰਣ ਲਈ ਕਾਬੂ ਕੀਤਾ ਹੋਇਆ ਹੈ ਜਿਸ ਕਰਕੇ ਹੀ ਗੋਦੀ ਮੀਡੀਆ ਦੀ ਅਖਾਣ ਸਾਰੀ ਦੁਨੀਆਂ ਵਿੱਚ ਮਸਹੂਰ ਹੋਈ। ਹੁਣ ਸੋਸਲ ਮੀਡੀਆ ਤੇ ਵੀ ਬੀ ਜੇ ਪੀ ਆਪਣਾ ਕਬਜਾ ਕਰਨਾ ਚਾਹੁੰਦੀ ਹੈ। ਇਸੇ ਤਰਾਂ ਲੋਕਾਂ ਤੱਕ ਗੱਲ ਪਹੁੰਚਾਉਣ ਦੇ ਹਰ ਮਾਧਿਅਮ ਨੂੰ ਆਪਣੇ ਹੱਕ ਵਿੱਚ ਵਰਤਣਾ ਚਾਹੁੰਦੀ ਹੈ। ਸਪੀਚਾਂ , ਵੈਟਸਐਪ ਜਾਂ ਆਪਸ ਵਿੱਚ ਟੈਕਸਟ ਵੀ ਇਤਰਾਜਯੋਗ ਕਹਿ ਕੇ ਲੋਕਾਂ ਨੂੰ ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੈ ਜਿਸ ਵਿੱਚ ਇਸ ਮਹੀਨੇ ਦੀਪ ਸਿੱਧੂ, ਦਿਸਾ ਰਵੀ ਅਤੇ ਨੀਕਿਤਾ ਜੇਕਬ ਦੀਆਂ ਉਦਾਹਰਣਾਂ ਪ੍ਰਮੁੱਖ ਹਨ। ਲੋਕਾਂ ਦੇ ਸੰਚਾਰ ਸਾਧਣ ਨੂੰ ਵੀ ਕਈ ਦਿਨ ਹਰਿਆਣਾ ਵਿੱਚ ਬੰਦ ਰੱਖਿਆ ਗਿਆ ਹੈ। ਦੇਸ ਲਗਾਤਾਰ ਅਰਾਜਕਤਾ ਵੱਲ ਵੱਧ ਰਿਹਾ ਹੈ।

## ਹੋਰ ਕੁਝ ਨਹੀਂ ਤਾਂ ਇਨਸਾਨ ਹੋਣ ਦਾ ਹੀ ਸਬੂਤ ਦੇ, ਹਾਅ ਦਾ ਨਾਹਰਾ ਤੇ ਮਾਰ

**- ਸਤਵੰਤ ਸਿੰਘ**

ਦੀਪ ਸਿੱਧੂ ਤੋਂ ਭਾਰਤੀ ਸਟੇਟ ਵੱਲੋਂ ਉਸ ਦਾ ਜਮਹੂਰੀ ਹੱਕ ਵੀ ਖੋਹਿਆ ਗਿਆ ਹੈ। (ਨਿਰਪੱਖ ਅਦਾਲਤੀ ਟ੍ਰਾਇਲ) ਹਰ ਬੰਦੇ ਦਾ ਹੱਕ ਹੈ। ਜਿਸ ਦੀ ਗਵਾਹੀ ਦਾ 10 ਅਤੇ ਭਾਰਤੀ ਸੰਵਿਧਾਨ ਦਾ 21 ਭਰਦਾ ਹੈ।

ਦੀਪ ਸਿੱਧੂ ਨੂੰ ਆਪਣੇ ਵਕੀਲਾਂ ਨਾਲ ਵੀ ਮਿਲਣ ਨਹੀਂ ਦਿੱਤਾ ਗਿਆ। ਉਸ ਨੂੰ 10:30 ਵਜੇ ਤੀਸ ਹਜਾਰੀ ਅਦਾਲਤ’ਚ ਪੇਸ ਕੀਤਾ ਜਾਣਾ ਸੀ। ਦੀਪ ਦੇ ਵਕੀਲ ਉਥੇ ਸਵੇਰੇ 9 ਵਜੇ ਤੋਂ ਹੀ ਉਡੀਕ ਕਰ ਰਹੇ ਸਨ। ਜਦਕਿ ਪੁਲਿਸ ਨੇ ਉਸ ਨੂੰ 8:30 ਵਜੇ ਦੇ ਕਰੀਬ ਜੱਜ ਦੇ ਘਰੇ ਹੀ ਪੇਸ ਕਰ ਕੇ ਉਸ ਦਾ 7 ਦਿਨਾਂ ਦਾ ਹੋਰ ਪੁਲਿਸ ਰਿਮਾਂਡ ਲੈ ਲਿਆ।

ਇਸ ਸਰੇਆਮ ਧੱਕਾ ਹੈ; ਦੀਪ ਸਿੱਧੂ ਇੱਕ ਵਕੀਲ ਵੀ ਹੈ। ਬਾਰ ਕੌਂਸਲਾਂ ਨੂੰ ਦੀਪ ਦੇ ਹੱਕ’ਚ ਆਉਣਾ ਚਾਹੀਦਾ ਹੈ ਤਾਂ ਕਿ ਉਸ ਨੂੰ ਦਾ ਹੱਕ ਮਿਲ ਸਕੇ। ਇਸ ਦੀ ਸ਼ਿਕਾਇਤ ਮਨੁੱਖੀ ਅਧਿਕਾਰਾਂ ਦੀਆਂ ਸੰਸਥਾਵਾਂ ਕੋਲ ਵੀ ਕਰਨੀ ਚਾਹੀਦੀ ਹੈ। ਲੋਕਾਂ ਨੂੰ ਵੀ ਇਸ ਧੱਕੇ ਦੇ ਖਿਲਾਫ ਖੜੇ ਹੋਣਾ ਚਾਹੀਦਾ ਹੈ।

ਦੀਪ ਸਿੱਧੂ ਇਸ ਘਟਨਾ ਦਾ ਮੁੱਖ ਚੇਹਰਾ ਹੈ ਤੇ ਉਹ ਨਿਰਦੋਸ ਵੀ ਹੈ। ਉਹ ਬਾਕੀ ਹਜਾਰਾਂ ਲੋਕਾਂ ਵਾਂਗ ਹੀ ਉੱਥੇ ਗਿਆ ਸੀ। ਜੇਕਰ ਅਸੀਂ ਦੀਪ ਨੂੰ ਬਚਾ ਲੈਂਦੇ ਹਾਂ ਤਾਂ ਬਾਕੀਆਂ ਨੇ ਉਸ ਦੇ ਨਾਲ ਹੀ ਬਚ ਜਾਣਾ। ਤੁਹਾਡਾ ਚੁੱਪ ਰਹਿਣਾ ਵੀ ਜੁਲਮ ਦੇ ਹੱਕ’ਚ ਗਵਾਹੀ ਭਰਦਾ ਹੈ। ਹੱਕ-ਸੱਚ ਦੇ ਹੱਕ’ਚ ਆਵਾਜ ਬੁਲੰਦ ਕਰੋ। ਧੱਕਾ ਹੁੰਦਾ ਦੇਖ ਕੇ ਅੱਖਾਂ ਬੰਦ ਕਰਨੀਆਂ ਕੇਵਲ ਬੁਜਦਿਲੀ ਹੀ ਨਹੀਂ ; ਉਸ ਧੱਕੇ ਨਾਲ ਸਹਿਮਤੀ ਵੀ ਹੈ।

## ਟਵਿਟਰ ਤੋਂ ਬਾਅਦ ਹੁਣ ਯੂ ਟਿਊਬ ਵੱਲੋਂ ਕਾਰਵਾਈ, ਕਿਸਾਨ ਅੰਦੋਲਨ ਦੇ ਸਬੰਧ ’ਚ ਕਨਵਰ ਗਰੇਵਾਲ, ਹਿੰਮਤ ਸੰਧੂ ਦੇ ਗੀਤ ਹੋਏ ਬਲਾਕ

**ਦਿੱਲੀ/ਏ.ਟੀ.ਨਿਊਜ਼:** ਯੂ-ਟਿਊਬ ਨੇ ਕਿਸਾਨ ਅੰਦੋਲਨ ਸਬੰਧੀ ਇਕ ਵੱਡੀ ਕਾਰਵਾਈ ਕੀਤੀ ਹੈ। ਯੂ-ਟਿਊਬ ਨੇ ਕਿਸਾਨ ਸੰਘਰਸ਼ ਨਾਲ ਜੁੜੇ ਕੁਝ ਗੀਤਾਂ ਨੂੰ ਬਲਾਕ ਕਰ ਦਿੱਤਾ ਹੈ। ਇਹ ਗੀਤ ਪ੍ਰਸਿੱਧ ਗਾਇਕ ਕਨਵਰ ਗਰੇਵਾਲ ਅਤੇ ਹਿੰਮਤ ਸੰਧੂ ਦੇ ਹਨ। ਦੱਸਣਯੋਗ ਹੈ ਕਿ ਇਹ ਦੋਵੇਂ ਗਾਇਕ ਲਗਾਤਾਰ ਕਿਸਾਨ ਅੰਦੋਲਨ ਨਾਲ ਜੁੜੇ ਹੋਏ ਹਨ। ਯੂ-ਟਿਊਬ ਨੇ ਕਾਰਵਾਈ ਕਰਦਿਆਂ ਕਨਵਰ ਗਰੇਵਾਲ ਦਾ ਗੀਤ ‘ਐਲਾਨ’ ਅਤੇ ਹਿੰਮਤ ਸੰਧੂ ਦਾ ਗੀਤ ‘ਅਸੀਂ ਵੱਡਾਂਗੇ’ ਤੇ ‘ਖਾੜਕੂ’ ਅਤੇ ਕੁਰਾਲਾ ਮਾਨ ਦਾ ਗੀਤ ‘ਵੈਪਨ ਸ਼ੋਲਡਰ’ ਬਲਾਕ ਕਰ ਦਿੱਤੇ ਹਨ।




ਯੂ-ਟਿਊਬ ਨੇ ਇਹ ਕਾਰਵਾਈ ਸਰਕਾਰ ਦੀ ਸ਼ਿਕਾਇਤ ’ਤੇ ਕੀਤੀ ਹੈ। ਸਰਕਾਰ ਵੱਲੋਂ ਯੂ-ਟਿਊਬ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਸੀ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਲਗਾਤਾਰ ਵੱਖ ਵੱਖ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਚੱਲ ਰਹੇ ਕਿਸਾਨ ਅੰਦੋਲਨ ਦੇ ਹੱਕ ਵਿਚ ਪੋਸਟਾਂ ਨੂੰ ਜਾਂ ਤਾਂ ਡਿਲੀਟ ਕਰਵਾ ਰਹੀ ਹੈ ਤੇ ਜਾਂ ਫਿਰ ਉਨਾਂ ਦੇ ਅਕਾਊਂਟ ਬਲਾਕ ਕਰਵਾ ਰਹੀ ਹੈ। ਯੂ-ਟਿਊਬ ਵੱਲੋਂ ਡਿਲੀਟ ਕੀਤੇ ਗਏ ਇਨਾਂ ਗਾਣਿਆਂ ਦੇ ਸਬੰਧ ਵਿਚ ਬੀਕੇਯੂ ਉਗਰਾਹਾਂ ਦੇ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਇਨਾਂ ਗਾਣਿਆਂ ਨੂੰ ਯੂ-ਟਿਊਬ ਤੋਂ ਤਾਂ ਹਟਵਾ ਸਕਦੀ ਹੈ ਪਰ ਲੋਕਾਂ ਦੇ ਦਿਲਾਂ ਵਿਚੋਂ ਇਨਾਂ ਗਾਣਿਆਂ ਨੂੰ ਕਿਵੇਂ ਕੱਢ ਸਕਦੀ ਹੈ।

ਇਸ ਸਬੰਧ ਵਿਚ ਕੰਵਰ ਗਰੇਵਾਲ ਨੇ ਦੱਸਿਆ ਕਿ ਸਾਡੇ ਸਾਰਿਆਂ ਲਈ ਇਹ ਬਹੁਤ ਵੱਡਾ ਮੁੱਦਾ ਹੈ। ਅਸੀਂ ਸਾਰੇ ਹੀ ਇਸ ਮਿੱਟੀ ਨਾਲ ਜੁੜੇ ਹੋਏ ਹਾਂ। ‘ਐਲਾਨ’ ਗੀਤ ਵਿਚ ਮੇਰੀ ਆਵਾਜ਼ ਪਿੱਛੇ ਆਮ ਜਨਤਾ ਦੇ ਵਿਦਰੋਹ ਦੀ ਆਵਾਜ਼ ਹੈ, ਜੋ ਸਰਕਾਰ ਨੂੰ ਸੁਣਨੀ ਚਾਹੀਦੀ ਹੈ। ਮਸ਼ਹੂਰ ਗੀਤਕਾਰ ਹਿੰਮਤ ਸੰਧੂ ਦਾ ਇਹ ਗੀਤ ਕਿਸਾਨ ਅੰਦੋਲਨ ਦੇ ਸਬੰਧ ਵਿਚ ਚਾਰ ਮਹੀਨੇ ਪਹਿਲਾਂ ਰਿਲੀਜ਼ ਹੋਇਆ ਸੀ ਤੇ ਹੁਣ ਤਕ ਇਸ ਨੂੰ 13 ਮਿਲੀਅਨ ਵਿਊ ਮਿਲੇ ਸਨ। ਕੰਵਰ ਗਰੇਵਾਲ ਵੱਲੋਂ ਗਾਇਆ ਗੀਤ ਐਲਾਨ ਵੀ 1 ਕਰੋੜ ਤੋਂ ਜ਼ਿਆਦਾ ਵਿਊ ਹਾਸਲ ਕਰ ਚੁੱਕਾ ਸੀ।

ਕੇਂਦਰ ਸਰਕਾਰ ਦੀ ਅਪੀਲ ‘ਤੇ ਟਵਿੱਟਰ ’ਤੇ 1200 ਦੇ ਕਰੀਬ ਅਕਾਊਂਟ ਸਸਪੈਂਡ ਹੋ ਚੁੱਕੇ ਹਨ। ਕਿਸਾਨ ਅੰਦੋਲਨ ਤੋਂ ਬਿਨਾਂ ਵਿਚ ਕੇਂਦਰ ਸਰਕਾਰ ਦੀ ਅਪੀਲ ’ਤੇ 250 ਦੇ ਕਰੀਬ ਅਕਾਊਂਟ ਟਵਿੱਟਰ ‘ਤੇ ਬੰਦ ਕੀਤੇ ਗਏ ਹਨ।



# ਲਾਲ ਕਿਲਾ ਤੇ ਨਿਸ਼ਾਨ ਸਾਹਿਬ

## ਟਵਿੱਟਰ ਤੇ ਟੂਲ ਕਿੱਟ

ਕਥਾ ਹੈ, ਬਈ ਬਘਿਆੜ ਨੇ ਆਪਣੇ ਤੋਂ ਥੋੜੀ ਵਿੱਥ ਤੇ ਪਾਣੀ ਪੀਂਦੇ ਲੇਲੇ ਨੂੰ ਖਾਣ ਦਾ ਬਹਾਨਾ ਬਣਾਉਂਦੇ ਪਹਿਲਾਂ ਆਖਿਆ ਕਿ ਤੂੰ ਮੈਨੂੰ ਪਿਛਲੇ ਸਾਲ ਗਾਲ ਕੱਢਕੇ ਭੱਜ ਗਿਆ ਸੀ, ਲੇਲੇ ਨੇ ਜਵਾਬ ਦਿੱਤਾ ਕਿ ਮੈਂ ਤਾਂ ਪਿਛਲੇ ਸਾਲ ਜੰਮਿਆ ਵੀ ਨਹੀਂ ਸੀ, ਬਘਿਆੜ ਕਹਿੰਦਾ ਕਿ ਫਿਰ ਤੇਰਾ ਪਿਓ ਹੋਊ, ਲੇਲੇ ਨੇ ਉਸ ਦਾ ਵੀ ਜਵਾਬ ਦੇ ਦਿੱਤਾ। ਬਘਿਆੜ ਫਿਰ ਕਹਿੰਦਾ ਕਿ ਤੂੰ ਮੇਰੇ ਪੀਣ ਵਾਲਾ ਪਾਣੀ ਜੂਠਾ ਕਰ ਰਿਹਾਂ, ਲੇਲੇ ਨੇ ਜਦੋਂ ਕਿਹਾ ਕਿ ਜਨਾਬ ਪਾਣੀ ਤਾਂ ਤੁਹਾਡੇ ਵੱਲੋਂ ਜੂਠਾ ਹੋ ਕੇ ਆ ਰਿਹਾ ਤਾਂ ਬਘਿਆੜ ਨੇ ਇਹ ਕਹਿ ਕੇ ਲੇਲੇ ਨੂੰ ਪਾੜ ਸੁੱਟਿਆ ਕਿ ਤੂੰ ਆਪਣੇ ਤੋਂ ਵੱਡਿਆਂ ਅੱਗੇ ਜੁਬਾਨ ਚਲਾਉਨੈ।

ਕਿਸਾਨ ਮੋਰਚੇ ਨੂੰ ਵੀ ਬਘਿਆੜ ਬਣੇ ਬੈਠੇ ਹਾਕਮਾਂ ਨੇ ਹਰ ਤੋਹਮਤ ਲਾ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਪਰ ਲੋਕਾਈ ਸਰਕਾਰੀ ਪ੍ਰਚਾਰ ਤੋਂ ਪ੍ਰਭਾਵਿਤ ਨਾ ਹੋਈ। ਫਿਰ 26 ਜਨਵਰੀ ਨੂੰ ਲਾਲ ਕਿਲੇ ਦੀ ਘਟਨਾ ਨੂੰ 'ਹਿੰਸਾ' ਬਣਾ ਕੇ ਪੇਸ਼ ਕੀਤਾ, ਠੀਕ ਬਘਿਆੜ ਵਾਂਗੂ, ਅਖੇ ਜੀ, ਬਾਬਰੀ ਮਸਜਿਦ ਬਣਾਉਣ ਵਾਲੇ ਬਾਬਰ ਦੇ ਪੜਪੋਤੇ ਸ਼ਾਹਜਹਾਂ ਵੱਲੋਂ ਬਣਾਏ ਲਾਲ ਕਿਲੇ ਨੂੰ ਕਿਸਾਨਾਂ ਨੇ ਨਿਸ਼ਾਨ ਸਾਹਿਬ ਲਹਿਰਾ ਕੇ 'ਜੂਠਾ' ਕਰ ਦਿੱਤਾ। ਪੜਦਾਦੇ ਦੀ ਬਣਾਈ ਮਸਜਿਦ ਨੂੰ ਅਸੀਂ ਮਲੀਆਮੇਟ ਕਰ ਸਕਦੇ ਹਾਂ ਪਰ ਪੜਪੋਤੇ ਦੇ ਬਣਾਏ ਕਿਲੇ ਤੇ ਤੁਸੀਂ ਨਿਸ਼ਾਨ ਸਾਹਿਬ ਵੀ ਨਹੀਂ ਲਹਿਰਾ ਸਕਦੇ।

ਖੈਰ, ਬਘਿਆੜ ਅਤੇ ਉਸਦੇ ਭੌਂਪੂ ਤਾਂ ਜੋ ਕੁਝ ਕਈ ਮਹੀਨਿਆਂ ਤੋਂ ਕਹਿ ਰਹੇ ਸੀ, ਉਸੇ ਮੁਤਾਬਕ ਹੀ ਉਹਨਾਂ ਨੇ ਲਾਲ ਕਿਲੇ ਦੀ 'ਹਿੰਸਾ' ਦੀ ਸਿਰਜਨਾ ਕਰ ਦਿੱਤੀ, ਪਰ ਲੇਲਿਆਂ ਵਰਗੇ ਸਾਫ ਦਿਲ ਕਿਸਾਨਾਂ ਦੇ ਆਗੂ ਵੀ ਬਘਿਆੜਾਂ ਦੀ ਬੋਲੀ ਬੋਲਣ ਲੱਗ ਪਏ। ਹਾਲਾਂਕਿ, ਫੈਲੀ 'ਹਿੰਸਾ' ਬਾਰੇ ਕਿਸੇ ਨੇ ਜ਼ਿਕਰ ਨਹੀਂ ਕੀਤਾ ਕਿ ਇਸ 'ਹਿੰਸਾ' ਦੌਰਾਨ ਕਿੰਨੇ ਅਰਬ-ਖਰਬ ਦੀ ਜਾਇਦਾਦ ਸਾੜੀ ਲੁੱਟੀ ਗਈ? ਇਸ 'ਹਿੰਸਾ' ਦੌਰਾਨ ਸਰਕਾਰੀ ਅਤੇ ਗੈਰ-ਸਰਕਾਰੀ ਅੰਕੜਿਆਂ ਮੁਤਾਬਕ ਕਿੰਨੇ ਹਜ਼ਾਰ ਮੌਤਾਂ ਹੋਈਆਂ? ਇਸ 'ਹਿੰਸਾ' ਨੂੰ ਰੋਕਣ ਲਈ ਸਮੇਂ ਸਿਰ ਫੌਜ ਕਿਉਂ ਨਹੀਂ ਸੱਦੀ ਗਈ? ਫੌਜ ਦੇ ਆਉਣ ਮਗਰੋਂ ਇਸ 'ਹਿੰਸਾ' ਨੂੰ ਠੱਲ ਪੈਣ ਲਈ ਕਿੰਨਾ ਸਮਾਂ ਲੱਗਿਆ? ਫੌਜ ਨੂੰ ਕਿੰਨੇ ਫਲੈਗ ਮਾਰਚ ਕਰਨੇ ਪਏ? 'ਹਿੰਸਾ' ਮਗਰੋਂ ਕਿੰਨੇ ਦਿਨ ਦਿੱਲੀ ਵਿੱਚ ਕਰਫਿਊ ਜਾਰੀ ਰਿਹਾ? ਇਸ 'ਹਿੰਸਾ' ਦੌਰਾਨ ਵਿਧਵਾ ਹੋਈਆਂ ਹਜ਼ਾਰਾਂ ਬੀਬੀਆਂ ਅਤੇ ਯਤੀਮ ਹੋਏ ਬੱਚਿਆਂ ਦੀ ਸੰਭਾਲ ਲਈ ਸਰਕਾਰ ਜਾਂ ਸਿੱਖ ਅਤੇ ਕਿਸਾਨ ਜਥੇਬੰਦੀਆਂ ਨੇ ਕਿਹੜੇ ਉਪਰਾਲੇ ਕੀਤੇ? ਇੰਦਰਾ ਗਾਂਧੀ ਦੇ ਕਤਲ ਮਗਰੋਂ ਦਿੱਲੀ ਵਿੱਚ ਫੈਲੀ ਹਿੰਸਾ ਅਤੇ ਗੋਧਰਾ ਕਾਂਡ ਮਗਰੋਂ ਗੁਜ਼ਰਾਤ ਵਿੱਚ ਫੈਲੀ ਹਿੰਸਾ ਵਾਂਗ, ਇਸ 'ਹਿੰਸਾ' ਦੀ ਜਾਂਚ ਲਈ ਕਮਿਸ਼ਨ ਕਾਇਮ ਕੀਤਾ ਜਾਵੇਗਾ ਜਾਂ ਨਹੀਂ? ਜਿਸ ਤਰਾਂ ਗੁਜ਼ਰਾਤ ਹਿੰਸਾ ਮਗਰੋਂ ਵਾਜਪਾਈ ਸਰਕਾਰ ਵੱਲੋਂ ਮੋਦੀ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦਾ ਵਿਰੋਧ ਅਡਵਾਨੀ ਨੇ ਕੀਤਾ ਸੀ, ਕੀ ਦਿੱਲੀ ਦੀ ਇਸ 'ਹਿੰਸਾ' ਮਗਰੋਂ ਮੁੱਖ ਮੰਤਰੀ ਕੇਜਰੀਵਾਲ ਨੂੰ ਅਮਿਤ ਸ਼ਾਹ ਵੱਲੋਂ ਬਚਾਇਆ ਜਾ ਰਿਹਾ ਹੈ? ਲਾਲ ਕਿਲੇ ਤੇ ਹੋਈ ਹਿੰਸਾ ਅਤੇ ਨੁਕਸਾਨ ਮਗਰੋਂ, ਕੀ ਉਸ ਦੀ ਮੁੜ ਉਸਾਰੀ 15 ਅਗਸਤ ਤੱਕ ਹੋਣੀ ਸੰਭਵ ਹੈ ਜਾਂ ਇਸ ਵਾਰ ਪ੍ਰਧਾਨ ਮੰਤਰੀ ਵੱਲੋਂ ਕਿਸੇ ਹੋਰ ਥਾਂ ਤੋਂ ਦੇਸ਼ ਨੂੰ ਸੰਬੋਧਨ ਕੀਤਾ ਜਾਵੇਗਾ?

ਜੇ ਉੱਪਰ ਦਿੱਤੇ ਸਵਾਲਾਂ ਦੀ ਕੋਈ ਹੋਂਦ ਨਹੀਂ ਤਾਂ ਇਹ ਵੀ ਸੱਚ ਹੈ ਕਿ ਲਾਲ ਕਿਲੇ ਦੀ 'ਹਿੰਸਾ' ਦੀ ਵੀ ਕੋਈ ਹੋਂਦ ਨਹੀਂ, ਪਰ ਸਾਡੇ ਚੰਗੇ ਭਲੇ ਸਿਆਣੇ ਆਗੂ ਵੀ ਬਘਿਆੜ ਦੀ ਬੋਲੀ ਬੋਲਣ ਲੱਗ ਗਏ ਕਿ ਇਹ ਜੀ ਸਰਕਾਰ ਦੀ ਸ਼ਰਾਰਤ ਸੀ, ਨੌਜਵਾਨਾਂ ਦੀ ਗਲਤੀ ਸੀ ਜਾਂ ਕੁਝ ਕਹਿਣਗੇ ਚੱਲੋ, ਇੰਨੀ ਕੁ ਗਲਤੀ ਤਾਂ ਹੋ ਹੀ ਜਾਂਦੀ ਹੈ।

ਇਹਨਾਂ ਸਭ ਦੇ ਬਿਆਨ ਪੜਕੇ ਉਹ ਠੱਗਾਂ ਦੀ ਕਹਾਣੀ ਚੇਤੇ ਆਉਂਦੀ ਹੈ ਜੋ ਮੇਮਣਾ ਖਰੀਦੀ ਆ ਰਹੇ ਇੱਕ ਰਾਹਗੀਰ ਤੋਂ ਮੇਮਣਾ ਠੱਗਣ ਦੇ ਇਰਾਦੇ ਨਾਲ, ਵਾਰ ਵਾਰ ਉਸਦੇ ਮੇਮਣੇ ਨੂੰ ਕੁੱਤਾ ਆਖ ਆਖ, ਰਾਹਗੀਰ ਨੂੰ ਇਹ ਭੁਲੇਖਾ ਪਾਉਣ ਵਿੱਚ ਕਾਮਯਾਬ ਹੋ ਗਏ ਕਿ ਉਹ ਮੇਮਣਾ ਨਹੀਂ, ਕੁੱਤਾ ਖਰੀਦ ਲਿਆਇਆ। ਮਹੀਨਿਆਂ ਤੋਂ ਦੇਸ ਵਿਰੋਧੀ, ਖਾਲਿਸਤਾਨੀ, ਨਕਸਲਵਾੜੀ, ਪਾਕਿਸਤਾਨੀ ਆਦਿ ਦੇ ਲੇਬਲ ਲਾ ਲਾ ਕਿਸਾਨ ਆਗੂਆਂ ਨੂੰ ਇੰਨਾ ਖੱਜਲ ਕੀਤਾ ਕਿ ਉਹ ਹੁਣ ਆਪਣੇ ਪੁੱਤਾਂ ਨੂੰ ਹੀ ਦੇਸ਼ ਵਿਰੋਧੀ ਜਾਂ ਆਰ.ਐੱਸ.ਐੱਸ ਵਾਲੇ ਆਖਣ ਲੱਗ ਗਏ ਹਨ।



ਲਾਲ ਕਿਲੇ ਉੱਤੇ ਹੋਈਆਂ ਘਟਨਾਵਾਂ ਕਿਸਾਨਾਂ ਦੇ ਰੋਹ ਦਾ ਨਤੀਜਾ ਸਨ, ਇਹ ਨਾ ਕਿਸੇ ਸਰਕਾਰ ਦੀ ਸਾਜਿਸ਼ ਸੀ ਨਾ ਕਿਸਾਨਾਂ ਦੀ ਗਲਤੀ। ਇਹ ਤਾਂ ਸਗੋਂ ਕਿਸਾਨਾਂ ਦੀ ਸਿਆਣਪ ਦੀ ਮਿਸਾਲ ਹੈ, ਇਸ ਤੋਂ 20 ਕੁ ਦਿਨ ਪਹਿਲਾਂ ਦੁਨੀਆਂ ਦੇ ਸਭ ਤੋਂ ਆਧੁਨਿਕ ਮੰਨੇ ਜਾਂਦੇ ਮੁਲਕ ਅਮਰੀਕਾ ਦੇ ਰਾਸ਼ਟਰਪਤੀ ਦੇ ਸਮਰਥਕਾਂ ਨਾਲੋਂ ਕਿਤੇ ਜ਼ਿਆਦਾ ਸਿਆਣੇ ਸਾਬਤ ਹੋਏ ਇਹ ਅਨਪੜ ਆਖੇ ਜਾਂਦੇ ਕਿਸਾਨ। ਲਾਲ ਕਿਲੇ ਦੀ ਇੱਕ ਇੱਟ ਵੀ ਨਹੀਂ ਟੁੱਟਣ ਦਿੱਤੀ ਇਹਨਾਂ ਨੇ।

'ਹਿੰਸਾ' ਨਾਲ ਲਾਲ ਕਿਲੇ ਦੇ 'ਜੂਠਾ' ਹੋਣ ਵਰਗੀ ਹੀ ਹੈ 'ਬਘਿਆੜ' ਦੀ ਟੂਲਕਿੱਟ ਵਾਲੀ ਕਹਾਣੀ। ਜਿਸ ਨੂੰ ਆਧਾਰ ਬਣਾਕੇ ਬੱਚੀਆਂ ਨੂੰ ਵੀ ਨਹੀਂ ਬਖਸਿਆ ਜਾ ਰਿਹਾ। ਉੱਪਰ ਦਿੱਤੇ ਸਵਾਲਾਂ ਵਾਂਗ ਫਿਰ ਸਵਾਲ ਪੈਦਾ ਹੁੰਦੇ ਹਨ ਕੀ 'ਟੂਲਕਿੱਟ' ਦੇਸ਼ ਵਿੱਚ ਰਾਜ ਪਲਟਾ ਕਰਨ ਲਈ ਵਿਉਂਤ ਦੱਸਦੀ ਹੈ? ਕੀ 'ਟੂਲਕਿੱਟ' ਦੇਸ਼ ਨੂੰ ਤੋੜਨ ਲਈ ਵਿਉਂਤਬੰਦੀ ਪੇਸ਼ ਕਰਦੀ ਹੈ? ਕੀ 'ਟੂਲਕਿੱਟ' ਰਾਹੀਂ ਫੌਜ ਦੇ ਗੁਪਤ ਟਿਕਾਣਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ? ਕੀ 'ਟੂਲਕਿੱਟ' ਰਾਹੀਂ ਦੇਸ਼ ਦੇ ਅਸਲਾਖਾਨਿਆਂ ਅਤੇ ਹਥਿਆਰ ਭੰਡਾਰਾਂ ਦੇ ਨਕਸ਼ੇ ਨਸ਼ਰ ਕੀਤੇ ਗਏ ਹਨ? ਕੀ 'ਟੂਲਕਿੱਟ' ਵਿੱਚ ਪ੍ਰਮਾਣੂ ਹਥਿਆਰਾਂ ਦੇ ਟਿਕਾਣੇ ਅਤੇ ਉਹਨਾਂ ਨੂੰ ਚਲਾਉਣ ਦੀ ਜਾਣਕਾਰੀ ਦਿੱਤੀ ਗਈ ਹੈ? ਕੀ 'ਟੂਲਕਿੱਟ' ਵਿਦੇਸ਼ੀ ਹਮਲੇ ਦੌਰਾਨ ਹਮਲਾਵਰ ਦੀ ਕਿਵੇਂ ਅਤੇ ਕਦੋਂ ਮਦਦ ਕਰਨੀ, ਬਾਰੇ ਸਿਖਲਾਈ ਦੇ ਰਹੀ ਹੈ?

ਜੇ ਉਪਰੋਕਤ ਸਵਾਲ ਬਕਵਾਸ ਹਨ ਤਾਂ 'ਟੂਲਕਿੱਟ' ਦੇ ਨਾਮ ਥੱਲੇ ਕੀਤਾ ਜਾ ਰਿਹਾ ਪ੍ਰਚਾਰ ਵੀ ਕਿਸੇ ਬਕਵਾਸ ਨਾਲੋਂ ਘੱਟ ਨਹੀਂ। ਇਸ ਵੇਲੇ ਲੋੜ ਤਾਂ ਇਹ ਸੀ ਕਿ ਬਘਿਆੜ ਨਾਲ ਜੂਝਣ ਵਾਲੇ ਤਾਂ ਘੱਟੋ-ਘੱਟ ਬਘਿਆੜ ਦੀ ਬੋਲੀ ਨਾ ਬੋਲਦੇ। ਪਰ ਖੈਰ, ਹੁਣ ਸਾਨੂੰ ਇਹਨਾਂ ਤੋਂ ਚੇਤੰਨ ਰਹਿਣਾ ਪਵੇਗਾ ਕਿ ਬਘਿਆੜ ਦੀ ਬੋਲੀ ਬੋਲਣ ਵਾਲੇ ਕਿਤੇ ਬਘਿਆੜ ਵਾਲਾ ਪੰਜਾ ਵੀ ਨਾ ਮਾਰ ਦੇਣ। ਬਾਕਸਿੰਗ ਖੇਡਣ ਵਾਲੇ ਜਾਣਦੇ ਹਨ ਕਿ ਸਭ ਤੋਂ ਖਤਰਨਾਕ ਮੁੱਕਾ ਉਹ ਹੁੰਦਾ ਹੈ ਜਿਹੜਾ ਆਉਂਦਾ ਤੁਹਾਨੂੰ ਦਿਖਾਈ ਨਾ ਦੇਵੇ ਬਾਕਸਰ ਦੀ ਸਾਵਧਾਨੀ, ਸਿਖਲਾਈ, ਤਜਰਬੇ ਅਤੇ ਨਿਗਾਹ ਤੋਂ ਓਹਲੇ ਆਇਆ ਮੁੱਕਾ ਹੀ ਉਸ ਨੂੰ ਡੇਗਣ ਵਿੱਚ ਕਾਮਯਾਬ ਹੁੰਦਾ ਹੈ। ਇਸ ਲਈ ਕਿਸਾਨਾਂ ਨੂੰ ਬਘਿਆੜ ਦੇ ਹਰ ਪੈਂਤੜੇ ਤੇ ਨਿਗਾਹ ਰੱਖਣੀ ਪੈਣੀ ਹੈ, ਆਪਣੇ ਆਗੂਆਂ 'ਤੇ ਵੀ।

ਬਘਿਆੜ ਨੇ 26 ਜਨਵਰੀ ਮਗਰੋਂ ਤਿੰਨ ਪੈਂਤੜੇ ਖੇਡ ਦਿੱਤੇ ਪਹਿਲੇ ਵਿੱਚ ਕਿਸਾਨ ਆਗੂਆਂ ਨੂੰ ਨੌਜਵਾਨ ਆਗੂਆਂ ਨਾਲੋਂ ਤੋੜ ਦਿੱਤਾ, ਦੂਜੇ ਵਿੱਚ ਨੌਜਵਾਨ ਆਗੂਆਂ ਨੂੰ ਕਿਸਾਨ ਵਿਰੋਧੀ ਤੇ ਭਾਜਪਾ ਹਮਾਇਤੀ ਬਣਾ ਦਿੱਤਾ, ਤੀਜੇ ਵਿੱਚ ਨੌਜਵਾਨਾਂ ਦੀ ਗ੍ਰਿਫਤਾਰੀ ਕਰਕੇ ਜਿੱਥੇ ਉਹਨਾਂ ਤੇ ਤਸ਼ੱਦਦ ਢਾਹੁਣਾ ਸ਼ੁਰੂ ਕੀਤਾ ਹੈ। ਉੱਥੇ ਕਿਸਾਨ ਆਗੂਆਂ ਨੂੰ ਗ੍ਰਿਫਤਾਰੀ ਨਾ ਕਰਕੇ ਉਹਨਾਂ ਨੂੰ ਸਰਕਾਰੀ ਸਰਪ੍ਰਸਤੀ ਮਾਣਦੇ ਹੋਏ ਸਾਬਤ ਕਰ ਦਿੱਤਾ ਤੇ ਤਿੰਨੇ ਪੈਂਤੜਿਆਂ ਵਿੱਚ ਸਰਕਾਰ ਸਫਲ ਰਹੀ ਹੈ ਕਿਉਂਕਿ ਤਿੰਨ ਦਰਜਨ ਆਗੂਆਂ ਦੀ ਫੌਜ ਬਘਿਆੜ ਦੇ ਤਿੰਨ ਮੁੱਕਿਆਂ ਨੂੰ ਸਮਝਣ ਤੋਂ ਬੁਰੀ ਤਰਾਂ ਅਸਮਰੱਥ ਰਹੀ।

'ਦਿੱਲੀ ਚੱਲੋ' ਦੇ ਐਲਾਨ ਨੂੰ ਸੁਣਕੇ, ਰਾਹ ਦੀਆਂ ਰੋਕਾਂ ਨੂੰ ਮਸਲਦੇ ਹੋਏ ਜਿਸ ਤਰਾਂ ਲੱਖਾਂ ਕਿਸਾਨ ਸਿੱਧੇ ਦਿੱਲੀ ਪਹੁੰਚਕੇ ਹੀ ਰੁੱਕੇ ਸਨ, ਹੁਣ ਉਹਨਾਂ ਲੱਖਾਂ ਕਿਸਾਨਾਂ ਨੂੰ ਦ੍ਰਿੜਤਾ ਦਾ ਮੁਜ਼ਾਹਰਾ ਕਰਦੇ ਹੋਏ ਕਿਸਾਨ ਆਗੂਆਂ ਨੂੰ ਵੀ ਸਿੱਧੇ ਰੱਖਣਾ ਪਏਗਾ ਤੇ ਜਿਹੜੇ ਵਿੰਗੇ ਹੋਏ ਹਨ ਉਹਨਾਂ ਨੂੰ ਵੀ ਸਿੱਧਾ ਕਰਨਾ ਪਵੇਗਾ, ਜੇ ਅਜਿਹਾ ਨਾ ਹੋਇਆ ਤਾਂ ਅਸੀਂ ਸਿੱਧੇ ਨਹੀਂ ਸਗੋਂ ਬਹੁਤ ਬੁਰੀ ਤਰਾਂ ਮੂਧੇ ਮੂੰਹ ਡਿੱਗਾਂਗੇ! ਰੱਬ ਰਾਖਾ!!

### ਮਾਮਲਾ ਲਾਲ ਕਿਲੇ 'ਤੇ ਹੋਈ ਹਿੰਸਾ ਦਾ

## ਦਿੱਲੀ ਪੁਲਿਸ ਵੱਲੋਂ ਹੁਸ਼ਿਆਰਪੁਰ ਦਾ ਸਿੱਖ ਨੌਜਵਾਨ ਗ੍ਰਿ਼ਫਤਾਰ

### ✪ ਪਰਿਵਾਰ ਨੇ ਸਰਕਾਰ ਨੂੰ ਕੀਤੀ ਇਹ ਅਪੀਲ

**ਹੁਸ਼ਿਆਰਪੁਰ/ਏ.ਟੀ.ਨਿਊਜ਼:** ਲਾਲ ਕਿਲੇ 'ਤੇ ਹੋਈ ਹਿੰਸਾ ਨੂੰ ਲੈ ਕੇ ਦਿੱਲੀ ਪੁਲਿਸ ਨੇ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਹੁਸੈਨਪੁਰ ਦੇ ਰਹਿਣ ਵਾਲੇ ਨੌਜਵਾਨ ਗੁਰਦਿਆਲ ਸਿੰਘ ਨੂੰ ਗ੍ਰਿ਼ਫਤਾਰ ਕੀਤਾ ਗਿਆ ਹੈ।

ਇਸ ਮਾਮਲੇ ਵਿਚ ਨੌਜਵਾਨ ਦੀ ਮਾਤਾ ਨੇ ਦੱਸਿਆ ਕਿ ਜਦੋਂ ਆਖ਼ਰੀ ਵਾਰ ਗੁਰਦਿਆਲ ਸਿੰਘ ਨਾਲ ਉਨਾਂ ਦੀ ਗੱਲਬਾਤ ਹੋਈ ਸੀ ਤਾਂ ਉਸ ਦੇ ਵੱਲੋਂ ਪਿੰਡ ਵਾਪਸ ਆਉਣ ਦੀ ਗੱਲ ਕੀਤੀ ਗਈ ਸੀ। ਇਸ ਦੇ ਬਾਅਦ ਉਨਾਂ ਦਾ ਗੁਰਦਿਆਲ ਸਿੰਘ ਦੇ ਨਾਲ ਕੋਈ ਰਾਬਤਾ ਕਾਇਮ ਨਹੀਂ ਹੋ ਸਕਿਆ ਹੈ। ਮਾਂ ਮੁਤਾਬਕ ਗੁਰਦਿਆਲ ਸਿੰਘ ਦਿਲ ਦਾ ਮਰੀਜ਼ ਹੈ ਅਤੇ ਉਸ ਦੇ ਕੋਲ ਇਸ ਸਮੇਂ ਕੋਈ ਦਵਾਈ ਵੀ ਨਹੀਂ ਹੈ। ਇਸ ਦੌਰਾਨ ਉਸ ਦੇ ਪਰਿਵਾਰ ਵੱਲੋਂ ਕਿਸਾਨ ਜਥੇਬੰਦੀਆਂ ਤੇ ਕੇਂਦਰ ਸਰਕਾਰ ਨੂੰ ਦਿੱਲੀ ਪੁਲਸ ਵੱਲੋਂ ਹਿਰਾਸਤ 'ਚ ਲਏ ਗਏ ਗੁਰਦਿਆਲ ਸਿੰਘ ਦੀ ਰਿਹਾਈ ਨੂੰ ਲੈ ਕੇ ਅਪੀਲ ਕੀਤੀ ਗਈ ਹੈ।

# ਕੀ ਮੋਦੀ ਨੇ ਭਾਰਤ ਦੀਆਂ ਚੀਨ ਅੱਗੇ ਗੋਡਣੀਆਂ ਲਵਾਈਆਂ?

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬੀਤੇ ਦਿਨਾਂ ਤੋਂ ਖਬਰਾਂ ਆ ਰਹੀਆਂ ਹਨ ਕਿ ਲੱਦਾਖ ਵਿਚ ਐਲਏਸੀ (ਭਾਰਤ-ਚੀਨ ਦਰਮਿਆਨ ਵਿਵਾਦਤ ਸਰਹੱਦ) 'ਤੇ ਕਈ ਮਹੀਨਿਆਂ ਤੋਂ ਆਹਮੋ-ਸਾਹਮਣੇ ਖੜ੍ਹੀਆਂ ਦੋਵਾਂ ਮੁਲਕਾਂ ਦੀਆਂ ਫੌਜਾਂ ਨੇ ਪੈਰ ਪਿਛਾਂਹ ਪੁੱਟਣੇ ਸ਼ੁਰੂ ਕਰ ਦਿੱਤੇ ਹਨ। ਭਾਰਤੀ ਮੀਡੀਆ ਤੋਂ ਲੈ ਕੇ ਕੌਮਾਂਤਰੀ ਮੀਡੀਆ ਤਕ ਇਸ ਕਾਰਵਾਈ ਦੇ ਚਰਚੇ ਹਨ। ਹਰ ਰਿਪੋਰਟ ਦੋਵਾਂ ਮੁਲਕਾਂ ਦਰਮਿਆਨ ਹੋਏ ਇਸ ਸਮਝੌਤੇ ਬਾਰੇ ਵੱਖ-ਵੱਖ ਵਿਸ਼ਲੇਸ਼ਣ ਕਰ ਰਹੀ ਹੈ। ਕੌਮਾਂਤਰੀ ਪੱਧਰ 'ਤੇ ਪਰ ਬਹੁਤੇ ਭਰਵੀਂ ਸੁਰ ਇਸ ਗੱਲ ਦੀ ਹੈ ਕਿ ਭਾਰਤ ਨੇ ਚੀਨ ਦਾ ਦਾਬਾ ਕਬੂਲ ਕਰ ਲਿਆ ਹੈ ਤੇ ਉਸ ਮਗਰੋਂ ਹੀ ਦੋਵਾਂ ਦਰਮਿਆਨ ਸਮਝੌਤੇ ਸਿਰੇ ਚੜ੍ਹਿਆ ਹੈ।

**ਮੋਦੀ ਨੇ ਭਾਰਤ ਦੀ ਜ਼ਮੀਨ 'ਤੇ ਚੀਨ ਦਾ ਕਬਜਾ ਕਰਵਾਇਆ: ਰਾਹੁਲ ਗਾਂਧੀ**

ਜੇ ਭਾਰਤੀ ਰਾਜਨੀਤੀ ਦੀ ਗੱਲ ਕਰੀਏ ਤਾਂ ਭਾਰਤ ਦੀ ਵਿਰੋਧੀ ਧਿਰ ਦੇ ਪ੍ਰਮੁੱਖ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਹੈ ਕਿ ਮੋਦੀ ਸਰਕਾਰ ਨੇ ਚੀਨ ਦਾ ਭਾਰਤੀ ਜ਼ਮੀਨ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰਵਾ ਦਿੱਤਾ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ਸਰਕਾਰ ਨੇ ਫਿੰਗਰ 3 ਅਤੇ ਫਿੰਗਰ ਚਾਰ ਵਿਚਕਾਰਲੀ ਭਾਰਤੀ ਜ਼ਮੀਨ ਚੀਨ ਨੂੰ ਦੇ ਦਿੱਤੀ ਹੈ। ਰਾਹੁਲ ਗਾਂਧੀ ਨੇ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਦਿੱਤੇ ਬਿਆਨ ਦੇ ਅਧਾਰ 'ਤੇ ਕਿਹਾ ਕਿ ਭਾਰਤੀ ਫੌਜ ਪਿੱਛੇ ਹੱਟ ਕੇ ਫਿੰਗਰ 4 'ਤੇ ਬਿਠਾ ਦਿੱਤੀ ਗਈ ਹੈ। ਉਹਨਾਂ ਸਵਾਲ ਚੁੱਕਿਆ ਕਿ ਕੀ ਭਾਰਤ ਨੇ ਫਿੰਗਰ 3 ਅਤੇ ਫਿੰਗਰ 4 ਵਿਚਕਾਰਲੇ ਇਲਾਕੇ ਤੋਂ ਕਬਜ਼ਾ ਛੱਡ ਦਿੱਤਾ ਹੈ। ਰਾਹੁਲ ਗਾਂਧੀ ਨੇ ਨਰਿੰਦਰ ਮੋਦੀ ਨੂੰ ਡਰਪੋਕ ਕਹਿੰਦਿਆਂ ਕਿਹਾ ਕਿ ਉਹਨਾਂ ਵਿਚ ਚੀਨ ਅੱਗੇ ਅੜਨ ਦੀ ਹਿੰਮਤ ਨਹੀਂ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਭਾਰਤੀ ਫੌਜੀਆਂ ਦੀਆਂ ਕੁਰਬਾਨੀਆਂ ਦਾ ਅਪਮਾਨ ਕਰ ਰਹੀ ਹੈ।

**ਭਾਰਤੀ ਰੱਖਿਆ ਮੰਤਰੀ ਨੇ ਫੌਜਾਂ ਦੀ ਵਾਪਸੀ ਸਬੰਧੀ ਕੀ ਦੱਸਿਆ**

ਰਾਜਨਾਥ ਸਿੰਘ ਨੇ ਰਾਜ ਸਭਾ 'ਚ ਬੋਲਦਿਆਂ ਕਿਹਾ ਸੀ ਕਿ ਪੂਰਬੀ ਲੱਦਾਖ 'ਚ ਪੈਂਗੌਂਗ ਝੀਲ ਦੇ ਉੱਤਰੀ ਅਤੇ ਦੱਖਣੀ ਕੰਢਿਆਂ ਤੋਂ ਫੌਜਾਂ ਪਿੱਛੇ ਹਟਾਉਣ ਲਈ ਭਾਰਤ ਅਤੇ ਚੀਨ ਸਮਝੌਤੇ 'ਤੇ ਪਹੁੰਚ ਗਏ ਹਨ। ਸਮਝੌਤੇ ਤਹਿਤ ਦੋਵੇਂ ਮੁਲਕ ਆਪਣੀਆਂ ਫੌਜਾਂ ਤਾਇਨਾਤ ਕਰਨਾ ਬੰਦ ਕਰ ਦੇਣਗੇ ਅਤੇ ਪੜਾਅਵਾਰ ਫੌਜਾਂ ਨੂੰ ਪਿੱਛੇ ਹਟਾਉਣਾ ਸ਼ੁਰੂ ਕਰਨਗੇ ਜਿਸ ਦੀ ਤਸਦੀਕ ਵੀ ਕੀਤੀ ਜਾਵੇਗੀ।

ਦੱਸ ਦਈਏ ਕਿ ਭਾਰਤ-ਚੀਨ ਦਰਮਿਆਨ ਟਕਰਾਅ ਦੀਆਂ ਰਿਪੋਰਟਾਂ ਵਿਚ ਇਹ ਖੁਲਾਸੇ ਹੋਏ ਸਨ ਕਿ ਚੀਨ ਦੀਆਂ ਫੌਜਾਂ ਕਈ ਕਿਲੋਮੀਟਰ ਭਾਰਤੀ ਖੇਤਰ ਦੇ ਅੰਦਰ ਤਕ ਆਣ ਵੜੀਆਂ ਸੀ। ਉਸ ਤੋਂ ਬਾਅਦ ਉਹਨਾਂ ਉਸ ਇਲਾਕੇ ਵਿਚ ਆਪਣੇ ਪੱਕੇ ਟਿਕਾਣੇ ਬਣਾ ਲਏ ਸਨ। ਹਲਾਂਕਿ ਰਾਜਨਾਥ ਸਿੰਘ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਭਾਰਤ ਨੇ ਚੀਨ ਨਾਲ ਵਾਰਤਾ ਦੌਰਾਨ ਕੁਝ ਵੀ ਨਹੀਂ ਗੁਆਇਆ ਹੈ। ਉਨ੍ਹਾਂ ਕਿਹਾ,"ਭਾਰਤ ਕਿਸੇ ਨੂੰ ਵੀ ਆਪਣੀ ਇਕ ਇੰਚ ਜਮੀਨ 'ਤੇ ਕਬਜਾ ਕਰਨ ਦੀ ਕੋਈ ਖੁੱਲ੍ਹ ਨਹੀਂ ਦੇਵੇਗਾ।" ਰੱਖਿਆ ਮੰਤਰੀ ਨੇ ਕਿਹਾ ਕਿ ਸਮਝੌਤਾ ਲਾਗੂ ਹੋਣ ਨਾਲ ਪਿਛਲੇ ਸਾਲ 5 ਮਈ ਤੋਂ ਪਹਿਲਾਂ ਵਾਲੇ ਹਾਲਾਤ ਬਹਾਲ ਹੋ ਜਾਣਗੇ।

ਰਾਜਨਾਥ ਸਿੰਘ ਨੇ ਕਿਹਾ ਕਿ ਦੋਵੇਂ ਮੁਲਕ ਉੱਤਰੀ ਅਤੇ ਦੱਖਣੀ ਕੰਢਿਆਂ 'ਤੇ ਪਿਛਲੇ ਸਾਲ ਅਪਰੈਲ ਤੋਂ ਬਣਾਏ ਗਏ ਢਾਂਚਿਆਂ ਨੂੰ ਹਟਾਉਣ ਲਈ ਵੀ ਸਹਿਮਤ ਹੋ ਗਏ ਹਨ। ਇਸ ਤੋਂ ਇਲਾਵਾ ਆਪਣੇ ਇਲਾਕਿਆਂ 'ਚ ਗਸ਼ਤ ਸਮੇਤ ਹੋਰ ਫੌਜੀ ਸਰਗਰਮੀਆਂ ਨੂੰ ਆਰਜੀ ਤੌਰ 'ਤੇ ਰੋਕਣ ਦਾ ਵੀ ਫੈਸਲਾ ਲਿਆ ਗਿਆ ਹੈ।

**ਚੀਨੀ ਫੌਜਾਂ ਨੀਤੀ ਪੱਖੋਂ ਅਹਿਮ ਇਲਾਕਿਆਂ ਤੋਂ ਪਿੱਛੇ ਨਹੀਂ ਹਟ ਰਹੀਆਂ**

ਚੀਨੀ ਫੌਜ ਨੇ ਸਪਸ਼ਟ ਕੀਤਾ ਹੈ ਕਿ ਉਹ ਡੇਪਸਾਂਗ ਪਲੇਨਸ ਅਤੇ ਗੋਗਰਾ ਤਟ ਹੋਟ ਸਪਰਿੰਗ ਨਾਮੀਂ ਇਲਾਕਿਆਂ ਤੋਂ ਪਿੱਛੇ ਨਹੀਂ ਹਟਣਗੇ। ਇਹ ਇਲਾਕੇ ਫੌਜੀ ਨੀਤੀ ਪੱਖੋਂ ਬੜੇ ਅਹਿਮ ਮੰਨੇ ਜਾਂਦੇ ਹਨ। ਰਾਹੁਲ ਗਾਂਧੀ ਨੁ ਕਿਹਾ ਕਿ ਚੀਨੀ ਫੌਜਾਂ ਇਹਨਾਂ ਇਲਾਕਿਆਂ ਤੋਂ ਪਿੱਛੇ ਕਿਉਂ ਨਹੀਂ ਹਟ ਰਹੀਆਂ। ਉਹਨਾਂ ਸਵਾਲ ਕੀਤਾ ਕਿ ਭਾਰਤੀ ਫੌਜੀਆਂ ਵੱਲੋਂ ਸਖਤ ਮਿਹਨਤ ਨਾਲ ਆਪਣੇ ਕਬਜ਼ੇ ਹੇਠ ਕੀਤੀਆਂ ਗਈਆਂ ਕੈਲਾਸ਼ ਘਾਟੀਆਂ ਤੋਂ ਉਹਨਾਂ ਨੂੰ ਪਿੱਛੇ ਕਿਉਂ ਹਟਾਇਆ ਜਾ ਰਿਹਾ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

17 ਫਰਵਰੀ 2021 ਤੋਂ 23 ਫਰਵਰੀ 2021

# ਸਾਕਾ ਨਨਕਾਣਾ ਸਾਹਿਬ : ਜਦੋਂ ਪੀੜ ਅਰਦਾਸ ਬਣੀ

ਅਸੀਂ ਅਰਦਾਸ ਵਿੱਚ ਪੜ੍ਹਦੇ ਹਾਂ "ਸ਼੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ ਜਿੰਨ੍ਹਾ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ ਉਹਨਾਂ ਦੇ ਖੁੱਲੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਪਿਆਰੇ ਖਾਲਸਾ ਜੀ ਨੂੰ ਬਖਸ਼ੋ।" ਹੁਣ ਤਾਂ ਅਸੀਂ ਜ਼ਮੀਨੀ ਹੱਦਾਂ ਉੱਤੇ ਲਾ ਦਿੱਤੀਆਂ ਬੰਦਿਸ਼ਾਂ ਕਰ ਕੇ ਇਹ ਅਰਦਾਸ ਕਰਦੇ ਹਾਂ ਪਰ ਅੱਜ ਤੋਂ 100 ਵਰ੍ਹੇ ਪਹਿਲਾਂ ਵੀ ਸਿੱਖਾਂ ਨੇ ਇਹੀ ਅਰਦਾਸਾਂ ਕੀਤੀਆਂ ਜਦੋਂ ਮਹੰਤ ਨਰਾਇਣ ਦਾਸ ਵੱਲੋਂ ਸਰਕਾਰ ਦੀ ਸ਼ਹਿ ਦੇ ਨਾਲ ਗੁਰਦੁਆਰਾ ਨਨਕਾਣਾ ਸਾਹਿਬ ਉੱਤੇ ਕਬਜ਼ਾ ਕੀਤਾ ਹੋਇਆ ਸੀ, ਲਗਾਤਾਰ ਬੇਅਦਬੀਆਂ ਕਰ ਰਿਹਾ ਸੀ ਅਤੇ ਸਿੱਖਾਂ ਨੂੰ ਡੂੰਘੀਆਂ ਪੀੜਾਂ ਦੇ ਰਿਹਾ ਸੀ ਜੋ ਅਰਦਾਸਾਂ 'ਚ ਢਲ ਰਹੀਆਂ ਸਨ। ਮਹੰਤ ਨਰਾਇਣ ਦਾਸ ਨੇ ਭਾਵੇਂ ਗੱਦੀ 'ਤੇ ਬੈਠਣ ਵਕਤ ਬਚਨ ਕੀਤੇ ਸਨ ਕਿ ਮੈਂ ਚੰਗੀ ਤਰ੍ਹਾਂ ਸੇਵਾ ਨਿਭਾਵਾਂਗਾ ਅਤੇ ਜੇਕਰ ਮੇਰੇ ਖਿਲਾਫ ਕੋਈ ਕਸੂਰ ਸਾਬਿਤ ਹੋ ਗਿਆ ਤਾਂ ਮੈਂ ਅਸਤੀਫਾ ਦੇ ਦਵਾਂਗਾ ਪਰ ਛੇਤੀ ਹੀ ਉਸਨੇ ਇਹ ਬਚਨ ਭੰਗ ਕਰ ਦਿੱਤਾ ਅਤੇ ਮੁੜ ਪਹਿਲੇ ਮਹੰਤਾਂ ਵਾਂਙ ਗੁਰੁਦਆਰਾ ਸਾਹਿਬ ਦੀ ਮਰਿਯਾਦਾ ਭੰਗ ਕਰਨ ਲੱਗ ਪਿਆ। ਗੁਰਦੁਆਰਾ ਸਾਹਿਬ ਅੰਦਰ ਵੇਸਵਾਵਾਂ ਦੇ ਨਾਚ ਕਰਵਾਏ ਗਏ, ਦਰਸ਼ਨ ਕਰਨ ਆਈਆਂ ਅਨੇਕਾਂ ਬੀਬੀਆਂ ਬੱਚੀਆਂ ਦੀ ਪੱਤ ਲੁੱਟੀ ਜਾਂਦੀ ਰਹੀ ਅਤੇ ਇਸ ਤਰ੍ਹਾਂ ਦਾ ਹੋਰ ਬਹੁਤ ਕੁਝ ਹੁੰਦਾ ਰਿਹਾ। ਸੰਗਤਾਂ ਨੇ ਇਸ ਦੇ ਖਿਲਾਫ ਮਤੇ ਪਾਏ, ਸਰਕਾਰ ਨੂੰ ਇਹ ਸਭ ਰੋਕਣ ਲਈ ਬੇਨਤੀਆਂ ਕੀਤੀਆਂ ਪਰ ਕੋਈ ਫਰਕ ਨਾ ਪਿਆ।

24 ਜਨਵਰੀ 1921 ਨੂੰ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਹੋਈ ਜਿਸ ਵਿੱਚ ਮਤਾ ਪਾਸ ਕੀਤਾ ਗਿਆ ਕਿ 4,5 ਅਤੇ 6 ਮਾਰਚ ਨੂੰ ਨਨਕਾਣਾ ਸਾਹਿਬ ਖਾਲਸੇ ਦਾ ਦੀਵਾਨ ਹੋਵੇਗਾ ਅਤੇ ਮਹੰਤ ਨੂੰ ਸੱਦਾ ਦਿੱਤਾ ਜਾਵੇਗਾ ਕਿ ਆਪਣਾ ਸੁਧਾਰ ਕਰੇ। ਮਹੰਤ ਨੇ ਸਿੱਖਾਂ ਦਾ ਮੁਕਾਬਲਾ ਕਰਨ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਅਤੇ ਬਦਮਾਸ਼ਾਂ ਲੜਾਕੂਆਂ ਨੂੰ ਸ਼ਰਾਬਾਂ ਅਤੇ ਤਨਖਾਹਾਂ ਦੇ ਕੇ ਗੁਰਦੁਆਰੇ ਅੰਦਰ ਰੱਖ ਲਿਆ। ਪਰ ਮਹੰਤ ਨੇ ਨਾਲ ਹੀ ਕਰਤਾਰ ਸਿੰਘ ਝੱਬਰ ਨੂੰ ਸਮਝੌਤੇ ਲਈ ਤਜ਼ਵੀਜ਼ ਵੀ ਪੇਸ਼ ਕੀਤੀ ਸੀ ਜਿਸ ਉੱਤੇ ਸ਼੍ਰੋਮਣੀ ਕਮੇਟੀ ਨੇ ਸਮਝੌਤੇ ਲਈ ਇਕ ਕਮੇਟੀ ਬਣਾਈ ਅਤੇ ਮਹੰਤ ਨਾਲ ਕਈ ਮੁਲਾਕਤਾਂ ਕਰਨ ਦਾ ਯਤਨ ਕੀਤਾ ਪਰ ਉਹ ਕਿਤੇ ਵੀ ਨਾ ਪਹੁੰਚਿਆ। ਅਕਾਲੀ ਆਗੂਆਂ ਨੂੰ ਮਹੰਤ ਦੇ ਇਰਾਦਿਆਂ ਦੀ ਸੂਹ ਮਿਲ ਗਈ ਅਤੇ ਉਹਨਾਂ ਨੇ ਯਤਨ ਅਰੰਭੇ ਕਿ ਕੋਈ ਵੀ ਜੱਥਾ ਨਨਕਾਣਾ ਸਾਹਿਬ ਮਾਰਚ ਦੇ ਦੀਵਾਨ ਤੋਂ ਪਹਿਲਾਂ ਨਾ ਪਹੁੰਚੇ।

ਕਰਤਾਰ ਸਿੰਘ ਝੱਬਰ ਹੁਰਾਂ ਨੇ ਆਪਣੇ ਜੱਥੇ ਅਤੇ ਭਾਈ ਲਛਮਣ ਸਿੰਘ ਧਾਰੋਵਾਲ ਅਤੇ ਭਾਈ ਬੂਟਾ ਸਿੰਘ ਲਾਇਲਪੁਰ ਨਾਲ ਵਿਚਾਰ ਵਿਟਾਂਦਰਾ ਕਰ ਕੇ ਸਹਿਮਤੀ ਬਣਾਈ ਕਿ ਸਾਨੂੰ ਨੀਅਤ ਤਰੀਕ ਤੋਂ ਪਹਿਲੋਂ ਪਹੁੰਚਣਾ ਚਾਹੀਦਾ ਹੈ ਅਤੇ ਗੁਰਦੁਆਰਾ ਸਾਹਿਬ ਉੱਤੋਂ ਮਹੰਤ ਦੇ ਕਬਜ਼ੇ ਨੂੰ ਛਡਾਉਣਾ ਚਾਹੀਦਾ ਹੈ। ਜਦੋਂ ਇਹ ਫੈਸਲੇ ਦਾ ਪਤਾ ਅਕਾਲੀ ਆਗੂਆਂ ਨੂੰ ਲੱਗਿਆ ਤਾਂ ਉਹਨਾਂ ਨੇ ਯਤਨ ਕਰ ਕੇ ਭਾਈ ਕਰਤਾਰ ਸਿੰਘ ਝੱਬਰ ਨੂੰ ਇਸ ਤਰ੍ਹਾਂ ਨਾ ਕਰਨ ਲਈ ਮਨਾ ਲਿਆ। ਭਾਈ ਲਛਮਣ ਸਿੰਘ ਧਾਰੋਵਾਲ ਆਪਣੇ ਜੱਥੇ ਸਮੇਤ ਨਨਕਾਣਾ ਸਾਹਿਬ ਵੱਲ ਜਾ ਰਹੇ ਸਨ, 20 ਫਰਵਰੀ ਨੂੰ ਉਹਨਾਂ ਨੂੰ ਵੀ ਸੁਨੇਹਾ ਮਿਲਿਆ ਕਿ ਜੱਥੇ ਸਮੇਤ ਨਨਕਾਣਾ ਸਾਹਿਬ ਤੋਂ ਵਾਪਿਸ ਆ ਜਾਵੋ। ਕੁਝ ਇਤਿਹਾਸਕਾਰਾਂ ਅਨੁਸਾਰ ਹੁਕਮ ਮੰਨ ਲਿਆ ਗਿਆ ਸੀ ਪਰ ਜੱਥੇ ਵਿੱਚੋਂ ਇਹ ਕਹਿਣ ਉੱਤੇ ਕਿ ਕੋਈ ਝਗੜਾ ਨਹੀਂ ਕਰਾਂਗੇ ਅਤੇ ਦਰਸ਼ਨ ਕਰਕੇ ਵਾਪਿਸ ਚਲੇ ਜਾਵਾਂਗੇ, ਭਾਈ ਲਛਮਣ ਸਿੰਘ ਨੇ ਇਸ ਗੱਲ ਨੂੰ ਸਹਿਮਤੀ ਦੇ ਦਿੱਤੀ ਸੀ। ਕੁਝ ਇਤਿਹਾਸਕਾਰ ਲਿਖਦੇ ਹਨ ਕਿ ਇਹ ਕਹਿ ਕੇ ਮਨਾ ਕਰ ਦਿੱਤਾ ਗਿਆ ਸੀ ਕਿ ਅਸੀਂ ਅਰਦਾਸ ਕਰਕੇ ਆਏ ਹਾਂ, ਹੁਣ ਵਾਪਿਸ ਨਹੀਂ ਪਰਤਾਂਗੇ।

ਸਿੰਘ ਇਸ਼ਨਾਨ ਕਰਨ ਉਪਰੰਤ ਗੁਰੂ ਦੇ ਦਰਸ਼ਨਾਂ ਲਈ ਗਏ, ਭਾਈ ਲਛਮਣ ਸਿੰਘ ਧਾਰੋਵਾਲ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ। ਇਕਦਮ ਸਿੰਘਾਂ ਉੱਤੇ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ, ਇੱਟਾਂ ਵੱਟੇ ਮਾਰੇ ਗਏ, ਡਾਂਗਾਂ ਮਾਰੀਆਂ ਗਈਆਂ, ਟਕੂਏ ਅਤੇ ਛਵੀਆਂ ਨਾਲ ਵਾਰ ਕੀਤੇ ਗਏ। ਸਿੰਘਾਂ ਉੱਤੇ ਬਹੁਤ ਤਸ਼ੱਦਤ ਕੀਤੇ ਗਏ। ਮਹੰਤ ਨੇ ਸ਼ਹੀਦ ਹੋਏ ਸਿੰਘਾਂ ਨੂੰ ਵਿਹੜੇ ਵਿੱਚ ਇਕ ਥਾਂ ਰੱਖ ਕੇ ਤੇਲ ਪਾ ਕੇ ਅੱਗ ਲਗਵਾਈ ਅਤੇ ਕੁਝ ਨੂੰ ਜਿਉਂਦੇ ਵੀ ਸਾੜਿਆ ਗਿਆ।

ਇਸ ਸਾਕੇ ਪਿੱਛੋਂ ਨਨਕਾਣਾ ਸਾਹਿਬ ਨੂੰ ਆਉਂਦੇ ਸਾਰੇ ਰਸਤੇ ਬੰਦ ਕਰ ਦਿੱਤੇ ਗਏ ਅਤੇ ਸਰਕਾਰ ਦੁਆਰਾ ਮਹੰਤ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗੁਰਦੁਆਰਾ ਸਾਹਿਬ ਉੱਤੇ ਸਰਕਾਰ ਨੇ ਕਬਜਾ ਕਰ ਕੇ ਗੁਰਦੁਆਰਾ ਸਾਹਿਬ ਨੂੰ ਜਿੰਦਰੇ ਮਾਰ ਦਿੱਤੇ।

ਇਸ ਸਭ ਤੋਂ ਬਾਅਦ ਵੱਖ ਵੱਖ ਸਿੰਘਾਂ ਦੇ ਜੱਥੇ ਭਾਈ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿੱਚ ਸ਼ਹੀਦ ਹੋ ਜਾਣ ਜਾਂ ਗੁਰੁਦਆਰਾ ਸਾਹਿਬ ਦਾ ਕਬਜਾ ਛਡਵਾਉਣ ਦਾ ਫੈਸਲਾ ਕਰ ਕੇ ਨਨਕਾਣਾ ਸਾਹਿਬ ਵੱਲ ਨੂੰ ਤੁਰ ਪਏ। ਗੁਰਦੁਆਰਾ ਸਾਹਿਬ ਦੇ ਨੇੜੇ ਪਹੁੰਚਣ ਉੱਤੇ ਡੀ.ਸੀ ਦਾ ਹੁਕਮ ਮਿਲਦਾ ਹੈ ਕਿ ਜੱਥਾ ਅੱਗੇ ਨਾ ਲੈ ਕੇ ਆਓ। ਲਿਖਤੀ ਹੁਕਮ ਓਥੇ ਹੀ ਪਾੜ ਦਿੱਤਾ ਜਾਂਦਾ ਹੈ ਅਤੇ ਸੁਨੇਹਾ ਦੇਣ ਵਾਲੇ ਨੂੰ ਕਿਹਾ ਜਾਂਦਾ ਹੈ ਕਿ ਡੀ.ਸੀ ਨੂੰ ਸੁਨੇਹਾ ਪਹੁੰਚਾ ਦੇਵੇ ਕਿ "ਮੈਂ ਆਪਣੇ ਜੱਥਾ ਨਾਲ ਆ ਰਿਹਾ ਹਾਂ, ਜੋ ਤੁਹਾਡੀ ਮਰਜੀ ਉਹ ਕਰ ਲਵੋ।" ਅੱਗੇ ਵਧ ਰਹੇ ਜੱਥੇ ਨੂੰ ਦੱਸਿਆ ਗਿਆ ਕਿ ਅੱਗੇ ਫੌਜ ਮਸ਼ੀਨ-ਗੰਨਾਂ ਬੀੜ ਖਲੋਤੀ ਹੈ, ਪਰ ਅੱਗੋਂ ਜਵਾਬ ਮਿਲਦਾ ਹੈ ਕਿ ਹੁਣ ਪਿੱਛੇ ਮੁੜਨ ਦਾ ਵੇਲਾ ਨਹੀਂ ਹੈ। ਜੱਥੇ ਨੂੰ ਕੁਝ ਸਿੱਖ ਆਗੂ ਅਤੇ ਅੰਗ੍ਰੇਜ਼ ਅਫਸਰ ਫਿਰ ਅੱਗੇ ਖੜੇ ਮਿਲੇ, ਜੱਥੇ ਨੂੰ ਅੱਗੇ ਜਾਣ ਤੋਂ ਰੋਕਣ ਦਾ ਯਤਨ ਕੀਤਾ ਗਿਆ, ਡੀ.ਸੀ ਵੱਲੋਂ ਗੋਲੀ ਚਲਾਉਣ ਦੀ ਗੱਲ ਵੀ ਆਖੀ ਗਈ ਪਰ ਸਿੰਘਾਂ ਦੇ ਰੋਹ ਅੱਗੇ ਸਭ ਫਿੱਕਾ ਪੈ ਗਿਆ। ਬਹੁਤ ਸਵਾਲ ਜਵਾਬ ਵੀ ਹੋਏ, ਚਾਬੀਆਂ ਲਈ ਸਵੇਰ ਤੱਕ ਉਡੀਕਣ ਦੀ ਗੱਲ ਵੀ ਕਹੀ ਗਈ ਪਰ ਸਭ ਮਿੱਟੀ ਹੁੰਦਾ ਗਿਆ ਅਤੇ ਅੰਤ ਅੰਗ੍ਰੇਜ਼ ਸਰਕਾਰ ਨੂੰ ਸਿੰਘਾਂ ਨੂੰ ਚਾਬੀਆਂ ਦੇਣੀਆਂ ਹੀ ਪਈਆਂ।

ਸਿੱਖਾਂ ਨੇ ਇਕ ਵਾਰ ਫਿਰ ਧੁਰ ਅੰਦਰ ਤੋਂ ਗੁਰੂ ਨੂੰ ਮਹਿਸੂਸ ਕੀਤਾ ਅਤੇ ਆਪਣੀਆਂ ਸ਼ਹੀਦੀਆਂ ਅਤੇ ਸਿੱਖੀ ਜਜ਼ਬੇ ਦੇ ਨਾਲ ਗੁਰਦੁਆਰਾ ਨਨਕਾਣਾ ਸਾਹਿਬ ਦੀ ਸੇਵਾ ਸੰਭਾਲ ਹਾਸਲ ਕੀਤੀ। ਇਸ ਤਰ੍ਹਾਂ ਜੋ ਪੀੜ ਅਰਦਾਸ ਬਣ ਗਈ ਸੀ, ਉਹ ਅਰਦਾਸ ਸੁਣੀ ਗਈ।

### ਪ੍ਰੋਫੈਸਰ ਪੂਰਨ ਸਿੰਘ ਦੇ ਜਨਮ ਦਿਨ ਤੇ (17 ਫਰਵਰੀ)

# ਮੈਂ ਢਾਡੀ ਉੱਚੇ, ਆਲੀਸ਼ਾਨ, ਗੁਰੂ ਨਾਨਕ ਕਰਤਾਰ ਦਾ।

**ਬਲਦੀਪ ਸਿੰਘ ਰਾਮੂੰਵਾਲੀਆ**

ਗੁਰੂ ਨਾਨਕ ਸਾਹਿਬ ਦੇ ਦਰ ਘਰ ਦੇ ਖਿਦਮਤਦਾਰ ਪ੍ਰੋਫੈਸਰ ਪੂਰਨ ਸਿੰਘ ਵਰਗੇ ਵਿਰਲੇ ਹੀ ਵੇਖਣ ਨੂੰ ਮਿਲਦੇ ਹਨ। ਅਲਬੇਲਾ ਕਵੀ , ਉਚ ਕੋਟੀ ਦਾ ਵਾਰਤਾਕਾਰ , ਸਫਲ ਵਿਗਿਆਨੀ, ਧਰਮ ਵੇਤਾ , ਉਤਮ ਅਨੁਵਾਦਕ , ਚਿੰਤਕ , ਸੁਹਜ ਕਲਾਵਾਂ ਦਾ ਪ੍ਰੇਮੀ , ਪ੍ਰੋ. ਪੂਰਨ ਸਿੰਘ ਦਾ ਜਨਮ 17 ਫਰਵਰੀ 1881 ਨੂੰ ਸਰਦਾਰ ਕਰਤਾਰ ਸਿੰਘ ਕਾਨੂੰਗੋ ਦੇ ਘਰ ਮਾਤਾ ਪਰਮਾਦੇਵੀ ਦੀ ਕੁੱਖੋਂ , ਐਬਟਾਬਾਦ ਜਿਲ੍ਹੇ ਦੇ ਛੋਟੇ ਜਿਹੇ ਪਿੰਡ ਸਲਹੱਡ ਵਿੱਚ ਹੋਇਆ । ਮਾਤਾ ਜੀ ਦੀ ਧਾਰਮਿਕ ਸਖਸ਼ੀਅਤ , ਉੱਚ ਆਚਰਣ , ਸੁਹਜ ਸਿਆਣਪ ਦਾ ਅਸਰ ਪ੍ਰੋ. ਪੂਰਨ ਸਿੰਘ ਤੇ ਬੜਾ ਡੂੰਘਾ ਪਿਆ। ਪਿਤਾ ਦੀ ਸਰਕਾਰੀ ਮੁਲਾਜਮਤ ਕਾਰਨ ਹੁੰਦੀਆਂ ਬਦਲੀਆਂ ਨਾਲ ਬਚਪਨ ਵਿੱਚ ਹੀ ਸਾਰਾ ਗੰਧਾਰ ਦੇਸ਼ ਵੇਖ ਲਿਆ।

1886 ਵਿੱਚ ਹਵੇਲੀਆਂ ਪਿੰਡ ਵਿਚ ਆ ਵੱਸੇ।ਇਥੇ ਹੀ ਗੁਰਦੁਆਰੇ ਦੇ ਭਾਈ ਬੇਲਾ ਸਿੰਘ ਕੋਲੋਂ ਗੁਰਮੁਖੀ ਤੇ ਮਸੀਤ ਦੀ ਮੌਲਵੀ ਜੀ ਪਾਸੋਂ ਫਾਰਸੀ ਪੜ੍ਹਨੀ ਸ਼ੁਰੂ ਕੀਤੀ।ਫਿਰ ਇਹ 1890 ਵਿੱਚ ਹਰੀਪੁਰ ਆ ਗਏ।ਇਥੇ ਐਂਗਲੋ ਮਿਡਲ ਸਕੂਲ ਵਿਚੋਂ ਮਿਡਲ ਪਾਸ ਕੀਤੀ।ਇਥੇ ਸਕੂਲ ਦਾ ਮੁਖੀ ਇਸਾਈ ਸੀ।ਜੇ ਇਹ ਕਹਿ ਲਈਏ ਤਾਂ ਅਤਿ ਕਥਨੀ ਨਹੀਂ ਹੋਵੇਗੀ ਕਿ ਉਹਨਾਂ ਨੇ ਉਮਰ ਦੇ ਇਸ ਪੜਾਅ ਤੱਕ ਤਿਨ ਤਹਿਜੀਬਾਂ ਨੂੰ ਬਹੁਤ ਨੇੜੇ ਤੋਂ ਸਮਝਿਆ।1895 ਵਿੱਚ ਰਾਵਲਪਿੰਡੀ ਮਿਸ਼ਨ ਸਕੂਲ ਤੋਂ ਦਸਵੀਂ ਪਾਸ ਕੀਤੀ। ਇਥੇ ਹੀ ਉਹਨਾਂ ਦੇ ਪਰਿਵਾਰ ਵਿੱਚ ਵਾਪਰੀ ਇਕ ਘਟਨਾ ਨੇ ਇਹਨਾਂ ਦੇ ਕੋਮਲ ਮਨ ਵਿਚ ਇਸਤਰੀ ਜਾਤੀ ਲਈ ਅਥਾਹ ਹਮਦਰਦੀ ਭਰ ਦਿੱਤੀ, ਇਹਨਾਂ ਨੂੰ ਹਰੇਕ ਇਸਤਰੀ ਦਾ ਚਿਹਰਾ ਬੜਾ ਹੀ ਮਾਸੂਮ, ਨਾਜ਼ੁਕ ਤੇ ਮਜ਼ਲੂਮ ਨਜ਼ਰ ਆਇਆ, ਜੋ ਉਹਨਾਂ ਦੀ ਲਿਖਤ ਵਿੱਚ ਝਲਕਦਾ ਹੈ। ਅਗਲੀ ਪੜ੍ਹਾਈ ਲਈ ਡੀ.ਏ. ਵੀ ਕਾਲਜ ਲਾਹੌਰ ਦਾਖਲਾ ਲਿਆ। ਇਹ ਬਹੁਤ ਅਸਾਧਾਰਨ ਬੁਧਿ ਦੇ ਮਾਲਕ ਸਨ । ਇਕ ਪਾਸੇ ਵਿਗਿਆਨ ਪੜ੍ਹਦੇ ਤੇ ਦੂਏ ਪਾਸੇ ਸੰਸਕ੍ਰਿਤ। 1900 ਵਿੱਚ ਜਪਾਨ ਦੇ ਸ਼ਹਰ ਟੋਕੀਓ ਦੀ ਇੰਪੀਰੀਅਲ ਯੂਨੀਵਰਸਿਟੀ ਵਿੱਚ ਫ਼ਾਰਮਾਸਿਊਟੀਕਲ ਕੈਮਿਸਟਰੀ ਦੀ ਪੜਾਈ ਲਈ ਦਾਖਲਾ ਲਿਆ।ਇਥੇ ਜਾਪਾਨੀ ਤੇ ਜਰਮਨ ਭਾਸ਼ਾ ਤੇ ਆਬੂਰ ਹਾਸਲ ਕੀਤਾ।

ਪ੍ਰੋ.ਪੂਰਨ ਸਿੰਘ ਇੱਕਲਾ ਵਿਗਿਆਨੀ ਥੋੜਾ ਸੀ ,ਉਸਦਾ ਕੋਮਲ ਹਿਰਦਾ ਧਰਮ , ਚਿੰਤਨ , ਵਿਸ਼ਵ ਫਲਸਫ਼ੇ ਪ੍ਰਤੀ ਬੜਾ ਸੁਹਜ ਸੀ। ਜਾਪਾਨ ਵਿੱਚ ਬੁਧ ਧਰਮ ਦੀ ਛੂਹ ਤੋਂ ਪ੍ਰਭਾਵਿਤ ਹੋ ਕੇ , ਘੋਨ ਮੋਨ ਹੋ ਵੈਰਾਗ ਅਵਸਥਾ ਵਿੱਚ 'ਬੁਧ ਸ਼ਰਣੰ ਗੱਛਾਮਿ' ਦਾ ਜਾਪ ਕਰਨ ਲੱਗੇ। ਆਪ ਦੀ ਉੱਚ ਅਵਸਥਾ ਤੋਂ ਪ੍ਰਭਾਵਿਤ ਹੋ ਕੇ ਇਕ ਬੁਧ ਮੰਦਰ ਦੇ ਪੁਜਾਰੀ ਨੇ ਆਪ ਨੂੰ ਮੰਦਰ , ਜਾਗੀਰ ਆਦਿ ਗ੍ਰਹਿਣ ਕਰਨ ਲਈ ਆਖਿਆ ਤਾਂ ਆਪ ਨੇ ਬਹੁਤ ਪ੍ਰੇਮ ਪੂਰਵਕ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਆਪ ਦੀ ਮਹੱਤਤਾ ਇਥੋਂ ਹੀ ਜਾਣੀ ਜਾ ਸਕਦੀ ਹੈ , ਕਿ ਇਹਨਾਂ ਦਿਨਾਂ ਵਿੱਚ ਹੀ ਓਰੀਐਂਟਲ ਕਲੱਬ ਵਿਚ ਭਾਰਤੀ ਸੰਸਕ੍ਰਿਤੀ ਅਤੇ ਆਜ਼ਾਦੀ ਬਾਰੇ ਆਪ ਦੇ ਉਚੇਚੇ ਭਾਸ਼ਣ ਕਰਵਾਏ ਜਾਂਦੇ। ਜਾਪਾਨ ਦੇ ਮਹਾਨ ਫਿਲਾਸਫਰ ਉਕਾਕੂਰਾ ਨੇ ਆਪ ਨੂੰ ਉਚੇਚ ਨਾਲ ਆਪਣੇ ਘਰ ਬੁਲਾਇਆ । ਆਪ ਦਾ ਦੋਸਤ ਬਣ ਗਿਆ।ਜਾਪਾਨ ਦੇ ਵਿਦਵਾਨ ਤੇ ਸਾਇੰਸਵੇਤਾ ਨੋਹਾਚੀ, ਹੀਰਾਏ ਉਚੀਗਾਰਾ ਆਪ ਦੇ ਦੋਸਤਾਂ ਵਿੱਚ ਸਨ। ਇਥੇ ਹੀ ਇਕ ਦਿਨ ਹਿੰਦੁਸਤਾਨੀ ਜਾਪਾਨੀ ਕਲੱਬ ਵਿੱਚ 'ਸੁਆਮੀ ਰਾਮ ਤੀਰਥ' ਨਾਲ ਬੋਧੀ ਭਿਕਸੂ ਬਣੇ ਪੂਰਨ ਸਿੰਘ ਦਾ ਮਿਲਾਪ ਹੋ ਗਿਆ। ਇਹਨਾਂ ਦੀ ਸੰਗਤ ਨੇ ਬੋਧੀ ਤੋਂ ਵੇਦਾਂਤੀ ਸਾਧੂ ਬਣਾ ਦਿੱਤਾ । ਗੇਰੂ ਰੰਗ ਦੇ ਬਸਤਰ ਧਾਰਨ ਕਰ ਲਏ। ਇਕ ਬੰਨੇ ਲੈਬਾਰਟਰੀ ਵਿੱਚ ਕੈਮਿਸਟਰੀ ਦੇ ਪ੍ਰਯੋਗ ਕਰਦੇ ਤਾਂ ਦੂਜੇ ਬੰਨੇ ਜਾਪਾਨੀ ਤੇ ਭਾਰਤੀ ਲੋਕਾਂ ਨੂੰ ਆਜ਼ਾਦੀ ਤੇ ਪੂਰਬੀ ਫਲਸਫੇ ਤੋਂ ਜਾਣੂ ਕਰਵਾਉਣ ਲਈ 'ਥੰਡਰਿੰਗ ਡਾਅਨ' ਨਾਮ ਦਾ ਰਸਾਲਾ ਵੀ ਕੱਢ ਰਹੇ ਸਨ।

1903 ਈਸਵੀ ਵਿੱਚ ਪੂਰਨ ਸਿੰਘ ਵੇਦਾਂਤੀ ਸੰਨਿਆਸੀ ਸਾਧੂ ਦੇ ਰੂਪ ਵਿੱਚ ਵਾਪਸ ਕਲਕੱਤੇ ਆ ਗਏ। ਜਦ ਪਿਓ ਨੇ



ਆਪਣੇ ਪੁਤ ਨੂੰ ਇਸ ਰੂਪ ਵਿੱਚ ਵੇਖਿਆ ਤਾਂ ਡਾਅਢੇ ਦੁਖੀ ਹੋਏ। ਹੋਈ ਮਾਂ ਵੀ ਬਹੁਤ ਦੁਖੀ , ਪਰ ਪੁਤ ਨੂੰ ਵੇਖ ਧਰਵਾਸ ਵੀ ਸੀ । ਇਸ ਸਮੇਂ ਪ੍ਰੋ.ਪੂਰਨ ਸਿੰਘ ਨੇ ਇਸ ਮਿਲਣੀ ਨੂੰ ਕੋਈ ਉਚੇਚਾ ਮਹੱਤਵ ਨ ਦਿੱਤਾ , ਕਿਉਂਕਿ ਸੰਨਿਆਸੀ ਬ੍ਰਿਤੀ ਭਾਰੂ ਸੀ , ਜਿਸਦਾ ਉਹਨਾਂ ਨੂੰ ਸਾਰੀ ਉਮਰ ਬਾਅਦ ਵਿਚ ਅਫ਼ਸੋਸ ਰਿਹਾ। ਮਾਂ ਆਪਣੇ ਪੁਤ ਨੂੰ ਨਾਲ ਲੈ ਕੇ ਆਈ ਘਰ , ਉਧਰ ਇਹਨਾਂ ਦੀ ਭੈਣ ਗੰਗਾ ਆਖ਼ਰੀ ਸਾਹਾਂ ਤੇ ਪਈ ਹੋਈ ਸੀ । ਆਪ ਨੇ ਉਸਦਾ ਸਿਰ ਆਪਣੀ ਗੋਦ ਵਿੱਚ ਲੈ ਕੇ ਪੁਛਿਆ , " ਗੰਗਾ ! ਕੀ ਮੈਂ ਤੇਰੀ ਕੋਈ ਚਾਹ ਪੂਰੀ ਕਰ ਸਕਦਾ ਹਾਂ ?" ਉਸਨੇ ਆਖਿਆ , " ਭਾਪਾ ! ਜਿਸ ਕੁੜੀ ਨਾਲ ਤੂੰ ਮੰਗਿਆ ਹੋਇਆ ਹੈਂ ਉਸ ਨਾਲ ਵਿਆਹ ਕਰਵਾ ਲਈਂ।" ਪੂਰਨ ਸਿੰਘ ਹੁਣਾ ਦੇ ਹਾਂ ਕਹਿਣ ਦੀ ਦੇਰ ਸੀ ਕਿ ਗੰਗਾ ਸਦਾ ਲਈ ਅੱਖਾਂ ਮੀਟ ਗਈ।1904 ਵਿੱਚ ਆਪ ਦਾ ਵਿਆਹ ਮਾਯਾ ਦੇਵੀ ਨਾਲ ਹੋਇਆ।

ਭੈਣਾਂ ਦੇ ਪਿਆਰ , ਮਾਤਾ ਦੀ ਤੜਫ ਤੇ ਪਤਨੀ ਦੇ ਮੋਹ ਨੇ ਸੰਨਿਆਸੀ ਰੰਗ ਨੂੰ ਫਿਕਾ ਕਰਨਾ ਸ਼ੁਰੂ ਕਰ ਦਿੱਤਾ ਸੀ। ਜਜ਼ਬਾਤੀ ਬਹੁਤ ਸਨ , ਸੰਨਿਆਸੀ ਦਾ ਤ੍ਰਿਸਕਾਰ ਬਰਦਾਸ਼ਤ ਨਹੀਂ ਕਰ ਸਕਦੇ ਸਨ, ਕੋਮਲਚਿਤ ਇੰਨੇ ਸਨ ਕਿ ਇਕ ਵਾਰ ਸ਼ਿਕਾਰੀ ਟੋਕਰੀ ਤੇ ਜਾਲੀ ਵਿੱਚ ਫਾਹੀਆਂ ਚਿੜੀਆਂ ਨੂੰ ਛੱਡਣ ਲਈ 30 ਰੁਪਏ ਤਕ ਦਿੰਦੇ ਹਨ ਤੇ ਚਿੜੀਆਂ ਦੇ ਆਸਮਾਨ ਵਿੱਚ ਉਡਾਰੀ ਭਰਨ ਤੇ ਬਹੁਤ ਖੁਸ਼ ਹੁੰਦੇ ਹਨ।1906 ਤੱਕ ਵਿਕਟੋਰੀਆ ਡਾਇਮੰਡ ਜੁਬਲੀ ਹਿੰਦੂ ਕਾਲਜ ਦੇ ਪ੍ਰਿੰਸੀਪਲ ਰਹੇ।ਫਿਰ ਦੇਹਰਾਦੂਨ ਵਿੱਚ ਸਰਕਾਰ ਦੇ ਫ਼ੌਰੈਸਟ ਰੀਸਰਚ ਇਨਸਟੀਚਿਊਟ ਵਿਖੇ ਰਸਾਇਣੀ ਸਲਾਹਕਾਰ ਲੱਗ ਗਏ। ਇਸ ਸਮੇਂ ਵਿਚ ਉਹਨਾਂ ਦਾ ਮੇਲ ਪ੍ਰਸਿੱਧ ਗਾਇਕ ਵਿਸ਼ਨੂੰ ਦਿਗੰਬਰ , ਸ਼ਾਇਰ ਸਰ ਇਕਬਾਲ , ਡਾ.ਖ਼ੁਦਾਦਾਦ , ਪੰਡਿਤ ਹਰਦਿਆਲ ਆਦਿ ਨਾਲ ਹੋਇਆ ।ਇਹ ਸਾਂਝ ਉਮਰਾਂ ਤੋੜੀ ਨਿਭੀ।

1912 ਵਿੱਚ ਸਿਆਲਕੋਟ ਵਿਖੇ ਸਿੱਖ ਐਜੂਕੇਸ਼ਨਲ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਸੰਨਿਆਸੀ ਪੂਰਨ ਸਿੰਘ ਹੁਣੀ ਵੀ ਪੁੱਜੇ ।ਇਥੇ ਹੀ ਆਪ ਦਾ ਪਹਿਲੀ ਵਾਰ ਮਿਲਾਪ ਸਿੱਖੀ ਵਹਿੜੇ ਦੇ ਸ਼ਾਨ ਭਾਈ ਵੀਰ ਸਿੰਘ ਨਾਲ ਹੋਇਆ । ਪੂਰਨ ਸਿੰਘ ਨੂੰ ਭਾਈ ਵੀਰ ਸਿੰਘ ਦੀ ਸਖ਼ਸ਼ੀਅਤ ਨੇ ਟੁੰਬਿਆ । ਤਕਰੀਬਨ ਛੇ ਘੰਟੇ ਇਕੋ ਕਮਰੇ ਵਿੱਚ ਵੇਦਾਂਤ ਤੇ ਗੁਰਮਤਿ ਉਪਰ ਦੋ ਰੂਹਾਂ ਵਿਚ ਹੋਈ ਵਾਰਤਾ ਤੋਂ ਬਾਅਦ ਜਦ ਬੂਹਾ ਖੁਲਿਆ ਤਾਂ ਗੇਰੂ ਬਸਤਰ ਉਤਾਰ ਪੂਰਨ ਸਿੰਘ ਦੁਬਾਰਾ ਪੂਰਾ ਹੋ , ਭਾਈ ਵੀਰ ਸਿੰਘ ਹੁਣਾ ਦੀ ਛੋਹ ਸਦਕਾ ਸਿੱਖੀ ਆਭਾ ਮੰਡਲ ਵਿੱਚ ਪ੍ਰਵੇਸ਼ ਕੀਤਾ ।ਸਹੀ ਅਰਥਾਂ ਵਿਚ ਹੁਣ ਉਹ 'ਪੂਰਨ' ਵੀ ਸਨ ਤੇ 'ਸਿੰਘ' ਵੀ।ਇਸ ਥਾਂ ਤੋਂ ਗੁਰੂ ਨਾਲ ਇਕ ਮਿਕ ਹੋਣ ਦੇ ਸ਼ੁਰੂ ਹੋਏ ਸਫ਼ਰ ਨੇ ਉਹਨਾਂ ਨੂੰ ਉਸ ਸਿਖਰ ਤੇ ਲੈ ਆਂਦਾ ਜਿਥੇ , ਖਾਲਸਾ ਮੇਰੋ ਰੂਪ ਹੈ ਖਾਸ ਹੋ ਜਾਈਦਾ ਹੈ ।ਇਹਨਾਂ ਦਿਨਾਂ ਵਿੱਚ ਹੀ ਸਿੱਖ ਧਰਮ, ਤੇ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਰਬਿੰਦਰ ਨਾਥ ਟੈਗੋਰ ਦੀਆਂ ਮਾਡਰਨ ਰਵੀਊ ਵਿਚਲੀਆਂ ਘਟੀਆ ਟਿੱਪਣੀਆਂ ਦਾ ਠੋਕ ਵਜਾ ਕੇ ਜੁਆਬ ਦਿੱਤਾ।

ਜੇ ਇਹ ਕਹਿ ਲਿਆ ਜਾਵੇ ਤਾਂ ਦਰੁਸਤ ਹੈ ਕਿ ਆਪ ਨੂੰ ਗੁਰੂ ਬਾਬੇ ਦੀ ਉਹ ਆਸੀਸ ਹਾਸਲ ਸੀ , ਜਿਸਦਾ ਜ਼ਿਕਰ ਜਨਮ ਸਾਖੀ ਵਿਚ 'ਉਜੜ ਜਾਉ' ਦੇ ਰੂਪ ਵਿਚ ਆਉਦਾ ਹੈ ਤਾਂ ਕਿ ਚੰਗਿਆਈਆ ਫੈਲਦੀ ਰਹੇ। ਆਪ ਕਦੀ ਵੀ ਇਕ ਥਾਂ ਟਿਕ ਨਹੀਂ ਬੈਠੇ। 1918 ਵਿੱਚ ਪਟਿਆਲੇ ,1919 ਤੋਂ 1923 ਤੱਕ ਗਵਾਲੀਅਰ ਰਿਆਸਤ ਅਤੇ 1926 ਈਸਵੀ ਵਿਚ ਕਸ਼ਮੀਰ ਦੇ ਮਹਾਰਾਜਾ ਪਾਸ ਨੌਕਰੀ ਕੀਤੀ। ਪਰ ਮਾਹੌਲ ਰਾਸ ਨ ਆਉਣ ਕਾਰਨ ਆਪ ਅਗਲੇ ਸਫਰ ਤੇ ਤੁਰ ਪੈਂਦੇ। ਉਹ ਦੁਨਿਆਵੀ ਚੁਸਤੀਆਂ , ਚਲਾਕੀਆਂ , ਗਰਜਾ ਤੋ ਅਭਿੱਜ ਸਨ , ਨਿਰਵਾਣ ਤਕ ਪੁਜੀ ਹੋਈ ਰੂਹ। 1926 ਈਸਵੀ ਵਿੱਚ ਚੱਕ ਨੰਬਰ 73/19 ਜੜ੍ਹਾਂ ਵਾਲੇ , 15 ਮੁਰੱਬੇ ਲੈ ਕੇ ਰੋਸ਼ਾ ਘਾਹ ਬੀਜ ਕੇ ਤੇਲ ਕੱਢਣ ਦੀ ਸਕੀਮ ਬਣਾਈ । ਇਸ ਸਾਰੇ ਉਪਰ ਬਹੁਤ ਮਿਹਨਤ ਕੀਤੀ । ਪਰ ਰੱਬ ਦੀ ਕਰਨੀ , ਹੜ ਆਇਆ ਤੇ ਸਾਰੇ ਘਰ ਨੂੰ ਰੋੜ ਕੇ ਲੈ ਗਿਆ। ਕੇਵਲ ਆਪਣੀਆਂ ਲਿਖਤਾਂ ਤੇ ਪੁਸਤਕਾਂ ਦੇ ਭਰੇ ਟਰੰਕ ਨੂੰ ਉਚੀ ਥਾਂ ਤੇ ਸੰਭਾਲ ਕੇ ,ਇਸ ਸਾਰੇ ਉਜਾੜੇ ਨੂੰ ਵੇਖ ਕੇ ਮੁਰਝਾਉਣ ਦੀ ਬਜਾਇ , ਮੁਸਕਰਾ ਕੇ ਕਹਿਣ ਲੱਗੇ;

**ਭਲਾ ਹੋਇਆ ਮੇਰਾ ਚਰਖ਼ਾ ਟੁੱਟਾ ਜਿੰਦ ਅਜ਼ਾਬੋ ਛੁਟੀਂ !**

ਬਾਰ ਦੇ ਜੰਗਲਾਂ ਵਿਚ ਪ੍ਰੋਫੈਸਰ ਪੂਰਨ ਸਿੰਘ ਨੂੰ ਤਪਦਿਕ ਦੀ ਬਿਮਾਰੀ ਨੇ ਆਣ ਘੇਰਿਆ । ਇਲਾਜ ਵਾਸਤੇ ਇਹਨਾਂ ਨੂੰ ਦੇਹਰਾਦੂਨ ਲਿਆਂਦਾ ਗਿਆ। ਇਥੇ ਹੀ ਪੂਰਬ ਪੱਛਮ ਦਾ ਸੁਮੇਲ ਕਰਨ ਵਾਲਾ ਇਹ ਮਹਾਨ ਪੁਰਖ 31ਮਾਰਚ 1931ਨੂੰ ਇਸ ਦੁਨੀ ਸੁਆਵੇ ਬਾਗ ਵਿਚੋਂ ਰੁਖਸਤ ਹੋ ਗਿਆ। ਇਹ ਖ਼ਬਰ ਜਦ ਭਾਈ ਵੀਰ ਸਿੰਘ ਹੁਣਾ ਨੂੰ ਮਿਲੀ ਤਾਂ ਉਹਨਾਂ ਦੇ ਬੋਲ ਸਨ ;

**ਤੇਰੇ ਸੁਰਤ ਉਛਾਲੇ ਤੈਨੂੰ ਖਿਦੂ ਜਿਉਂ ਥੁੜਕਾਵਨ,**
**ਫ਼ਰਸ਼ੋਂ ਚੁਕ ਅਰਸ਼ ਵੱਲ ਤੇਰੇ ਹੰਭਲੇ ਪਏ ਮਰਾਵਨ।**
**ਕਿਸੇ ਉਛਾਲੇ ਸਮੇਂ ਅਰਸ਼ ਦੇ ਆ ਗਈ ਹਥ ਕਲਾਈ,**
**ਖਿਚ ਉਤਾਂਹ ਲਿਆ ਤੁਧੇ ਨੂੰ ਬਾ.ਗ ਆਪਣੇ ਲਾਵਨ।**

ਕਹਿੰਦੇ ਨੇ ਜਦ ਪ੍ਰੋਫੈਸਰ ਪੂਰਨ ਸਿੰਘ ਹੁਣਾ ਨੇ ਸਵਾਸ ਛੱਡੇ ਤਾਂ ਪੰਥ ਦੇ ਮਹਾਨ ਸੇਵਕ ਭਾਈ ਰਣਧੀਰ ਸਿੰਘ ਦਿੱਲੀ ਰਕਾਬਗੰਜ ਗੁਰਦੁਆਰੇ ਕੀਰਤਨ ਦੀ ਹਾਜਰੀ ਭਰ ਰਹੇ ਸਨ। ਅਚਾਨਕ ਆਪ ਨੇ ਵਾਜਾ ਛੱਡਿਆ ਤੇ ਖੜੋ ਕੇ ਅਰਦਾਸ ਕਰੀ ਗਏ। ਕੀਰਤਨ ਚੱਲਦਾ ਰਿਹਾ । ਜਦ ਸਮਾਪਤੀ ਤੇ ਸੰਗਤ ਨੇ ਕੀਰਤਨ ਵਿੱਚ ਖੜੇ ਹੋਣ ਦਾ ਕਾਰਨ ਪੁਛਿਆ ਤਾਂ ਆਪ ਕਹਿਣ ਲੱਗੇ ਕਿ ਪ੍ਰੋਫੈਸਰ ਪੂਰਨ ਸਿੰਘ ਹੁਣੀ ਪੂਰੇ ਹੋ ਗਏ ਹਨ, ਅਸੀਂ ਸਰੀਰਿਕ ਰੂਪ ਵਿਚ ਭਾਂਵੇ ਕਦੇ ਨਹੀਂ ਮਿਲੇ , ਪਰ ਰੂਹਾਂ ਦਾ ਮਿਲਾਪ ਹਮੇਸ਼ਾ ਰਿਹਾ।

ਪ੍ਰੋਫੈਸਰ ਪੂਰਨ ਸਿੰਘ ਰਹਿੰਦੀ ਦੁਨੀਆਂ ਤੱਕ ਆਪਣੀਆਂ ਲਿਖਤਾਂ ਦੇ ਜ਼ਰੀਏ ਅਮਰ ਰਹਿਣਗੇ ਤੇ ਆਤਮ ਜਗਿਆਸੂਆਂ ਦੀ ਅਗਵਾਈ ਕਰਦੇ ਰਹਿਣਗੇ ਉਹਨਾਂ ਦੀਆਂ ਲਿਖਤਾਂ ਅੰਗਰੇਜ਼ੀ , ਪੰਜਾਬੀ ਜ਼ੁਬਾਨ ਵਿੱਚ ਛਪੀਆਂ ਤੇ ਖਰੜਿਆਂ ਦੇ ਰੂਪ ਵਿੱਚ ਪਈਆਂ ਹਨ। ਥੱਲੇ ਦੋ ਤਸਵੀਰਾਂ ਵਿੱਚ ਉਹਨਾਂ ਰਚਨਾਵਾਂ ਦੇ ਨਾਮ ਨੇ ਜੋ ਛੱਪ ਚੁਕੀਆਂ ਹਨ ।

# ਕਿਸਾਨ ਅੰਦੋਲਨ ਦੇ ਸੰਦਰਭ ਵਿਚ ਸਰਕਾਰ ਵਾਤਾਵਰਨ ਮਾਹਰਾਂ ਨੂੰ ਫਸਾਉਣ ਲੱਗੀ

✪ ਪੁਲਿਸ ਦਾ ਦੋਸ਼ ਕਿ ਦਿਸ਼ਾ ਨੇ ਗ੍ਰੇਟਾ ਥੁਨਬਰਗ ਨੂੰ ਭੇਜੀ ਸੀ 'ਟੂਲਕਿੱਟ' ✪ ਨਿਕਿਤਾ ਤੇ ਸ਼ਾਂਤਨੂੰ ਨਾਲ ਮਿਲ ਕੇ ਕੀਤੀ ਸੀ ਤਿਆਰ

✪ ਪੁਲਿਸ ਦਾ ਦਾਅਵਾ ਕਿ ਨਿਕਿਤਾ ਤੇ ਸ਼ਾਂਤਨੂੰ ਨੇ ਖ਼ਾਲਿਸਤਾਨੀ ਸੰਗਠਨ ਪੋਈਟਿਕ ਜਸਟਿਸ ਫਾਊਂਡੇਸ਼ਨ ਨਾਲ 'ਜ਼ੂਮ ਐਪ' ਜ਼ਰੀਏ ਕੀਤੀ ਸੀ ਮੀਟਿੰਗ

✪ ਦਿਸ਼ਾ ਰਵੀ ਦੀ ਗ੍ਰਿਫ਼ਤਾਰੀ 'ਤੇ ਕਸੂਤੀ ਘਿਰੀ ਮੋਦੀ ਸਰਕਾਰ, ਦੇਸ਼-ਵਿਦੇਸ਼ 'ਚ ਵਿਰੋਧ

**ਨਵੀਂ ਦਿੱਲੀ/ਏ.ਟੀ.ਨਿਊਜ਼:** ਦਿੱਲੀ ਪੁਲਿਸ ਨੇ ਖ਼ੁਲਾਸਾ ਕੀਤਾ ਕਿ ਬੀਤੇ ਦਿਨੀਂ ਬੈਂਗਲੁਰੂ ਤੋਂ ਗ੍ਰਿਫ਼ਤਾਰ ਕੀਤੀ ਦਿਸ਼ਾ ਰਵੀ ਨੇ 'ਟੂਲਕਿੱਟ' ਗ੍ਰੇਟਾ ਥੁਨਬਰਗ ਨੂੰ ਭੇਜੀ ਸੀ। ਪੁਲਿਸ ਨੇ ਦਾਅਵਾ ਕੀਤਾ ਕਿ ਕਿਸਾਨ ਅੰਦੋਲਨ ਨਾਲ ਸਬੰਧਿਤ 'ਟੂਲਕਿੱਟ' ਦਸਤਾਵੇਜ਼ ਨੂੰ ਦਿਸ਼ਾ ਨੇ ਮੁੰਬਈ ਦੀ ਵਕੀਲ ਨਿਕਿਤਾ ਜੈਕਬ ਤੇ ਪੁਣੇ ਦੀ ਇੰਜੀਨੀਅਰ ਸ਼ਾਂਤਨੂੰ ਨਾਲ ਮਿਲ ਕੇ ਤਿਆਰ ਕੀਤਾ ਤੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤਾ ਹੈ। ਦਿਸ਼ਾ ਨੇ 'ਟੂਲਕਿੱਟ' ਨੂੰ ਟੈਲੀਗ੍ਰਾਮ ਐਪ ਜ਼ਰੀਏ ਗ੍ਰੇਟਾ ਥੁਨਬਰਗ ਨੂੰ ਭੇਜਿਆ ਸੀ। ਦਿੱਲੀ ਪੁਲਿਸ ਦੇ ਜੁਆਇੰਟ ਕਮਿਸ਼ਨਰ (ਕ੍ਰਾਈਮ) ਪ੍ਰੇਮ ਨਾਥ ਨੇ ਪ੍ਰੈਸ ਕਾਨਫ਼ਰੰਸ ਦੌਰਾਨ ਦਾਅਵਾ ਕੀਤਾ ਕਿ 'ਟੂਲਕਿੱਟ' ਨੂੰ ਫ਼ੈਲਾਉਣ ਲਈ ਬਣਾਇਆ ਵੱਟਸਐਪ ਗਰੁੱਪ ਦਿਸ਼ਾ ਨੇ ਹੀ ਡਿਲੀਟ ਕਰ ਦਿੱਤਾ ਸੀ। ਦਿਸ਼ਾ ਦੇ ਟੈਲੀਗ੍ਰਾਮ ਅਕਾਊਂਟ ਤੋਂ ਪਤਾ ਲੱਗਦਾ ਹੈ ਕਿ 'ਟੂਲਕਿੱਟ' ਨਾਲ ਸਬੰਧਿਤ ਕਈ ਲਿੰਕ ਹਟਾਏ ਗਏ ਸਨ। 'ਟੂਲਕਿੱਟ' ਵਿਚ ਟਵਿਟਰ ਜ਼ਰੀਏ ਕਿਸੇ ਮੁਹਿੰਮ ਨੂੰ ਫੈਲਾਉਣ ਨਾਲ ਸਬੰਧਿਤ ਦਿਸ਼ਾ ਨਿਰਦੇਸ਼ ਤੇ ਸਮੱਗਰੀ ਹੁੰਦੀ ਹੈ। ਉਨਾਂ ਦੱਸਿਆ ਕਿ 'ਟੂਲਕਿੱਟ' ਦਾ ਮਕਸਦ ਭਾਰਤ ਦੇ ਅਕਸ ਨੂੰ ਖ਼ਰਾਬ ਕਰਨਾ ਸੀ। ਉਨਾਂ ਦਾਅਵਾ ਕੀਤਾ ਕਿ ਨਿਕਿਤਾ ਤੇ ਸ਼ਾਂਤਨੂੰ ਨੇ ਖ਼ਾਲਿਸਤਾਨ ਪੱਖੀ ਸੰਗਠਨ ਪੀਜੇਐਫ. (ਪੋਈਟਿਕ ਜਸਟਿਸ ਫਾਊਂਡੇਸ਼ਨ) ਨਾਲ 'ਜ਼ੂਮ ਐਪ' ਜ਼ਰੀਏ ਮੀਟਿੰਗ ਕੀਤੀ ਸੀ ਅਤੇ ਦਿਸ਼ਾ, ਸ਼ਾਂਤਨੂੰ ਅਤੇ ਨਿਕਿਤਾ ਨੇ 'ਟੂਲਕਿੱਟ' ਤਿਆਰ ਅਤੇ ਐਡਿਟ ਕੀਤਾ ਸੀ। ਦਿਸ਼ਾ ਨੇ 'ਟੈਲੀਗ੍ਰਾਮ ਐਪ' ਜ਼ਰੀਏ 'ਟੂਲਕਿੱਟ' ਗ੍ਰੇਟਾ ਥੁਨਬਰਗ ਨੂੰ ਭੇਜੀ ਸੀ ਅਤੇ ਉਸ ਨੇ ਹੀ ਵੱਟਸ ਐਪ ਗਰੁੱਪ ਡਿਲੀਟ ਕੀਤਾ, ਜੋ ਉਸ ਨੇ 'ਟੂਲਕਿੱਟ' ਨੂੰ ਫੈਲਾਉਣ ਲਈ ਬਣਾਇਆ ਸੀ, ਜਿਸ ਕਾਰਨ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਖ਼ਿਲਾਫ਼ ਅਪਰਾਧਿਕ ਸਾਜਿਸ਼, ਦੇਸ਼ਧ੍ਰੋਹ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਪੀਜੇਐਫ. ਦੇ ਸੰਸਥਾਪਕ ਮੋ ਧਾਲੀਵਾਲ ਨੇ ਕੈਨੇਡਾ ਦੀ ਇਕ ਔਰਤ ਪੁਨੀਤ ਰਾਹੀਂ ਉਸ ਨਾਲ ਸੰਪਰਕ ਕੀਤਾ ਸੀ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ 'ਚ ਪੀਟਰ ਫ੍ਰੈਡਰਿਕ ਨਾਂਅ ਦੇ ਇਕ ਵਿਅਕਤੀ ਦੀ ਭੂਮਿਕਾ ਸਬੰਧੀ ਵੀ ਜਾਂਚ ਕੀਤੀ ਜਾ ਰਹੀ ਹੈ। ਉਹ 2006 ਦੇ ਅਖ਼ੀਰ ਤੋਂ ਹੀ ਭਾਰਤੀ ਸੁਰੱਖਿਆ ਸੰਸਥਾਵਾਂ ਦੇ ਰਾਡਾਰ 'ਤੇ ਹੈ, ਜਦੋਂ ਉਸ ਨੂੰ ਭਜਨ ਸਿੰਘ ਭਿੰਡਰ ਉਰਫ਼ ਇਕਬਾਲ ਚੌਧਰੀ ਦੀ ਕੰਪਨੀ 'ਚ ਦੇਖਿਆ ਗਿਆ ਸੀ।

ਦਿਸ਼ਾ ਨੇ ਥੁਨਬਰਗ ਨੂੰ ਟਵੀਟ ਡਿਲੀਟ ਕਰਨ ਬਾਰੇ ਕਿਹਾ ਗ੍ਰੇਟਾ ਥੁਨਬਰਗ ਵਲੋਂ 'ਟੂਲਕਿੱਟ' ਨੂੰ ਟਵਿਟਰ 'ਤੇ ਸ਼ੇਅਰ ਕਰਨ ਤੋਂ ਬਾਅਦ ਦਿਸ਼ਾ ਰਵੀ ਨੇ ਯੂਏਪੀਏ. ਕਾਨੂੰਨ ਤਹਿਤ ਕਾਰਵਾਈ ਤੋਂ ਬਚਣ ਲਈ ਉਸ ਨੂੰ ਟਵੀਟ ਡਿਲੀਟ ਕਰਨ ਲਈ ਕਿਹਾ ਸੀ, ਕਿਉਂਕਿ ਇਸ ਦਸਤਾਵੇਜ਼ 'ਚ ਉਨਾਂ ਦੋਵਾਂ ਦਾ ਨਾਂ ਆ ਰਿਹਾ ਸੀ। ਪੁਲਿਸ ਨੇ ਦੱਸਿਆ ਕਿ ਥੁਨਬਰਗ ਨੇ ਦਿਸ਼ਾ ਦੇ ਕਹਿਣ 'ਤੇ ਟਵੀਟ ਨੂੰ ਡਿਲੀਟ ਕਰ ਦਿੱਤਾ ਸੀ ਤੇ ਬਾਅਦ 'ਚ ਉਸ ਨੂੰ ਐਡਿਟ ਕਰਕੇ ਨਵਾਂ ਦਸਤਾਵੇਜ਼ ਸ਼ੇਅਰ



ਕੀਤਾ ਸੀ। ਪੁਲਿਸ ਸੂਤਰਾਂ ਅਨੁਸਾਰ ਦਿਸ਼ਾ ਨੇ ਦਸਤਾਵੇਜ਼ ਨੂੰ ਐਡਿਟ ਕੀਤਾ ਸੀ ਤੇ ਥੁਨਬਰਗ ਨੂੰ ਵੱਟਸਐਪ ਜ਼ਰੀਏ ਕਿਹਾ ਸੀ ਕਿ ਉਹ 'ਟੂਲਕਿੱਟ' ਟਵੀਟ ਨਾ ਕਰੇ। ਮੈਂ ਆਪਣੇ ਵਕੀਲ ਨਾਲ ਗੱਲ ਕੀਤੀ ਹੈ, ਸਾਡੇ ਦੋਵਾਂ ਦੇ ਇਸ 'ਚ ਨਾਂ ਆ ਰਹੇ ਹਨ ਅਤੇ ਸਾਡੇ ਖ਼ਿਲਾਫ਼ ਯੂਏਪੀਏ ਤਹਿਤ ਕਾਰਵਾਈ ਹੋ ਸਕਦੀ ਹੈ ਦੂਸਰੇ ਪਾਸੇ ਨਿਕਿਤਾ ਨੇ ਕਿਹਾ ਕਿ ਟੂਲਕਿੱਟ ਮਾਮਲੇ 'ਚ ਦਰਜ ਐੱਫਆਈਆਰ ਗਲਤ ਤੇ ਬੇਬੁਨਿਆਦ ਹੈ। ਉਸ ਦਾ ਟੂਲਕਿੱਟ ਜਰੀਏ ਦੰਗੇ ਭੜਕਾਉਣ ਜਾਂ ਕਿਸੇ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਦਾ ਕੋਈ ਏਜੰਡਾ ਨਹੀਂ ਸੀ।

ਜ਼ਿਕਰਯੋਗ ਹੈ ਕਿ 'ਟੂਲਕਿੱਟ' ਨੂੰ ਵਾਤਾਵਰਨ ਕਾਰਕੁੰਨ ਗ੍ਰੇਟਾ ਥੁਨਬਰਗ ਨੇ ਟਵੀਟ ਕੀਤਾ ਸੀ। 'ਟੂਲਕਿੱਟ' ਇਕ ਦਸਤਾਵੇਜ਼ ਹੈ, ਜੋ ਟਵਿੱਟਰ 'ਤੇ ਕਿਸਾਨਾਂ ਦੇ ਸਮਰਥਨ ਲਈ ਤੇ ਭਾਰਤੀ ਦੂਤਘਰਾਂ ਦੇ ਬਾਹਰ ਵਿਰੋਧ ਪ੍ਰਦਰਸ਼ਨ ਕਰਨ ਵਰਗੇ ਸੁਝਾਅ ਦਿੰਦਾ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਇਸ 'ਟੂਲਕਿੱਟ' ਵਿਚ ਭਾਰਤ 'ਚ ਅਸਥਿਰਤਾ ਫੈਲਾਉਣ ਤੋਂ ਲੈ ਕੇ ਸਾਜਿਸ਼ ਦੀ ਯੋਜਨਾ ਸੀ।

**ਟੂਲਕਿਟ ਕੇਸ 'ਚ ਅਨੀਤਾ ਵਿਸ਼ਵ ਸਿੱਖ ਸੰਗਠਨ ਦੀ ਮੈਂਬਰ**

:ਟੂਲ ਕਿੱਟ ਮਾਮਲੇ 'ਚ ਦਿੱਲੀ ਪੁਲਿਸ ਸਾਈਬਰ ਸੈੱਲ ਨੂੰ ਧਾਲੀਵਾਲ ਦੀ ਸਹਿਯੋਗੀ ਅਨੀਤਾ ਲਾਲ ਬਾਰੇ ਵੀ ਪਤਾ ਚੱਲਿਆ ਹੈ। ਜਿਹੜੀ ਜਾਣਕਾਰੀ ਸਾਹਮਣੇ ਆ ਰਹੀ ਹੈ, ਉਸ ਦੇ ਮੁਤਾਬਿਕ, ਟੂਲ ਕਿੱਟ ਤਿਆਰ ਕਰਨ 'ਚ ਅਨੀਤਾ ਲਾਲ ਵੀ ਸ਼ਾਮਲ ਹਨ। ਅਨੀਤਾ ਕੈਨੇਡਾ ਵਿਚ ਰਹਿੰਦੀ ਹੈ। ਉਹ ਪੋਇਟਿਕ ਜਸਟਿਸ ਫਾਊਂਡੇਸ਼ਨ ਦੀ ਸਹਿ-ਸੰਸਥਾਪਕ ਤੇ ਵਿਸ਼ਵ ਸਿੱਖ ਸੰਗਠਨ 'ਚ ਸੰਸਥਾਪਕ ਮੈਂਬਰ ਹੈ।

**ਗ੍ਰਿਫਤਾਰੀਆਂ ਦੀ ਨਿਖੇਧੀ**

ਕਮਿਊਨਿਸਟ ਪਾਰਟੀ ਆਫ ਇੰਡੀਆ ਪੋਲਿਤ ਬਿਊਰੋ ਦੀ ਮੈਂਬਰ ਕਵਿਤਾ ਕ੍ਰਿਸ਼ਨਨ ਤੇ ਕਈ ਹੋਰ ਖੱਬੇ ਪੱਖੀ ਵਰਕਰਾਂ ਨੇ ਕਿਹਾ ਕਿ ਦਿਸ਼ਾ ਨੂੰ ਰਿਹਾਅ ਕੀਤਾ ਜਾਵੇ।

ਦਿਸ਼ਾ ਰਵੀ ਦੀ ਗ੍ਰਿਫ਼ਤਾਰੀ ਅਤੇ ਨਿਕਿਤਾ ਜੈਕਬ ਤੇ ਸ਼ਾਂਤਨੂੰ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਹੋਣ ਦੇ ਬਾਅਦ ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ਚੁੱਪ ਨਹੀਂ ਰਹੇਗਾ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਵੀ ਇਸ ਮਾਮਲੇ ਵਿਚ ਸਰਕਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਟਵੀਟ ਕੀਤਾ ਕਿ 'ਡਰਤੇ ਹੈ ਬੰਦੂਕੋਂ ਵਾਲੇ ਏਕ ਨਿਹੱਥੀ ਲੜਕੀ ਸੇ, ਫੈਲੇ ਹੈਂ ਹਿੰਮਤ ਕੇ ਉਜਾਲੇ ਏਕ ਨਿਹੱਥੀ ਲੜਕੀ ਸੇ।'

ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ ਪੁਲਿਸ 'ਤੇ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਦੀ ਕੋਸਸ਼ਿ ਕਰਨ ਦਾ ਦੋਸ਼ ਲਾਉਂਦਿਆਂ ਪੁਲਿਸ ਵੱਲੋਂ ਆਪਣੀ ਤਾਕਤ ਦੀ ਦੁਰਵਰਤੋਂ ਕਰਨ ਦੀ ਨਿਖੇਧੀ ਕੀਤੀ ਹੈ। ਮੋਰਚੇ ਨੇ ਵਾਤਾਵਰਨ ਕਾਰਕੁਨ ਦਿਸ਼ਾ ਰਵੀ ਖਿਲਾਫ ਦਿੱਲੀ ਪੁਲਿਸ ਦੀ ਕਾਰਵਾਈ ਦੀ ਨਿੰਦਾ ਕੀਤੀ ਤੇ ਉਸ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ। ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਪੰਜਾਬ) ਦੇ ਪ੍ਰਧਾਨ ਡਾ. ਦਰਸ਼ਨਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਦਿੱਲੀ ਦੀਆਂ ਤਿੰਨੇ ਹੱਦਾਂ ਸਮੇਤ ਦੇਸ਼ ਦੇ ਹੋਰ ਹਿੱਸਿਆਂ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਪੁਲਿਸ ਤਾਕਤ ਦੀ ਦੁਰਵਰਤੋਂ ਕੀਤੀ ਹੈ ਤੇ ਮੋਰਚਾ ਇਸ ਦੀ ਸਖ਼ਤ ਨਿੰਦਾ ਕਰਦਾ ਹੈ। ਕਿਸਾਨ ਆਗੂ ਨੇ ਕਿਹਾ ਕਿ ਭਾਰਤ ਦੇ ਨੌਜਵਾਨ ਵਾਤਾਵਰਨ ਕਾਰਕੁਨ ਤਿੰਨੋਂ ਖੇਤੀਬਾੜੀ ਕਾਨੂੰਨਾਂ ਦੇ ਮਾੜੇ ਅਸਰਾਂ ਨੂੰ ਸਮਝਦਿਆਂ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੇ ਹਨ ਪਰ ਕੇਂਦਰ ਸਰਕਾਰ ਕਿਸਾਨ ਅੰਦੋਲਨ ਦੇ ਹਰ ਹਮਾਇਤੀ ਨੂੰ ਦੇਸ਼ ਵਿਰੋਧੀ ਸਾਬਤ ਕਰਨ ਲਈ ਪੂਰੀ ਵਾਹ ਲਾ ਰਹੀ ਹੈ। ਅਜਿਹੇ ਹਮਾਇਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਉਨਾਂ ਨੂੰ ਦੇਸ਼ ਵਿਰੋਧੀ ਗਰਦਾਨਣ ਦੀ ਨਾਕਾਮ ਕੋਸ਼ਿਸ਼ ਹੈ।'

ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਪੀ. ਚਿਦੰਬਰਮ ਨੇ ਪੁੱਛਿਆ ਹੈ ਕਿ ਕੀ ਕਿਸਾਨਾਂ ਦੀ ਹਮਾਇਤ ਵਾਲੀ ਟੂਲਕਿੱਟ ਭਾਰਤੀ ਸਰਹੱਦ ਅੰਦਰ ਚੀਨੀ ਘੁਸਪੈਠ ਤੋਂ ਵੱਧ ਖਤਰਨਾਕ ਹੈ?

ਇਸ ਦੌਰਾਨ ਸ਼ਸ਼ੀ ਥਰੂਰ, ਵਾਡਰਾ ਤੇ ਅਰਵਿੰਦ ਕੇਜਰੀਵਾਲ ਨੇ ਦਿਸ਼ਾ ਦੀ ਗ੍ਰਿਫ਼ਤਾਰੀ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਇਸ ਤੋਂ ਇਲਾਵਾ ਅਮਰੀਕੀ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਾਣਜੀ ਮੀਨਾ ਹੈਰਿਸ ਨੇ ਕਿਹਾ ਹੈ ਕਿ ਸਰਕਾਰ ਕਾਰਕੁਨਾਂ ਨੂੰ ਨਿਸ਼ਾਨਾ ਕਿਉਂ ਬਣਾ ਰਹੀ ਹੈ?

**ਜੈਕਬ ਤੇ ਸ਼ਾਂਤਨੂ ਦੀ ਵੀ ਭਾਲ**

ਪੁਲਿਸ ਨੇ ਦਿਸ਼ਾ ਦਾ ਰਿਮਾਂਡ ਲੈਣ ਦੌਰਾਨ ਅਦਾਲਤ 'ਚ ਕਿਹਾ ਸੀ ਕਿ ਸਾਈਬਰ ਸੈੱਲ ਦੀ ਟੀਮ ਹੁਣ ਦਿਸ਼ਾ ਦੇ ਕਰੀਬੀਆਂ ਨਿਕਿਤਾ ਜੈਕਬ ਅਤੇ ਸ਼ਾਂਤਨੂ ਦੀ ਵੀ ਭਾਲ ਕਰ ਰਹੀ ਹੈ। ਦਿਸ਼ਾ ਦਾ ਮੋਬਾਈਲ ਫੋਨ ਤੇ ਲੈਪਟਾਪ ਜ਼ਬਤ ਕਰ ਲਿਆ ਹੈ। ਉਸ ਨੇ ਆਪਣੇ ਫੋਨ ਦਾ ਡਾਟਾ ਡਿਲੀਟ ਕਰ ਦਿੱਤਾ ਹੈ, ਜਿਸ ਨੂੰ ਫਿਰ ਤੋਂ ਹਾਸਿਲ ਕਰਨ ਲਈ ਫੋਨ ਨੂੰ ਫੋਰੈਂਸਿਕ ਲੈਬ 'ਚ ਭੇਜਿਆ ਗਿਆ ਹੈ। ਪੁਲਿਸ ਦਾ ਦਾਅਵਾ ਹੈ ਕਿ ਟੂਲਕਿੱਟ ਮੁਹਿੰਮ ਇਕ ਯੋਜਨਾਬੱਧ ਭਾਰਤ ਵਿਰੋਧੀ ਸਾਜ਼ਿਸ਼ ਤਹਿਤ ਚਲਾਈ ਗਈ ਸੀ। ਇਸ ਮਾਮਲੇ 'ਚ ਦਿਸ਼ਾ ਦੀ ਪਹਿਲੀ ਗ੍ਰਿਫ਼ਤਾਰੀ ਹੈ।

# 97.8 ਫੀਸਦ ਯੂਏਪੀਏ ਮਾਮਲਿਆਂ ਵਿੱਚ ਤੈਅ ਨਹੀਂ ਹੋ ਪਾਏ ਦੋਸ਼

✪ 'ਯੂਏਪੀਏ' ਅਤੇ ਦੇਸ਼ਧ੍ਰੋਹ ਦੇ ਸਭ ਤੋਂ ਵੱਧ ਮਾਮਲੇ ਸਿਰਫ 2016 ਤੋਂ 2019 ਦਰਮਿਆਨ ਹੀ ਦਰਜ ਕੀਤੇ ਗਏ

✪ ਵਿਰੋਧ ਨੂੰ ਦਬਾਉਣ ਲਈ ਕਾਨੂੰਨ ਦੀ ਵਰਤੋਂ ਹੋਈ -ਐਡਵੋਕੇਟ ਬੈਂਸ

**ਨਵੀਂ ਦਿੱਲੀ /ਏ.ਟੀ.ਨਿਊਜ਼:** ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਕਾਨੂੰਨ ਯਾਨੀ 'ਯੂਏਪੀਏ' ਤੇ ਦੇਸ਼ਧ੍ਰੋਹ ਅਰਥਾਤ ਇੰਡੀਅਨ ਪੀਨਲ ਕੋਡ ਦੀ ਧਾਰਾ 124-ਏ ਦੇ ਸਭ ਤੋਂ ਵੱਧ ਮਾਮਲੇ 2016 ਤੋਂ 2019 ਦਰਮਿਆਨ ਹੀ ਦਰਜ ਕੀਤੇ ਗਏ ਹਨ। ਇਨਾਂ ਵਿੱਚੋਂ 5,922 ਕੇਸ ਇਕੱਲੇ 'ਯੂਏਪੀਏ' ਤਹਿਤ ਦਰਜ ਕੀਤੇ ਗਏ ਹਨ।

ਇਹ ਜਾਣਕਾਰੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਯਾਨੀ 'ਐਨਸੀਆਰਬੀ' ਦੀ ਤਾਜ਼ਾ ਰਿਪੋਰਟ ਵਿੱਚ ਦਿੱਤੀ ਗਈ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸ ਸਮੇਂ ਦੌਰਾਨ ਕੁਲ 132 ਵਿਅਕਤੀਆਂ ਖਿਲਾਫ ਹੀ ਦੋਸ਼ ਤੈਅ ਹੋ ਪਾਏ ਹਨ।

ਇੱਕ ਸਵਾਲ ਦੇ ਜਵਾਬ ਵਿੱਚ, ਕੇਂਦਰੀ ਗ੍ਰਹਿ ਰਾਜ ਮੰਤਰੀ, ਕਿਸਨ ਰੈਡੀ ਨੇ ਰਾਜਸਭਾ ਨੂੰ ਦੱਸਿਆ ਕਿ ਇਹ ਅੰਕੜੇ ਇਹ ਨਹੀਂ ਦਰਸਾਉਂਦੇ ਹਨ ਕਿ ਜਿਨਾਂ ਦੇ ਖਿਲਾਫ ਯੂਏਪੀਏ ਤਹਿਤ ਕੇਸ ਦਰਜ ਕੀਤੇ ਗਏ ਹਨ ਉਹ ਕਿਹੜੇ ਭਾਈਚਾਰੇ ਜਾਂ ਜਾਤੀ ਸਮੂਹ ਤੋਂ ਹਨ। ਉਨਾਂ ਕਿਹਾ ਕਿ ਰਿਪੋਰਟ ਵਿੱਚ ਇਹ ਵੀ ਸਪੱਸਟ ਨਹੀਂ ਕੀਤਾ ਗਿਆ ਹੈ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚੋਂ ਕਿੰਨੇ ਉਹ ਹਨ ਜਿਨਾਂ ਦਾ ਕੰਮ ਨਾਗਰਿਕ ਅਧਿਕਾਰਾਂ ਲਈ ਲੜਨਾ ਹੈ।

ਰੈਡੀ ਨੇ 'ਐਨਸੀਆਰਬੀ' ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਸਦਨ ਨੂੰ ਇਹ ਵੀ ਦੱਸਿਆ ਕਿ ਸਿਰਫ 2019 ਵਿੱਚ ਹੀ ਯੂਏਪੀਏ ਤਹਿਤ ਪੂਰੇ ਦੇਸ਼ ਵਿੱਚ 1,948 ਕੇਸ ਦਰਜ ਕੀਤੇ ਗਏ ਹਨ। ਅੰਕੜੇ ਦਰਸਾਉਂਦੇ ਹਨ ਕਿ ਇਸ ਸਾਲ ਸਰਕਾਰੀ ਵਕੀਲ ਕਿਸੇ ਉੱਤੇ ਵੀ ਦੋਸ਼ ਸਾਬਤ ਕਰਨ ਵਿੱਚ ਅਸਫਲ ਰਹੇ, ਜਿਸ ਕਾਰਨ 64 ਲੋਕਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ।

ਜੇ ਅਸੀਂ ਸਾਲ 2018 ਦੀ ਗੱਲ ਕਰੀਏ ਤਾਂ ਯੂਏਪੀਏ ਦੇ ਤਹਿਤ ਕੇਸ ਦਰਜ ਕਰਨ ਵਾਲੇ 1,421 ਲੋਕਾਂ ਵਿੱਚੋਂ, ਸਿਰਫ ਚਾਰ ਮਾਮਲਿਆਂ ਵਿੱਚ, ਇਸਤਗਾਸਾ ਉਸ ਵਿਅਕਤੀ ਖਿਲਾਫ ਇਲਜਾਮ ਤੈਅ ਕਰਨ ਵਿੱਚ ਕਾਮਯਾਬ ਰਿਹਾ, ਜਦੋਂ ਕਿ ਉਨਾਂ ਵਿੱਚੋਂ 68 ਲੋਕਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ। ਇਨਾਂ ਅੰਕੜਿਆਂ ਨੂੰ ਵੇਖਦਿਆਂ ਇਹ ਵੀ ਪਤਾ ਲੱਗਦਾ ਹੈ ਕਿ ਸਾਲ 2016 ਤੋਂ 2019 ਦੌਰਾਨ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚੋਂ, ਇਸ ਕਾਨੂੰਨ ਅਧੀਨ ਗ੍ਰਿਫਤਾਰ ਕੀਤੇ ਗਏ ਦੋ ਫੀਸਦ ਤੋਂ ਵੱਧ ਅਜਿਹੇ ਹਨ ਜਿਨਾਂ ਖਿਲਾਫ ਦੋਸ਼ ਤੈਅ ਕੀਤੇ ਜਾ ਸਕਦੇ ਹਨ।

ਇਸੇ ਤਰਾਂ, 2019 ਵਿੱਚ, ਭਾਰਤੀ ਦੰਡ ਵਿਧਾਨ ਦੀ ਧਾਰਾ 124-ਏ ਦੇ ਤਹਿਤ ਕੁੱਲ 96 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਨਾਂ ਵਿੱਚੋਂ ਸਿਰਫ ਦੋ ਲੋਕਾਂ 'ਤੇ ਹੀ ਦੋਸ਼ ਲਗਾਏ ਜਾ ਸਕੇ ਸਨ, ਜਦੋਂ ਕਿ 29 ਮੁਲਜਮਾਂ ਨੂੰ ਬਰੀ ਕਰ ਦਿੱਤਾ ਗਿਆ।

ਹਾਈਕੋਰਟ ਦੇ ਪ੍ਰਸਿੱਧ ਵਕੀਲ ਰਾਜਵਿੰਦਰ ਬੈਂਸ ਦੇ ਅਨੁਸਾਰ, ਵਿਰੋਧ ਦੀ ਆਵਾਜਾਂ ਨੂੰ ਦਬਾਉਣ ਲਈ ਯੂਏਪੀਏ ਅਤੇ ਦੇਸ ਧ੍ਰੋਹ ਦੇ ਕੇਸਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਉਨਾਂ ਦਾ ਕਹਿਣਾ ਹੈ ਕਿ ਜਿਨਾਂ ਲੋਕਾਂ 'ਤੇ ਇਨਾਂ ਮਾਮਲਿਆਂ ਵਿੱਚ ਇਲਜਾਮ ਲਗਾਇਆ ਜਾਂਦਾ ਹੈ, ਉਹ ਪ੍ਰਕਿਰਿਆ ਜਿਸ ਵਿੱਚੋਂ ਉਨਾਂ ਨੂੰ ਲੰਘਣਾ ਪੈਂਦਾ ਹੈ, ਆਪਣੇ ਆਪ ਵਿੱਚ ਇੱਕ ਸਜ਼ਾ ਤੋਂ ਘੱਟ ਨਹੀਂ ਹੈ।

ਬੈਂਸ ਦੇ ਅਨੁਸਾਰ, ਸਾਰੇ ਮਾਮਲਿਆਂ ਦੇ ਅਧਿਐਨ 'ਤੇ ਇੱਕ ਵਿਸੇਸ 'ਪੈਟਰਨ' ਸਾਹਮਣੇ ਆਇਆ ਹੈ। ਉਹ ਆਖਦੇ ਹਨ, 'ਜੇ ਸਾਜਸਿ ਰਚਣ ਦਾ ਇਲਜਾਮ ਹੈ ਤਾਂ ਯੂ.ਏ.ਪੀ.ਏ. ਲਗਾਇਆ ਜਾਵੇਗਾ। ਇਨਾਂ ਮਾਮਲਿਆਂ ਵਿੱਚ ਜਦੋਂ ਮੁਕੱਦਮਾ ਚਲਾਉਣ ਵਾਲੇ ਦੋਸ਼ ਸਾਬਤ ਕਰਨ ਵਿਚ ਅਸਮਰੱਥ ਹੁੰਦੇ ਹਨ ਤਾਂ ਇਹ ਸਪੱਸਟ ਹੁੰਦਾ ਹੈ ਕਿ ਇਹ ਇਲਜਾਮ ਇਸ ਲਈ ਲਗਾਏ ਗਏ ਹਨ ਤਾਂ ਕਿ ਲੋਕਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਸਕੇ। ਬਹੁਤ ਸਾਰੇ ਮਾਮਲਿਆਂ ਵਿਚ ਮੁਕੱਦਮੇ ਦੌਰਾਨ ਮੁਲਜਮ ਖਿਲਾਫ ਸਮੇਂ ਸਿਰ ਸੁਣਵਾਈ ਵੀ ਸੁਰੂ ਨਹੀਂ ਕੀਤੀ ਜਾਂਦੀ ਹੈ। ਅਦਾਲਤ ਨੇ ਹਾਲੇ ਤੱਕ ਯੂਏਪੀਏ ਅਤੇ ਦੇਸਧ੍ਰੋਹ ਵਰਗੇ ਕਾਨੂੰਨਾਂ ਦੀ ਸੰਵਿਧਾਨਕ ਮਾਨਤਾ ਬਾਰੇ ਕੋਈ ਨਿਰਦੇਸ਼ ਜਾਰੀ ਨਹੀਂ ਕੀਤਾ ਹੈ।

ਉਹ ਕਹਿੰਦੇ ਹਨ, 'ਇਨਾਂ ਕਾਨੂੰਨਾਂ ਨੂੰ ਚੁਣੌਤੀ ਵੀ ਦਿੱਤੀ ਗਈ ਹੈ, ਪਰ ਅਜੇ ਤੱਕ ਇਨਾਂ 'ਤੇ ਕੋਈ ਪਾਬੰਦੀਆਂ ਨਹੀਂ ਲਗਾਈਆਂ ਗਈਆਂ ਹਨ।'

ਉਹ ਕਹਿੰਦੇ ਹਨ, 'ਜਿੱਥੋਂ ਤੱਕ ਦੋਸ਼ ਸਾਬਤ ਹੋਣ ਦਾ ਸਬੰਧ ਹੈ, ਇਸ ਕੇਸ ਵਿੱਚ ਬਹੁਤ ਸਾਰੀਆਂ ਪੇਚਾਂ ਹਨ ਅਤੇ ਇਸਤਗਾਸਾ ਅਧਿਕਾਰੀਆਂ ਨੂੰ ਉਨਾਂ ਨੂੰ ਸਾਬਤ ਕਰਨ ਲਈ ਬਹੁਤ ਜਤਨ ਕਰਨੇ ਪੈਣਗੇ। ਲੰਬੀ ਸੁਣਵਾਈ ਕਰਕੇ, ਇਸਤਗਾਸਾ ਗਵਾਹਾਂ ਦੇ ਬਿਆਨ ਵੀ ਬਦਲਦੇ ਰਹਿੰਦੇ ਹਨ, ਜੋ ਕਿ ਆਪਣੇ ਆਪ ਵਿੱਚ ਇੱਕ ਵੱਡੀ ਚੁਣੌਤੀ ਹੈ।'

ਉਨਾਂ ਨੇ ਕਿਹਾ, 'ਇਲਜਾਮ ਲੱਗਦੇ ਰਹੇ ਹਨ ਕਿ ਸਰਕਾਰਾਂ ਵਿਰੋਧ ਦੀ ਆਵਾਜ ਨੂੰ ਸ਼ਾਂਤ ਕਰਨ ਲਈ ਯੂਏਪੀਏ ਜਾਂ ਦੇਸ਼ਧ੍ਰੋਹ ਵਰਗੇ ਕਾਨੂੰਨਾਂ ਦੀ ਵਰਤੋਂ ਕਰ ਰਹੀਆਂ ਹਨ। ਕਾਨੂੰਨ ਪ੍ਰਣਾਲੀ ਰਾਜ ਸਰਕਾਰਾਂ ਦਾ ਵਿਸ਼ਾ ਹੈ, ਇਸ ਲਈ ਸਿਰਫ ਕੇਂਦਰ ਸਰਕਾਰ ਹੀ ਜਿੰਮੇਵਾਰ ਨਹੀਂ ਹੈ। ਰਾਜ ਸਰਕਾਰਾਂ ਇਸ ਬਾਰੇ ਅਵਾਜ਼ ਉਠਾਉਣ ਤੋਂ ਕਿਉਂ ਝਕਦੀਆਂ ਹਨ।'

ਪੱਤਰਕਾਰ ਕੁਨਾਲ ਪੁਰੋਹਿਤ ਨੇ ਇਨਾਂ ਮਾਮਲਿਆਂ ਬਾਰੇ ਖੋਜ ਕੀਤੀ ਹੈ। ਇਸ ਨਾਲ ਜੁੜੀ ਉਨਾਂ ਦੀ ਰਿਪੋਰਟ 'ਨਿਊਜ ਕਲਿੱਕ' ਪੋਰਟਲ ਦੁਆਰਾ ਪ੍ਰਕਾਸ਼ਤ ਕੀਤੀ ਗਈ ਹੈ।

ਇਸ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ 2014 ਤੋਂ ਲੈ ਕੇ ਹੁਣ ਤੱਕ ਇਸ ਤਰਾਂ ਦੇ 96 ਫੀਸਦ ਮਾਮਲੇ ਸਰਕਾਰ ਅਤੇ ਰਾਜਨੇਤਾਵਾਂ ਦੀ ਆਲੋਚਨਾ ਲਈ ਦਾਇਰ ਕੀਤੇ ਗਏ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 'ਜਿਨਾਂ ਰਾਜਾਂ ਵਿਚ ਅਜਿਹੇ ਮਾਮਲੇ ਸਭ ਤੋਂ ਜ਼ਿਆਦਾ ਸਾਹਮਣੇ ਆਏ ਹਨ, ਉਹ ਮੁੱਖ ਤੌਰ 'ਤੇ ਬਿਹਾਰ, ਉੱਤਰ ਪ੍ਰਦੇਸ਼, ਕਰਨਾਟਕ ਅਤੇ ਝਾਰਖੰਡ ਹਨ।'

# ਕਿਸਾਨੀ ਮਸਲਾ, ਰਾਜਤੰਤਰ ਹਉਮੈ, ਸਤਾ ਦੇ ਲੋਕ ਵਿਰੋਧੀ ਫੈਸਲੇ

**ਵਰਗਿਸ ਸਲਾਮਤ**

75 ਤੋਂ ਵੱਧ ਦਿਨਾਂ ਤੋਂ ਦਿੱਲੀ ਦੀ ਸਰਦਲ ’ਤੇ ਆਪਣੀਆਂ ਹੱਕੀ ਮੰਗਾਂ ਲੈ ਕੇ ਸ਼ਾਂਤੀ ਦੀ ਛਾਉਣੀ ਵਿਛਾ ਕੇ ਬੈਠੇ ਦੇਸ਼ ਭਰ ਦੇ ਕਿਸਾਨ ਇੰਝ ਲੱਗ ਰਿਹਾ ਹੈ ਜਿਵੇਂ ਕਿਸੇ ਹੋਰ ਮੁਲਕ ਦੇ ਬਾਸ਼ਿੰਦੇ ਹੋਣ ਤੇ ਹਾਕਮ ਉਹਨਾਂ ਨੂੰ ਜਾਣਦਾ ਵੀ ਨਾ ਹੋਵੇ ਪਰ ਪਰੇ ਨੂੰ ਮੂੰਹ ਕਰਕੇ ਗੱਲ ਸੁਣਨ ਦੀ ਮਜਬੂਰੀ ਦਾ ਵਿਖਾਵਾ ਕਰ ਰਿਹਾ ਹੋਵੇ। ਤਾਰੀਕ ਤਾਰੀਕ ਤਾਰੀਕ ਵਾਲੀਆਂ ਨਾਕਾਮ ਵਾਰਤਾਵਾਂ ਵਿੱਚੋਂ ਨਾਕਾਰਾਤਮਕਤਾ ਹੀ ਪੱਲੇ ਪਈ ਹੈ। ਸਰਕਾਰ ਦੀ ਨੀਤੀ, ਨੀਅਤ ਅਤੇ ਨੈਤਿਕਤਾ ਵਿੱਚ ਵੱਡਾ ਅੰਤਰ ਮਹਿਸੂਸ ਕੀਤਾ ਜਾ ਰਿਹਾ ਹੈ। ਕੜਕਦੀ ਠੰਢ, ਸ਼ੀਤ ਹਵਾਵਾਂ ਅਤੇ ਬਾਰਿਸ਼ ਦੇ ਆਲਮ ਵਿੱਚ ਪਰਿਵਾਰਾਂ ਸਮੇਤ ਬੈਠੇ ਕਿਸਾਨਾਂ ਨੂੰ ਵੇਖ ਕੇ ਸਰੀਰ ਵਿੱਚੋਂ ਕਾਂਬੇ ਦੀ ਤੇਜ਼ ਸਿਰਹਨ ਹਾਕਮਾਂ ਨੂੰ ਝਿੰਜੋੜ ਕੇ ਕਿਉਂ ਨਹੀਂ ਲੰਘਦੀ! ਲਗਾਤਾਰ ਹੋ ਰਹੀਆਂ ਮੌਤਾਂ ਸਾਡੀਆਂ ਅੱਖਾਂ ਨੂੰ ਨਮ ਕਿਉਂ ਨਹੀਂ ਕਰਦੀਆਂ? ਜਾਂ ਸਾਡੀਆਂ ਅੱਖਾਂ ਦੇ ਪਰਦੇ ਮਨੁੱਖੀ ਮੋਹ ਭੁੱਲ ਕੇ ਸੱਤਾ ਮੋਹ ਅਤੇ ਸੱਤਾ ਸ਼ਕਤੀ ਦੇ ਹਉਮੈ ਵਿੱਚ ਮਗਰੂਰ ਹਨ।

ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਜੀ ਨੇ 20 ਮਾਰਚ 1931 ਨੂੰ ਮਹਾਂ ਪੰਜਾਬ ਦੇ ਗਵਰਨਰ ਨੂੰ ਲਿਖੇ ਖ਼ਤ ਵਿਚ ਲਿਖਿਆ ਸੀ, “ਅਸੀਂ ਇਹ ਐਲਾਨ ਕਰਦੇ ਹਾਂ ਕਿ ਇਕ ਯੁਧ ਚੱਲ ਰਿਹਾ ਹੈ ਅਤੇ ਇਹ ਯੁਧ ਤਦ ਤਕ ਚੱਲਦਾ ਰਹੇਗਾ, ਜਦ ਤਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਦੇ ਮਿਹਨਤਕਸ਼ ਲੋਕਾਂ ਨੂੰ ਤੇ ਉਹਨਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਰੋਲ ਗੋਰੇ ਭਾਵ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਰਲੇਵੇਂ। ਚਾਹੇ ਉਹ ਜਨਤਾ ਦਾ ਖ਼ੂਨ ਚੂਸਣ ਲਈ ਨਰੋਲ ਭਾਰਤੀ ਨੌਕਰਸ਼ਾਹੀ ਜਾਂ ਰਲੀ-ਮਿਲੀ ਨੌਕਰਸ਼ਾਹੀ ਦੀ ਮਸ਼ੀਨਰੀ ਨੂੰ ਵਰਤਣ ... ਜਦ ਤਕ ਹਰ ਕਿਸਮ ਦੀ ਲੁੱਟ-ਖਸੁਟ ਅਸੰਭਵ ਬਣਾ ਕੇ ਮਨੁਖਤਾ ਦੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੇ ਨਿਡਰਤਾ, ਬਹਾਦਰੀ ਅਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ ...।’

ਭਾਰਤ ਦੇ ਕਿਸਾਨ ਅੱਜ ਦਿੱਲੀ ਦੀਆਂ ਬਰੂਹਾਂ ਵਿੱਚ ਬੈਠ ਕੇ ਪੂਰੇ ਜੋਸ਼, ਹੋਸ਼, ਨਿਡਰਤਾ, ਬਹਾਦਰੀ ਅਤੇ ਅਟਲ ਇਰਾਦੇ ਨਾਲ ਸਰਕਾਰ ਦੇ ਅੜੀਅਲ ਰਵਈਏ ਖ਼ਿਲਾਫ ਅਜਿਹੀ ਹੀ ਜੰਗ ਲੜ ਰਹੇ ਹਨ। ਦੇਸ਼ ਦੀ ਅਜ਼ਾਦੀ ਲਈ ਸਾਰੇ ਭਾਰਤ ਵਾਸੀਆਂ ਨੇ ਇੱਕ ਹੋ ਕੇ ਲੰਮੀ ਜੰਗ ਲੜੀ ਸੀ ਅਤੇ ਸੈਂਕੜੇ ਸ਼ਹੀਦਾਂ ਨੇ ਇਸ ਜੰਗ ਵਿੱਚ ਆਪਣੀ ਧਰਤੀ ਮਾਂ ਅਰਥਾਤ ਆਪਣੀ ਜ਼ਮੀਨ ਤੋਂ ਜਾਨਾਂ ਵਾਰੀਆਂ ਸਨ। ਦੋ ਸੌ ਸਾਲ ਦੀ ਜੰਗ ਜਿੱਤ ਕੇ ਅੱਜ ਭਾਰਤ ਇੱਕ ਅਜ਼ਾਦ ਫਿਜ਼ਾ ਵਿੱਚ ਪਲ ਰਿਹਾ ਹੈ। ਭਾਰਤ ਦਾ ਹਰ ਬਾਸ਼ਿੰਦਾ ਜੋ ਕਸ਼ਮੀਰ ਤੋਂ ਕੰਨਿਆਕੁਮਾਰੀ ਅਤੇ ਗੁਜਰਾਤ ਤੋਂ ਅਰੁਣਾਚਲ ਪ੍ਰਦੇਸ਼ ਤਕ , ਭਾਵ ਦੇਸ਼ ਦਾ ਹਰ ਨਾਗਰਿਕ ਜੋ ਇੱਥੇ ਵਸਦਾ ਹੈ, ਇਸਦਾ ਵਾਰਿਸ ਹੈ। ਇਸ ਦੇਸ਼ ਦੇ ਜਲ, ਜੰਗਲ ਅਤੇ ਜ਼ਮੀਨ ਅਤੇ ਇਨਾਂ ਦਾ ਵੱਡਾ ਕੁਦਰਤੀ ਸਰਮਾਇਆ ਜੋ ਕੁਦਰਤੀ ਵਾਤਾਵਰਣ ਨੂੰ ਬਣਾਈ ਰੱਖਣ ਲਈ ਅਤਿ ਸਹਾਈ ਹੈ, ਇਸ ਸਭ ਨੂੰ ਅਸਲ ਵਿੱਚ ਪਾਲਣ ਅਤੇ ਸੰਭਾਲਣ ਵਾਲਾ ਕਿਸਾਨ ਅਰਥਾਤ ਅੰਨਦਾਤਾ ਹੈ।

ਪਿਛਲੇ ਡੇਢ ਮਹੀਨੇ ਵਿੱਚ ਤਾਰੀਕ ’ਤੇ ਤਾਰੀਕ ਕਰ ਕਰ ਕੇ ਦੇਰੀ-ਦੇਰੀ ਦੇ ਵਕਫੇ ਨਾਲ ਹੋ ਰਹੀਆਂ ਨਾਕਾਮ ਬੈਠਕਾਂ ਦੇ ਬਾਅਦ ਦੇਸ਼ ਦੀ ਤਾਜ਼ਾ ਸਥਿਤੀ ਬਹੁਤ ਹੀ ਨਾਜ਼ੁਕ ਮੋੜ ’ਤੇ ਆਣ ਖੜੋਤੀ ਹੈ ਜਿਸ ਨੂੰ ਸਮਝਣ ਅਤੇ ਮਹਿਸੂਸ ਕਰਨ ਦੀ ਲੋੜ ਹੈ। ਦੇਸ਼ ਭਰ ਵਿੱਚੋਂ 500 ਤੋਂ ਵੱਧ ਕਿਸਾਨ ਜਥੇਬੰਦੀਆਂ,



ਲਗਭਗ ਦੇਸ਼ ਦੀ ਹਰ ਸੂਬੇ ਤੋਂ ਅੰਦੋਲਨ ਵਿੱਚ ਸ਼ਾਮਲ ਹੋ ਕੇ ਸਮਰਥਨ ਦੇ ਰਹੇ ਲੋਕ ਅਤੇ ਲੱਖਾਂ ਦੀ ਗਿਣਤੀ ਵਿੱਚ ਦਿੱਲੀ ਦੇ ਕਿੰਗਰੇ ਮੱਲ ਕੇ ਬੈਠੇ ਅੰਦੋਲਨਕਾਰੀ ਇਸ ਅਹਿਦ ਨਾਲ ਉੱਥੇ ਬੈਠੇ ਹਨ ਕਿ ਸਰਕਾਰ ਅੰਨਦਾਤਾ ਦੀ ਗੱਲ ਮੰਨ ਕੇ ਕਿਸਾਨ ਅਤੇ ਕਿਸਾਨੀ ਵਿਰੋਧੀ ਕਾਨੂੰਨ ਵਾਪਸ ਲਵੇ। ਪਰ ਇੰਜ ਲਗਦਾ ਹੈ ਸਰਕਾਰ ਅੰਦੋਲਨਕਾਰੀਆਂ ਦਾ ਸਬਰ ਪਰਖ ਰਹੀ ਹੈ ਅਤੇ ਸੋਧਾਂ ’ਤੇ ਅੜੀ ਹੋਈ ਹੈ। ਸਰਕਾਰ ਦਾ ਇਹ ਅੜੀਅਲ ਵਤੀਰਾ ਕਿਸੇ ਵੱਡੇ ਨੁਕਸਾਨ ਦਾ ਖਦਸ਼ਾ ਬਣਦਾ ਜਾ ਰਿਹਾ ਹੈ। ਲੋਕਤੰਤਰ ਪ੍ਰਣਾਲੀ ਵਿੱਚ ਅਜਿਹੀ ਅੜੀ ਸਰਕਾਰਾਂ ਦੀ ਹਉਮੈ ਦਰਸਾਉਂਦੀ ਹੈ। ਪਰ ਫਿਰ ਵੀ ਲੋਕਾਂ ਦੀ ਸਮਝ ਅਤੇ ਆਗੂਆਂ ਦੀ ਸਿਆਣੀ ਅਤੇ ਅਨੁਸ਼ਾਸਨਿਕ ਲਾਮਬੰਦੀ ਅੱਗੇ ਸਿਰ ਝੁਕਦਾ ਹੈ। ਉਹਨਾਂ ਦੀ ਅਜਿਹੀ ਅਗਵਾਈ ਨੂੰ ਸੰਸਾਰ ਭਰ ਵਿੱਚ ਸਲਾਹਿਆ ਜਾ ਰਿਹਾ ਹੈ। ਸਰਕਾਰ ਮੰਨੇ ਨਾ ਮੰਨੇ ਪਰ ਸਰਕਾਰ ਦੇ ਇਸ ਅੜੀਅਲ ਅਤੇ ਮੈਂ ਨਾ ਮਾਨੂੰ ਰਵਈਏ ਦੀ ਸੰਸਾਰ ਭਰ ਵਿੱਚ ਭੰਡੀ ਹੋ ਰਹੀ ਹੈ।

**ਭਖਦਾ ਮਸਲਾ**

ਇੰਜ ਸਮਝਿਆ ਜਾ ਰਿਹਾ ਹੈ ਕਿ 75 ਦਿਨਾਂ ਦੇ ਬਾਅਦ ਕਈ ਕਿਸਾਨਾਂ ਦੇ ਸ਼ਹੀਦ ਹੋ ਜਾਣ ’ਤੇ ਵੀ ਕੇਂਦਰ ਸਰਕਾਰ ਇਸ ਵਿਸ਼ਵ-ਵਿਆਪੀ ਕਿਸਾਨ ਅੰਦੋਲਨ ਬਾਰੇ ਸੰਜੀਦਾ ਨਹੀਂ ਹੈ। ਇਹ ਵੀ ਸਾਹਮਣੇ ਆਇਆ ਹੈ ਕਿ 1994 ਤੋਂ ਬਾਅਦ 25 ਸਾਲਾਂ ਵਿੱਚ ਲਗਭਗ ਸਾਢੇ ਚਾਰ ਲੱਖ ਕਿਸਾਨ ਆਪਣੀਆਂ ਜਾਨਾਂ ਦੇ ਚੁੱਕੇ ਹਨ ਅਤੇ ਇਸ ਵਿੱਚ ਲਗਭਗ ਡੇਢ ਲੱਖ 2014 ਤੋਂ ਬਾਅਦ ਕਿਸਾਨੀ ਦੀ ਇਸ ਮੁਫਲਸੀ ਦੀ ਬਲੀ ਚੜੇ ਹਨ। ਅਜਿਹਾ ਹਾਲ ਹੀ ਮਜ਼ਦੂਰਾਂ ਦਾ ਵੀ ਹੈ।

ਅਜ਼ਾਦੀ ਦੀ ਪੌਣੀ ਸਦੀ ਦੇ ਬਾਅਦ ਵੀ ਸਮੇਂ ਦੀਆਂ ਸਰਕਾਰਾਂ ਦੇਸ਼ ਵਿੱਚੋਂ ਗਰੀਬੀ, ਅਨਪੜਤਾ, ਕੁਪੋਸ਼ਣ, ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਨਾਰੀ-ਸੁਰੱਖਿਆ, ਸਿੱਖਿਆ ਅਤੇ ਸਿਹਤ ਆਦਿ ਸਮੱਸਿਆਵਾਂ ਦਾ ਤਾਂ ਹੱਲ ਨਹੀਂ ਲੱਭ ਸਕੀਆਂ ਉਲਟਾ ਦੇਸ਼ ਨੂੰ ਇਲਾਕਾਵਾਦ, ਫਿਰਕਾਵਾਦ, ਭਾਸ਼ਾਵਾਦ, ਕੱਟੜਵਾਦ, ਵੱਖਵਾਦ, ਅੱਤਵਾਦ, ਨਿੱਜਵਾਦ, ਮੌਕਾਵਾਦ, ਨਸਲਵਾਦ, ਜਾਤਪਾਤ ਅਤੇ ਭਾਈ-ਭਤੀਜਾਵਾਦ ਆਦਿ ਸਮੱਸਿਆਵਾਂ ਵਿੱਚ ਉਲਝਾ ਦਿੱਤਾ ਹੈ। ਇਹਨਾਂ ਚੱਕਰਵਿਊ ਹੀ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਉਲਟਾ ਇਹਨਾਂ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਸ਼ਾਇਦ ਅਜਿਹੇ ਹਥਿਆਰਾਂ ਨੂੰ ਅਸੀਂ ਆਪਣੇ ਦਫਤਰਾਂ ਵਿੱਚ ਮਿਊਜ਼ੀਅਮ ਵਿੱਚ ਲੱਗੀਆਂ ਫੋਟੋਆਂ ਵਾਂਗ ਸਜ਼ਾ ਕੇ ਰੱਖਣਾ ਚਾਹੁੰਦੇ ਹਾਂ ਅਤੇ ਆਪਣੇ ਲੁਕਵੇਂ ਏਜੰਡੇ ਇਹਨਾਂ ਹਥਿਆਰਾਂ ਨਾਲ ਹੀ ਪੂਰੇ ਕਰਨੇ ਚਾਹੁੰਦੇ ਹਾਂ ਅਤੇ ਆਪਣੀ ਮਰਜ਼ੀ ਲੋਕਾਂ ’ਤੇ ਥੋਪਣਾ ਚਾਹੁੰਦੇ ਹਾਂ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕੋਵਿਡ-19 ਦੀ ਆੜ ਵਿੱਚ ਕਾਹਲ਼ੀ ਨਾਲ ਬੇਤਰਤੀਬੇ ਢੰਗ ਨਾਲ ਇਹ ਖੇਤੀ ਸਬੰਧੀ ਕਾਨੂੰਨ ਲਿਆਂਦੇ ਗਏ ਹਨ ਅਤੇ ਹੁਣ ਇਹ ਕਿਸਾਨਾਂ ’ਤੇ ਥੋਪਣ ਦੀ ਕੋਸ਼ਿਸ਼ ਵਿੱਚ ਹੈ।

ਜਿੱਥੇ ਇਸ ਕਿਸਾਨ ਅੰਦੋਲਨ ਨੇ ਲੋਕਾਂ ਵਿੱਚ ਏਕਤਾ, ਪਿਆਰ, ਸਾਂਝ, ਸਹਿਯੋਗ ਅਤੇ ਸਹਿਭਾਗਿਤਾ ਵਧਾਈ ਹੈ ਉੱਥੇ ਲੋਕਾਂ ਨੇ ਧਰਮਾਂ, ਜਾਤਾਂ ਦੀਆਂ ਵਲਗਣਾਂ ਤੋੜ ਕੇ ਇਸ ਅੰਦੋਲਨ ਨੂੰ ਵਿਸ਼ਵ-ਵਿਆਪੀ ਬਣਾਇਆ ਹੈ ਜੋ ਨਾਕਾਰਾਤਮਕ ਤਾਕਤਾਂ ਨੂੰ ਪਸੰਦ ਨਹੀਂ ਆਉਂਦਾ। ਅੱਜ ਵੀ ਮੌਕਾਪ੍ਰਸਤ, ਫਿਰਕਾਪ੍ਰਸਤ, ਕੱਟੜਵਾਦੀ, ਫਾਸ਼ੀਵਾਦੀ ਤਾਕਤਾਂ ਆਪਣੀ ਘਿਨਾਉਣੀ ਨੀਅਤ ਤੇ ਨੀਤੀ ਨਾਲ ਇਸ ਅੰਦੋਲਨ ਨੂੰ ਤਾਰਪੀਡੋ ਕਰਕੇ ਭਾਰਤ ਦੇ ਕਿਰਤੀ ਵਜੂਦ ਤੇ ਏਕਤਾ ਨੂੰ ਨੁਕਸਾਨ ਪਹੁੰਚਾਉਣ ਦੀ ਫਿਰਾਕ ਵਿੱਚ ਹੋਣਗੀਆਂ ਅਤੇ ਅੰਦੋਲਨ ਨੂੰ ਵੀ ਤੋੜਨ-ਮਰੋੜਨ ਦੀ ਕੋਸ਼ਿਸ਼ ਵਿੱਚ ਹੋਣਗੀਆਂ। ਆਪਣੇ ਨਾਪਾਕ ਇਰਾਦਿਆਂ ਲਈ ਹਰ ਵੇਲੇ ਸਰਗਰਮ ਰਹਿੰਦੀਆਂ ਅਜਿਹੀਆਂ ਤਾਕਤਾਂ ਨੇ ਹੀ ਭਾਰਤ ਨੂੰ 1947 ਦੇ ਜ਼ਖਮ, 1984 ਦੇ ਜ਼ਖਮ, ਅਯੋਧਿਆ ਦੇ ਜ਼ਖਮ, ਗੁਜਰਾਤ ਦੇ ਜ਼ਖਮ, ਉੜੀਸਾ ਦੇ ਜ਼ਖਮ, 26/11 ਮੁੰਬਈ ਦੇ ਜ਼ਖਮ, ਉੱਤਰ ਪ੍ਰਦੇਸ਼ ਅਤੇ ਹੁਣੇ ਹੁਣੇ ਦਿੱਲੀ ਦੇ ਦੰਗਿਆਂ ਦੇ ਜ਼ਖਮ ਦਿੱਤੇ ਹਨ ਅਤੇ ਸਾਡੀ ਏਕਤਾ ਨੂੰ ਤਾਰ-ਤਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਦੇਸ਼ ਦੀ ਤਾਜ਼ਾ ਸਥਿਤੀ ਨੂੰ ਸਮਝਣ ਦੀ ਲੋੜ ਹੈ।

ਲੋਕਾਂ ਦੀ ਸਰਕਾਰ ਵਿੱਚ ਲੋਕ ਰਾਏ ਪ੍ਰਮੁੱਖ ਹੁੰਦੀ ਹੈ। ਸੰਵਿਧਾਨ ਤੋਂ ਬਾਹਰ ਜਾ ਕੇ ਕਿਸੇ ਸਰਕਾਰ ਨੂੰ ਕੋਈ ਵੀ ਕਾਨੂੰਨ ਨਹੀਂ ਬਣਾਉਣਾ ਚਾਹੀਦਾ। ਲੋਕਤੰਤਰ ਪ੍ਰਣਾਲੀ ਵਿੱਚ ਲੋਕਹਿਤ ਨੂੰ ਨਜ਼ਰ ਅੰਦਾਜ਼ ਕਰਨਾ ਲੋਕਤੰਤਰ ਨਾਲ ਗੱਦਾਰੀ ਕਰਨ ਦੇ ਬਰਾਬਰ ਹੈ। ਸਾਡੇ ਮਹਾਨ ਨੇਤਾਵਾਂ ਜਿਨਾਂ ਅਜ਼ਾਦੀ ਦਾ ਘੋਲ ਆਪਣੇ ਪਿੰਡੇ ’ਤੇ ਸਹਿਣ ਕੀਤਾ ਅਤੇ ਦੇਸ਼ ਅਜ਼ਾਦ ਕਰਵਾਇਆ, ਉਹਨਾਂ ਸਮੇਂ ਸਮੇਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਕੌਮੀ ਏਕਤਾ ਨੂੰ ਮਜ਼ਬੂਤ ਬਣਾਇਆ। ਕੱਟੜਤਾ ਭਾਵੇਂ ਕਿਸੇ ਵੀ ਰੂਪ ਵਿੱਚ ਹੋਵੇ, ਨੁਕਸਾਨਦਾਈ ਅਤੇ ਨਾਕਾਰਾਤਮਕ ਹੁੰਦੀ ਹੈ। ਅਸਹਿਮਤੀ ਦੀ ਰਾਏ ਨੂੰ ਦਬਾਉਣਾ ਜਾਂ ਕੁੱਚਲਣਾ, ਮਨੁੱਖ, ਸਮਾਜ, ਕਿਸੇ ਵਿਸ਼ੇਸ਼ ਵਰਗ ਅਤੇ ਇੱਕ ਅਗਾਂਹਵਧੂ ਦੇਸ਼ ਲਈ ਕਿਸੇ ਬੁਨਿਆਦ ਪ੍ਰਸਤੀ ਜਾਂ ਤਾਲੀਬਾਨੀਗੀਰੀ ਨਾਲੋਂ ਘੱਟ ਨਹੀਂ। ਭਾਰਤ ਦੇਸ਼ ਸੰਵਿਧਾਨਿਕ ਤੌਰ ’ਤੇ ਧਰਮ ਨਿਰਪੱਖ, ਧਾਰਮਿਕ ਬਰਾਬਰੀ, ਹਰ ਤਰਾਂ ਦੀ ਅਜ਼ਾਦੀ ਅਤੇ ਅਨੇਕਤਾ ਵਿੱਚ ਏਕਤਾ ਦਾ ਆਈਕੌਨ ਹੈ। ਸਾਡੀ ਕਾਨੂੰਨੀ ਵਿਵਸਥਾ ਵੀ ਇਹਨਾਂ ਦੀ ਸੁਰੱਖਿਆ ਲਈ ਲੈਸ ਬਰ ਲੈਸ ਹੈ। ਦੇਸ਼ ਦਾ ਹਰ ਨਾਗਰਿਕ, ਹਰ ਜ਼ਿੰਮੇਵਾਰ ਸਰਕਾਰ, ਪ੍ਰਸ਼ਾਸਨ ਅਤੇ ਹਰ ਮੁਲਾਜ਼ਮ ਇਸ ਪਾਲਣਾ ਦਾ ਹਲਫ ਹੋਸ਼ੋ ਹਵਾਸ਼ ਵਿੱਚ ਲੈਂਦਾ ਹੈ।

ਪਹਿਲਾਂ ਹੀ ਮਜ਼ਦੂਰ ਨੂੰ ਖੇਤਾਂ, ਘਰਾਂ, ਫੈਕਟਰੀਆਂ ਅਤੇ ਇਮਾਰਤ ਉਸਾਰੀਆਂ ਵਿੱਚ ਲੁੱਟਿਆ ਅਤੇ ਸ਼ੋਸ਼ਿਤ ਕੀਤਾ ਜਾ ਰਿਹਾ ਹੈ। ਕਿਸਾਨ ਅਤੇ ਛੋਟੇ ਉਦਯੋਗਪਤੀ ਗਲੋਬਲ ਮੰਡੀ ਤੇ ਬਜ਼ਾਰ ਦੀ ਭੇਟ ਚੜ ਰਹੇ ਹਨ। ਹੁਣ ਕਾਰਪੋਰੇਟਾਂ ਦੀ ਕੁੜਿੱਕੀ ਵਿੱਚ ਨਪੀੜਨ ਦੀ ਕੋਸ਼ਿਸ਼ ਦਾ ਜੋ ਇੰਤਜਾਮ ਕੀਤਾ ਜਾ ਰਿਹਾ ਹੈ, ਉਹ ਕਿਸੇ ਵੀ ਕੀਮਤ ਤੇ ਲੋਕ ਹਿਤ ਵਿੱਚ ਨਹੀਂ ਹੈ। ਪਰ ਯਾਦ ਰਹੇ ਸੋਨੇ ਦੀ ਉਹੀ ਚਿੜੀ 200 ਸਾਲ ਦੀ ਗੁਲਾਮੀ ਤੇ ਪੌਣੀ ਸਦੀ ਦੀ ਅਜ਼ਾਦੀ ਦੀ ਭੱਠੀ ਵਿੱਚ ਤਪ ਕੇ ਆਪਣਾ ਕੁੰਦਨ ਮੁੱਲ ਸਮਝ ਚੁੱਕੀ ਹੈ। ਉਹ ਆਪਣੇ ਜੀਵਾਂ ਨੂੰ ਲਾਮਬੰਦ ਕਰੇਗੀ ... ਉਸ ਚਿੜੀ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਸਾਥੀਆਂ ਦਾ ਗਵਰਨਰ ਨੂੰ ਲਿਖਿਆ ਉਹ ਖਤ ਪੜ ਅਤੇ ਸਮਝ ਲਿਆ ਹੈ। ਬੱਸ! ਉਹਨਾਂ ਸ਼ਹੀਦਾਂ ਦੀ ਜਨਹਿਤ ਸੋਚ ਨੂੰ ਸਮਝ ਕੇ ਲਾਗੂ ਕਰਨ ਦੀ ਲੋੜ ਹੈ ... ਸਭ ਕੁਝ ਮੰਡੀ ਹੀ ਨਹੀਂ ਹੁੰਦੀ, ਦੇਸ਼ ਦਾ ਅਸਲੀ ਸਰਮਾਇਆ ਜਲ, ਜੰਗਲ, ਜ਼ਮੀਨ ਅਤੇ ਜਨਤਾ ਹੁੰਦੀ ਹੈ।

Buying or Selling home in Sacramento??
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।
MOBILE 916-513-8094




Put my knowledge, Service, experience and professionalism to work for you.



Buying or selling home in Sacramento?
Call 916-513-8094 for free consultation (PUNJABI/ENGLISH/HINDI)
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# ਪੰਜਾਬ ਦਾ 92 ਫ਼ੀਸਦੀ ਧਰਤੀ ਹੇਠਲਾ ਪਾਣੀ ਜ਼ਹਿਰੀਲਾ

## ✪ ਪੰਜਾਬੀ ਸੱਭਿਅਤਾ ਦੀ ਤਬਾਹੀ ਕਰ ਰਿਹਾ ਜ਼ਹਿਰੀਲਾ ਪਾਣੀ ✪ ਪੰਜਾਬ ਵਿਚ ਕੈਂਸਰ, ਕਾਲਾ ਪੀਲੀਆ ਅਤੇ ਹੋਰ ਭਿਆਨਕ ਰੋਗਾਂ ਨੇ ਪੈਰ ਪਸਾਰੇ



**- ਗੁਰਮੀਤ ਸਿੰਘ ਪਲਾਹੀ**
9815802070

ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਬਾਰੇ ਇਕ ਦਿਲ ਦਹਿਲਾ ਦੇਣ ਵਾਲੀ ਰਿਪੋਰਟ ਛਪੀ ਹੈ, ਜਿਸ ਅਨੁਸਾਰ ਪੰਜਾਬ ਦਾ 92 ਫ਼ੀਸਦੀ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਚੁੱਕਾ ਹੈ। ਪੰਜਾਬ ਦੇ ਪਾਣੀਆਂ 'ਚ ਉੱਚ ਜ਼ਹਿਰੀਲੇ ਸੰਖੀਏ ਵਾਲੇ ਤੱਤ (ਆਰਸੈਨਿਕ) ਪਾਏ ਗਏ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਆਰਸੈਨਿਕ ਆਪਣੇ ਅਜੀਵ ਰੂਪ 'ਚ ਬਹੁਤ ਜ਼ਹਿਰੀਲਾ ਹੈ, ਜਿਸ ਵਿਚ ਪੀਣ ਵਾਲੇ ਪਾਣੀ ਤੇ ਭੋਜਨ ਦੇ ਤੱਤਾਂ ਦੇ ਲੰਬੇ ਸਮੇਂ ਤੱਕ ਇਨ੍ਹਾਂ ਦੇ ਸੰਪਰਕ ਵਿਚ ਰਹਿਣ ਦੇ ਚਲਦਿਆਂ ਕੈਂਸਰ ਤੇ ਚਮੜੀ ਰੋਗਾਂ ਸਮੇਤ ਹੋਰ ਸਰੀਰਕ ਬਿਮਾਰੀਆਂ ਹੋ ਸਕਦੀਆਂ ਹਨ।

ਪੰਜਾਬ ਦੇ ਵਸਨੀਕਾਂ ਨੂੰ ਜ਼ਹਿਰੀਲੇ ਤੱਤਾਂ ਦੇ ਅਸਰ ਦਾ ਪਹਿਲਾਂ ਹੀ ਵੱਡਾ ਸਾਹਮਣਾ ਕਰਨਾ ਪੈ ਰਿਹਾ ਹੈ, ਅਬੋਹਰ-ਬਠਿੰਡਾ (ਪੰਜਾਬ) ਤੋਂ ਜੋਧਪੁਰ-ਬੀਕਾਨੇਰ (ਰਾਜਸਥਾਨ) ਜਾਂਦੀ 'ਕੈਂਸਰ ਟਰੇਨ' ਵਿਚ 30 ਫੀਸਦੀ ਕੈਂਸਰ ਦੇ ਮਰੀਜ਼ ਹੁੰਦੇ ਹਨ। ਜਿਹੜੇ ਖ਼ਾਸ ਤੌਰ 'ਤੇ ਮਾਨਸਾ, ਬਠਿੰਡਾ, ਫ਼ਰੀਦਕੋਟ, ਸੰਗਰੂਰ, ਮੋਗਾ, ਮੁਕਤਸਰ, ਫ਼ਿਰੋਜ਼ਪੁਰ, ਫ਼ਾਜ਼ਿਲਕਾ ਨਾਲ ਸਬੰਧਤ ਹਨ। ਇਹ ਪੰਜਾਬ ਦੇ ਮਾਲਵਾ ਖ਼ਿੱਤੇ ਦੇ ਲੋਕਾਂ ਦੇ ਕੈਂਸਰ ਰੋਗ ਤੋਂ ਪੀੜਤ ਹੋਣ ਦੀ ਵੱਡੀ ਦਾਸਤਾਨ ਹੈ। ਇਹ ਮਰੀਜ਼ ਅਚਾਰੀਆ ਤੁਲਸੀ ਡਿਜੀਟਲ ਕੈਂਸਰ ਹੌਸਪੀਟਲ ਐਂਡ ਰੀਸਰਚ ਸੈਂਟਰ ਬੀਕਾਨੇਰ 'ਚ ਇਲਾਜ ਲਈ ਜਾਂਦੇ ਹਨ ਪਰ ਕੋਰੋਨਾ ਕਾਰਨ ਹੁਣ ਐਡਵਾਂਸ ਕੈਂਸਰ ਇੰਸਟੀਚਿਊਟ ਐਂਡ ਹੋਮੀ ਭਾਬਾ ਕੈਂਸਰ ਹੌਸਪੀਟਲ ਸੰਗਰੂਰ ਵਿਚ ਇਲਾਜ ਲਈ ਪੁੱਜਦੇ ਹਨ।

ਪੰਜਾਬ ਦਾ ਮਾਲਵਾ ਖ਼ਿੱਤਾ ਇਹੋ ਜਿਹਾ ਹੈ, ਜਿੱਥੇ ਖੇਤੀ ਪੈਦਾਵਾਰ ਲਈ ਵਧੇਰੇ ਰਸਾਇਣਾਂ ਜਿਨ੍ਹਾਂ ਵਿਚ ਜ਼ਹਿਰੀਲੀਆਂ ਕੀੜੇਮਾਰ ਦਵਾਈਆਂ ਤੇ ਖਾਦਾਂ ਸ਼ਾਮਿਲ ਹਨ, ਦੀ ਵਰਤੋਂ ਕੀਤੀ ਜਾਂਦੀ ਹੈ। ਜਿਹੜੀਆਂ 15 ਕੀੜੇਮਾਰ ਦਵਾਈਆਂ ਪੰਜਾਬ ਦੇ ਖੇਤਾਂ ਵਿਚ ਖੇਤੀ ਪੈਦਾਵਾਰ ਲਈ ਵਰਤੀਆਂ ਜਾਂਦੀਆਂ ਹਨ, ਯੂ.ਐਸ.ਏ. ਇਨਵਾਇਰਮੈਂਟ ਪ੍ਰੋਟੈਕਸ਼ਨ ਏਜੰਸੀ ਮੁਤਾਬਿਕ ਉਨ੍ਹਾਂ ਵਿਚੋਂ 7 ਕੀੜੇਮਾਰ ਦਵਾਈਆਂ ਪੀਣ ਵਾਲੇ ਪਾਣੀ ਲਈ ਘਾਤਕ ਹਨ। ਬਿਨਾਂ ਸ਼ੱਕ ਪੰਜਾਬ ਨੂੰ ਇਸ ਵੇਲੇ ਅਫ਼ੀਮ, ਚਿੱਟੇ ਅਤੇ ਸਮੈਕ ਨੇ ਮਧੋਲਿਆ ਹੋਇਆ ਹੈ, ਪਰ ਪੀਣ ਵਾਲੇ ਜ਼ਹਿਰੀਲੇ ਪਾਣੀ ਅਤੇ ਪ੍ਰਦੂਸ਼ਿਤ ਹਵਾ ਨੇ ਤਾਂ ਪੰਜਾਬ ਨੂੰ ਪੰਜ+ਆਬ ਹੀ ਨਹੀਂ ਰਹਿਣ ਦਿੱਤਾ, ਸਗੋਂ ਇਕ ਜ਼ਹਿਰੀਲੇ ਖ਼ਿੱਤੇ ਵਿਚ ਤਬਦੀਲ ਕਰ ਦਿੱਤਾ ਹੈ।

ਪੰਜਾਂ ਪਾਣੀਆਂ ਦੀ ਧਰਤੀ ਪੰਜਾਬ ਦੇ ਬੰਜਰ ਹੋਣ ਦੀਆਂ ਭਵਿੱਖਬਾਣੀਆਂ ਕੀਤੀਆਂ ਜਾ ਰਹੀਆਂ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਬਹੁਤ ਹੀ ਡੂੰਘਾ ਚਲਾ ਗਿਆ ਹੈ, ਜਿਸ ਦੀ ਬਦੌਲਤ ਅਧਿਐਨ ਵੇਲੇ ਦੇ ਪੰਜਾਬ ਦੇ 138 ਬਲਾਕਾਂ ਵਿਚੋਂ 109 ਬਲਾਕ ਤਾਂ ਅਤਿ ਸ਼ੋਸ਼ਿਤ ਖ਼ਿੱਤੇ ਵਿਚ ਚਲੇ ਗਏ ਹਨ। ਕੁਝ ਕੁ ਹੋਰ ਸੇਮ ਦੇ ਮਾਰੇ ਹਨ। ਪੰਜਾਬ ਦੀ ਗੁਮਕਦੀ ਪੌਣ ਪਲੀਤ ਹੋ ਚੁੱਕੀ ਹੈ ਅਤੇ ਖੇਤੀਬਾੜੀ ਦੇ ਰਸਾਇਣਿਕ ਮਾਡਲ ਨੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਢਾਅ ਲਾਈ ਹੈ। ਤੰਦਰੁਸਤ ਤੇ ਰਿਸ਼ਟ-ਪੁਸ਼ਟ ਮੌਤ ਨੂੰ ਮਖੌਲਾਂ ਕਰਨ ਵਾਲੇ ਪੰਜਾਬੀਆਂ ਦੇ ਘਰਾਂ ਵਿਚ ਕੈਂਸਰ, ਕਾਲਾ ਪੀਲੀਆ ਅਤੇ ਹੋਰ ਭਿਆਨਕ ਰੋਗਾਂ ਨੇ ਪੈਰ ਪਸਾਰ ਲਏ ਹਨ।

ਧਰਤੀ ਹੇਠਲੇ ਪਾਣੀ ਦੀ ਖੇਤੀ ਲਈ ਉਪਲਬਧਤਾ ਔਖੀ ਹੋਣ ਅਤੇ ਖੇਤੀ ਲਈ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਲੋੜੋਂ ਵੱਧ ਵਰਤੋਂ ਨੇ ਪੰਜਾਬ ਦੇ ਪਾਣੀਆਂ 'ਚ ਜ਼ਹਿਰ ਹੀ ਨਹੀਂ ਘੋਲੀ ਸਗੋਂ ਸ਼ਹਿਰਾਂ ਦੀਆਂ ਫ਼ੈਕਟਰੀਆਂ ਦੇ ਕੈਮੀਕਲ ਯੁਕਤ ਪਾਣੀ, ਘਰਾਂ ਵਿਚੋਂ ਨਿਕਲਦੇ ਗੰਦੇ ਪਾਣੀ (ਸੀਵਰੇਜ ਵਾਟਰ) ਨੇ ਵੀ ਇਸ ਵਿਚ ਵਾਧਾ ਕੀਤਾ ਹੈ। ਸਰਕਾਰੀ ਰਿਪੋਰਟਾਂ ਅਨੁਸਾਰ ਧਰਤੀ ਹੇਠਲਾ 60 ਮੀਟਰ ਡੂੰਘਾਈ ਤੱਕ ਦਾ 50 ਤੋਂ 60 ਫੀਸਦੀ ਪਾਣੀ, ਪੰਜਾਬ ਦੇ ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਨਵਾਂਸ਼ਹਿਰ, ਰੋਪੜ, ਲੁਧਿਆਣੇ, ਫ਼ਤਿਹਗੜ੍ਹ ਸਾਹਿਬ, ਮੁਹਾਲੀ ਜ਼ਿਲ੍ਹਿਆਂ ਦਾ, ਸਾਫ਼-ਸੁਥਰਾ ਤੇ ਪੀਣਯੋਗ ਹੈ ਅਤੇ ਜਦਕਿ ਲਗਪਗ 20 ਤੋਂ 30 ਫ਼ੀਸਦੀ ਤਰਨ ਤਾਰਨ, ਪਟਿਆਲਾ, ਸੰਗਰੂਰ, ਬਰਨਾਲਾ, ਮੋਗਾ ਦਾ ਪਾਣੀ ਸਲੂਣਾ ਅਤੇ ਠੀਕ-ਠੀਕ ਪੱਧਰ ਦਾ ਹੈ। ਪਰ ਮੁਕਤਸਰ, ਬਠਿੰਡਾ, ਮਾਨਸਾ ਅਤੇ ਸੰਗਰੂਰ ਦਾ 15 ਤੋਂ 25 ਫੀਸਦੀ ਧਰਤੀ ਹੇਠਲਾ ਪਾਣੀ ਸਲੂਣਾ, ਅਲਕਲੀ ਭਰਪੂਰ ਹੈ ਜੋ ਕਿ ਸਿੰਚਾਈ ਲਈ ਵੀ ਦਰੁਸਤ ਨਹੀਂ ਹੈ। ਪੰਜਾਬ 'ਚ ਵੇਖਿਆ ਜਾ ਰਿਹਾ ਇਹ ਜ਼ਹਿਰੀਲਾ ਪਾਣੀ ਅੱਜ ਦੀ ਨਹੀਂ ਸਗੋਂ ਦਹਾਕਿਆਂ ਤੋਂ ਵੱਡੀ ਸਮੱਸਿਆ ਹੈ, ਕਿਉਂਕਿ ਪੰਜਾਬ ਦੀ ਧਰਤੀ ਹੇਠਲੇ ਪਾਣੀਆਂ ਦੀ ਲਗਾਤਾਰ ਦੁਰਵਰਤੋਂ ਹੋਈ ਹੈ।

ਬੁੱਢਾ ਨਾਲਾ, ਲੁਧਿਆਣਾ ਜੋ ਲੁਧਿਆਣਾ ਦੇ ਨਜ਼ਦੀਕ ਵਗਦਾ ਹੈ ਸਾਫ਼-ਸੁਥਰੇ ਪਾਣੀ ਦਾ ਸੋਮਾ ਸੀ, ਜਿੱਥੇ ਲੋਕ ਪਸ਼ੂਆਂ ਨੂੰ ਪਾਣੀ ਪਿਆਉਂਦੇ ਸਨ, ਕੱਪੜੇ ਧੋਂਦੇ ਸਨ, ਕਈ ਘਰਾਂ ਵਿਚ ਪੀਣ ਲਈ ਵੀ ਵਰਤਦੇ ਸਨ। ਅੱਜ ਇਹ ਗੰਦੇ ਨਾਲੇ ਦਾ ਰੂਪ ਧਾਰਨ ਕਰ ਚੁੱਕਾ ਹੈ, ਕਿਉਂਕਿ ਲੁਧਿਆਣਾ ਸ਼ਹਿਰ ਦੀ ਸਨਅਤ ਦਾ ਰਸਾਇਣ ਯੁਕਤ ਪਾਣੀ ਅਤੇ ਹੋਰ ਗੰਦ-ਮੰਦ ਇਸ ਨਾਲੇ ਵਿਚ ਪੈਂਦਾ ਹੈ ਜਿਹੜਾ ਅੱਗੋਂ ਦਰਿਆ ਸਤਲੁਜ ਵਿਚ ਪੈਂਦਾ ਹੈ ਅਤੇ ਸਤਲੁਜ ਦਰਿਆ ਤੋਂ ਨਿਕਲਦੀਆਂ ਨਹਿਰਾਂ ਜੋ ਫ਼ਿਰੋਜ਼ਪੁਰ, ਮਲੋਟ, ਜ਼ੀਰਾ ਆਦਿ ਪੁੱਜਦੀਆਂ ਹਨ, 'ਚ ਪੈਂਦਾ ਹੈ ਤਾਂ ਪਾਣੀ ਨੂੰ ਬੁਰੀ ਤਰ੍ਹਾਂ ਦੂਸ਼ਿਤ ਕਰਦੀਆਂ ਹਨ। ਇਸੇ ਤਰ੍ਹਾਂ ਕਾਲੀ ਬੇਈਂ ਸੁਲਤਾਨਪੁਰ ਲੋਧੀ ਜੋ ਸਾਫ਼-ਸੁਥਰੇ ਪਾਣੀ ਦਾ ਇਕ ਸੋਮਾ ਸੀ, ਅਤੇ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਪਵਿੱਤਰ ਬੇਈਂ ਵਿਚ ਗੁਰੂ ਨਾਨਕ ਦੇਵ ਦੀ ਇਸ਼ਨਾਨ ਕਰਿਆ ਕਰਦੇ ਸਨ, ਉਸ ਬੇਈਂ ਦੇ ਮੁੱਢ ਤੋਂ ਸੁਲਤਾਨਪੁਰ ਲੋਧੀ ਤੱਕ ਪੈਂਦੇ ਪਿੰਡਾਂ ਸ਼ਹਿਰਾਂ ਦਾ ਗੰਦਾ ਪਾਣੀ ਇਸ ਬੇਈਂ ਵਿਚ ਰਲਾ ਦਿੱਤਾ ਗਿਆ ਹੈ, ਜਿਸ ਨਾਲ ਇਹ ਬੇਈਂ ਪੂਰੀ ਤਰ੍ਹਾਂ ਦੂਸ਼ਿਤ ਹੋ ਗਈ ਸੀ। ਇਹੋ ਹਾਲ ਬੰਗਾ-ਨਵਾਂਸ਼ਹਿਰ ਤੋਂ ਆਉਂਦੀ ਚਿੱਟੀ ਬੇਈਂ ਅਤੇ ਫਗਵਾੜਾ ਦੇ 'ਗੰਦੇ ਨਾਲੇ' ਦਾ



ਹੈ, ਜਿੱਥੇ ਸ਼ਹਿਰਾਂ 'ਚ ਲਗਾਈਆਂ ਫ਼ੈਕਟਰੀਆਂ ਦਾ ਗੰਦਾ ਪਾਣੀ ਸਾਫ਼-ਸੁਥਰੇ ਪਾਣੀਆਂ ਨੂੰ ਦੂਸ਼ਿਤ ਕਰਦਾ ਹੈ।

ਭਾਵੇਂ ਕਿ ਸਮੇਂ-ਸਮੇਂ ਉੱਤੇ ਗੰਦੇ ਪਾਣੀ ਨੂੰ ਸਾਫ਼ ਕਰਕੇ ਵਰਤਣ ਲਈ ਖੇਤੀਬਾੜੀ ਦੀ ਵਰਤੋਂ ਲਈ ਪੰਜਾਬ ਸਰਕਾਰ ਵੱਲੋਂ ਕਦਮ ਪੁੱਟੇ ਜਾ ਰਹੇ ਹਨ। ਪੰਜਾਬ ਦਾ ਪੋਲਿਊਸ਼ਨ ਕੰਟਰੋਲ ਬੋਰਡ ਕੈਮੀਕਲ ਯੁਕਤ ਪਾਣੀ ਨੂੰ ਸਾਫ਼ ਕਰਨ ਲਈ ਕਾਰਖ਼ਾਨਿਆਂ, ਮਿੱਲਾਂ, ਫਾਊਂਡਰੀਆਂ ਉੱਤੇ ਕਰੜੀ ਨਜ਼ਰ ਰੱਖ ਰਿਹਾ ਹੈ, ਪਰ ਇਸ ਮਾਮਲੇ ਉੱਤੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਨਾ ਕਰਨ ਕਰਕੇ, ਲਗਾਏ ਗਏ ਟ੍ਰੀਟਮੈਂਟ ਪਲਾਂਟਾਂ ਨੂੰ ਨਾ ਚਲਾ ਕੇ, ਉਦਯੋਗਪਤੀ ਖ਼ਰਚ ਬਚਾ ਲੈਂਦੇ ਹਨ। ਗੰਨਾ ਮਿੱਲਾਂ ਸਿਰਫ਼ ਚਿਮਨੀਆਂ ਰਾਹੀਂ ਧੂੰਆਂ ਨਹੀਂ ਛੱਡਦੀਆਂ ਆਪਣਾ ਰਸਾਇਣਾਂ ਯੁਕਤ ਪਾਣੀ ਸ਼ਹਿਰਾਂ ਦੇ ਸੀਵਰੇਜ ਦੇ ਪਾਣੀ 'ਚ ਰਲਾ ਕੇ ਗੰਦੇ ਪਾਣੀ ਨੂੰ ਹੋਰ ਗੰਦਾ ਕਰ ਰਹੀਆਂ ਹਨ। ਪਿਛਲੇ ਦਿਨੀਂ ਹਮੀਰੇ ਦੀ ਸ਼ਰਾਬ ਫ਼ੈਕਟਰੀ 'ਚੋਂ ਨਿਕਲਿਆ ਪ੍ਰਦੂਸ਼ਿਤ ਪਾਣੀ ਮੱਛੀਆਂ ਅਤੇ ਹੋਰ ਜੀਵਾਂ ਨੂੰ ਮਾਰਨ ਦਾ ਕਾਰਨ ਬਣਿਆ, ਇਸ ਦੀ ਵੱਡੀ ਚਰਚਾ ਵੀ ਹੋਈ। ਚਿੱਟੀ ਬੇਈਂ ਅਤੇ ਬੁੱਢੇ ਨਾਲੇ ਨੂੰ ਸਾਫ਼ ਕਰਨ ਲਈ ਲਹਿਰ ਵਾਂਗਰ ਕੁਝ ਵਾਤਾਵਰਨ ਪ੍ਰੇਮੀਆਂ ਨੇ ਯਤਨ ਵੀ ਕੀਤਾ। ਮੌਜੂਦਾ ਪੰਜਾਬ ਸਰਕਾਰ ਨੇ ਸਟੇਟ ਵਾਟਰ ਅਥਾਰਟੀ ਵੀ ਕਾਇਮ ਕੀਤੀ, ਜਿਸ ਵੱਲੋਂ ਘਰੇਲੂ, ਖੇਤੀ, ਸਨਅਤ ਅਤੇ ਹੋਰ ਕੰਮਾਂ ਲਈ ਸਾਫ਼-ਸੁਥਰਾ ਪਾਣੀ ਮੁਹੱਈਆ ਕਰਨ ਦੀ ਗੱਲ ਵੀ ਕੀਤੀ ਗਈ ਹੈ ਪਰ ਆਈ. ਟੀ.ਆਈ. ਖੜਗਪੁਰ ਵੱਲੋਂ ਹੁਣੇ ਪ੍ਰਕਾਸ਼ਿਤ ਹੋਈ ਰਿਪੋਰਟ ਦਿਖਾਉਂਦੀ ਹੈ ਕਿ ਇਸ ਸਬੰਧੀ ਗੋਹੜੇ ਵਿਚੋਂ ਪੂਣੀ ਵੀ ਨਹੀਂ ਕੱਤੀ ਗਈ।

ਅਸਲ ਵਿਚ ਧਰਤੀ ਉੱਪਰਲਾ ਪਾਣੀ ਜਦੋਂ ਧਰਤੀ 'ਚ ਸਿੰਮਦਾ ਹੈ, ਉਹ ਧਰਤੀ ਤੇ ਫੈਲੇ ਦਵਾਈਆਂ ਖਾਦਾਂ ਦੇ ਜ਼ਹਿਰਾਂ ਨੂੰ ਵੀ ਆਪਣੇ 'ਚ ਜਜ਼ਬ ਕਰਦਾ ਹੈ। ਜਦੋਂ ਇਹ ਪਾਣੀ ਧਰਤੀ ਹੇਠਲੇ ਪੱਧਰ ਤੱਕ ਪੁੱਜਦਾ ਹੈ ਤਾਂ ਆਪਣੇ ਵਿਚ ਉਹ ਸਾਰੇ ਕਣ ਜਜ਼ਬ ਕਰਦਾ ਹੈ, ਜੋ ਧਰਤੀ 'ਚ ਸਿਮ ਕੇ ਉਸ ਤੱਕ ਪੁੱਜਦੇ ਹਨ। ਜੇਕਰ ਧਰਤੀ ਉੱਪਰਲਾ ਪਾਣੀ ਗੰਧਲਾ ਹੋਏਗਾ, ਨਿਕੰਮਾ ਹੋਏਗਾ, ਤਾਂ ਧਰਤੀ ਹੇਠਲਾ ਪਾਣੀ ਵੀ ਗੰਦਾ ਹੀ ਹੁੰਦਾ ਜਾਏਗਾ। ਜਿਸ ਨੂੰ ਜਦੋਂ ਅਸੀਂ ਪੰਪਾਂ ਰਾਹੀਂ ਬਾਹਰ ਕੱਢ ਕੇ ਪੀਂਦੇ ਹਾਂ ਤਾਂ ਇਹ ਸਾਡੀ ਸਿਹਤ ਉੱਤੇ ਬੁਰਾ ਅਸਰ ਪਾਉਂਦਾ ਹੈ। ਇਹੋ ਪਾਣੀ ਜਦੋਂ ਖੇਤੀ ਲਈ ਵਰਤਦੇ ਹਾਂ ਤਾਂ ਇਹ ਘੁੰਮਦਾ ਘੁਮਾਉਂਦਾ-ਪੌਦਿਆਂ, ਜਾਨਵਰਾਂ, ਮਨੁੱਖਾਂ ਦੀ ਸਿਹਤ ਲਈ ਹਾਨੀਕਾਰਕ ਬਣਦਾ ਹੈ। ਪੰਜਾਬ ਦੇ ਹਰੇ ਇਨਕਲਾਬ ਨੇ ਪੰਜਾਬ 'ਚ ਪਾਣੀ ਦੀ ਵੱਧ ਜ਼ਰੂਰਤ ਪੈਦਾ ਕੀਤੀ ਅਤੇ ਧਰਤੀ ਹੇਠਲਾ ਵੱਧ ਪਾਣੀ ਸਿੰਚਾਈ ਲਈ ਵਰਤਿਆ ਜਾਣ ਲੱਗ ਪਿਆ।

ਕਦੇ ਪੰਜਾਬ 'ਚ ਛੱਪੜਾਂ ਦਾ ਪਾਣੀ ਪੀਣ ਲਈ ਵਰਤਿਆ ਜਾਂਦਾ ਸੀ, ਨਹਿਰਾਂ ਦਾ ਪਾਣੀ ਵੀ ਸਾਫ਼-ਸੁਥਰਾ ਹੁੰਦਾ ਸੀ। ਹੁਣ ਨਾ ਪਿੰਡਾਂ ਦੇ ਛੱਪੜ ਗੰਦਗੀ ਤੋਂ ਬਚੇ ਹਨ, ਨਾ ਨਹਿਰਾਂ, ਨਾ ਪਿੰਡਾਂ ਦੇ ਲਾਗਲੀਆਂ ਝੀਲਾਂ ਪ੍ਰਦੂਸ਼ਣ ਤੋਂ ਬਚੀਆਂ ਹਨ ਅਤੇ ਨਾ ਹੀ ਸ਼ਹਿਰਾਂ ਦੇ ਨਜ਼ਦੀਕ ਵਗਦੇ ਨਾਲੇ-ਖਾਲੇ। ਹੁਣ ਤਾਂ ਪਹਾੜਾਂ ਦੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰਨ ਤੋਂ ਮਨੁੱਖ ਨੇ ਗੁਰੇਜ਼ ਨਹੀਂ ਕੀਤਾ ਭਾਵ ਪਾਣੀ ਦੇ ਪ੍ਰਦੂਸ਼ਣ ਨਾਲ ਉਸ ਖ਼ਿੱਤੇ 'ਚ ਵਗਦੇ ਦਰਿਆ, ਝੀਲਾਂ ਪ੍ਰਦੂਸ਼ਿਤ ਹੁੰਦੇ ਹਨ ਅਤੇ ਦੇਸ਼ ਭਾਰਤ ਦੇ 25 ਕਰੋੜ ਲੋਕ ਪ੍ਰਦੂਸ਼ਿਤ ਪਾਣੀ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਦੇ ਵੱਡੀ ਗਿਣਤੀ 'ਚ ਲੋਕ ਵੀ ਪ੍ਰਦੂਸ਼ਿਤ ਪਾਣੀ ਦੀ ਮਾਰ ਹੇਠ ਆਏ ਹਨ। ਪਾਣੀ ਦਾ ਪ੍ਰਦੂਸ਼ਣ ਇਕੱਲਿਆਂ ਮਨੁੱਖੀ ਜੀਵਨ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ ਸਗੋਂ ਧਰਤੀ ਨੂੰ ਵੀ ਜ਼ਹਿਰੀ ਬਣਾਉਂਦਾ ਹੈ, ਪੌਦਿਆਂ ਨੂੰ ਮਾਰਦਾ ਹੈ, ਪਸ਼ੂ-ਪੰਛੀਆਂ ਦੇ ਜੀਵਨ ਲਈ ਘਾਤਕ ਬਣਦਾ ਹੈ। ਇਸੇ ਕਰਕੇ ਪ੍ਰਦੂਸ਼ਿਤ ਪਾਣੀ ਕਾਰਨ ਪੰਜਾਬ ਦੇ ਖੇਤ-ਖਲਿਆਣ, ਪਸ਼ੂ ਪੰਛੀ ਵੀ ਓਨੇ ਹੀ ਪ੍ਰਭਾਵਿਤ ਹੋਏ ਜਿੰਨਾ ਪੰਜਾਬ ਦਾ ਮਨੁੱਖ।

ਇਸ ਵਾਯੂ-ਮੰਡਲ ਵਿਚ ਧਰਤੀ ਉੱਤੇ ਜੇਕਰ ਸਭ ਤੋਂ ਵੱਧ ਕੀਮਤੀ ਚੀਜ਼ ਹੈ ਤਾਂ ਉਹ ਪਾਣੀ ਹੈ। ਧਰਤੀ ਦਾ ਦੋ ਤਿਹਾਈ ਹਿੱਸਾ ਪਾਣੀ ਨਾਲ ਘਿਰਿਆ ਪਿਆ ਹੈ। ਸਮੁੰਦਰਾਂ, ਨਦੀਆਂ, ਝੀਲਾਂ ਦੇ ਬੇਅੰਤ ਪਾਣੀ ਵਿਚੋਂ ਮਨੁੱਖੀ ਵਰਤੋਂ ਲਈ 0.3 ਹਿੱਸਾ ਹੀ ਉਪਲਬਧ ਹੈ। ਇਸ ਉਪਲਬਧ ਪਾਣੀ ਨੂੰ ਸ਼ਹਿਰੀਕਰਨ, ਜੰਗਲਾਂ ਦੇ ਵੱਢ-ਵਢਾਂਗੇ, ਉਦਯੋਗਿਕ ਰਹਿੰਦ-ਖੂੰਹਦ, ਸਮਾਜੀ ਅਤੇ ਧਾਰਮਿਕ ਰਹੁਰੀਤਾਂ, ਖਾਦਾਂ, ਕੀਟਨਾਸ਼ਕਾਂ, ਡਿਟਰਜੈਂਟ ਪਾਊਡਰਾਂ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਲਗਭਗ 6 ਬਿਲੀਅਨ ਕਿਲੋਗ੍ਰਾਮ ਕੂੜਾ ਕਰਕਟ (ਪਲਾਸਟਿਕ, ਇਲੈਕਟ੍ਰੋਨਿਕ ਆਈਟਮਾਂ ਆਦਿ) ਹਰ ਵਰ੍ਹੇ ਸਮੁੰਦਰ ਦੀ ਭੇਟ ਚੜ੍ਹਾਇਆ ਜਾ ਰਿਹਾ ਹੈ, ਜਿਸ ਨਾਲ ਸਮੁੰਦਰ ਵਿਚਲੇ ਜੀਵਾਂ ਦਾ ਵੀ ਸਰਬਨਾਸ਼ ਹੁੰਦਾ ਜਾ ਰਿਹਾ ਹੈ। ਇੱਥੇ ਹੀ ਬਸ ਨਹੀਂ ਭੈੜੇ ਪਾਣੀ ਦੀ ਉਪਜ ਮੱਛੀਆਂ ਅਤੇ ਹੋਰ ਕੀੜੇ-ਮਕੌੜੇ ਜਿਹੜੇ ਮਨੁੱਖਾਂ ਦਾ ਭੋਜਨ ਵੀ ਬਣਦੇ ਹਨ, ਉਹ ਵੀ ਮਨੁੱਖੀ ਸਿਹਤ ਦਾ ਘਾਣ ਕਰਦੇ ਹਨ।

ਪੰਜਾਬ ਦੀ ਖ਼ੁਸ਼ਹਾਲੀ ਅਤੇ ਚੰਗੇ ਜੀਵਨ ਜਿਊਣ ਦੇ ਮੁਕਾਬਲੇ ਨੇ ਆਪਣੀ ਰਵਾਇਤੀ ਖ਼ੁਰਾਕ ਛੱਡ ਕੇ ਬਾਜ਼ਾਰੂ ਖ਼ੁਰਾਕ ਵੱਲ ਵੱਧ ਧਿਆਨ ਦਿੱਤਾ ਹੈ। ਇਸ ਮਿਲਾਵਟੀ ਭੋਜਨ ਕਾਰਨ ਪੰਜਾਬੀਆਂ ਦੇ ਸੁਡੌਲ ਜੁੱਸੇ ਨਕਾਰਾ ਹੁੰਦੇ ਜਾ ਰਹੇ ਹਨ, ਜਿਹੜੇ ਇਸ ਖ਼ਿੱਤੇ 'ਚ ਵੱਸਦੇ ਲੋਕਾਂ ਲਈ ਖ਼ਤਰੇ ਦੀ ਘੰਟੀ ਹਨ ਅਤੇ ਕਿਸੇ ਸਮੇਂ ਪੰਜਾਬ ਦਾ ਇਹ ਜ਼ਹਿਰੀਲਾ ਪਾਣੀ ਪੰਜਾਬੀਆਂ ਦੀ ਸਿਹਤ ਦੀ ਬਰਬਾਦੀ ਅਤੇ ਪੰਜਾਬ ਦੇ ਖ਼ਿੱਤੇ ਵਿਚੋਂ ਉਜਾੜੇ ਦਾ ਕਾਰਨ ਬਣੇਗਾ।

# ਕਿਸਾਨੀ ਅੰਦੋਲਨ ਵਿਚ ਸ਼ਾਮਲ ਲੋਕਾਂ ਨੂੰ ਹਕੂਮਤ ਵੱਲੋਂ ਦਿੱਤੇ ਨਵੇਂ ਸ਼ਬਦ 'ਅੰਦੋਲਨ ਜੀਵੀ' ਕਿਥੋਂ ਤੱਕ ਸਹੀ

**ਸਰਬਜੀਤ ਕੌਰ**

ਕਿਸਾਨੀ ਅੰਦੋਲਨ ਨਾਲ ਸਿਆਸੀ ਲੋਕਾਂ ਦੇ ਅਸਲ ਚਿਹਰੇ ਤਾਂ ਸਾਹਮਣੇ ਆਏ ਹੀ ਨੇ, ਪਰ ਨਾਲ ਹੀ ਉਨਾਂ ਦੀ ਮਾਨਸਿਕਤਾ ਨੂੰ ਵੀ ਪ੍ਰਗਟ ਕੀਤਾ ਹੈ ਜੋ ਆਮ ਲੋਕਾਂ ਪ੍ਰਤੀ ਉਹਨਾਂ ਦਾ ਅਸਲ ਰਵੱਈਆ ਰੱਖਦੀ ਹੈ । ਸਿਆਸਤੀ ਨੇਤਾਵਾਂ ਦੁਆਰਾ ਬੋਲੀ ਜਾਂਦੀ ਸ਼ਬਦਾਵਲੀ ਸਹੀ ਨਹੀਂ ਹੁੰਦੀ ਇਸ ਗੱਲ ਨੂੰ ਹਰ ਇਕ ਬੁੱਧੀਜੀਵੀ ਮੰਨਦਾ ਹੈ ਪਰ ਜਿਸ ਹੱਥ ਦੇਸ਼ ਦੀ ਵਾਗਡੋਰ ਹੋਵੇ ਉਹ ਵੀ ਅਜਿਹੀ ਸ਼ਬਦਾਵਲੀ ਦੀ ਵਰਤੋਂ ਕਰੇ ਜੋ ਜਨ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੀ ਹੋਵੇ ਤਾਂ ਉਸ ਖ਼ਿੱਤੇ ਨਾਲ ਸਬੰਧਤ ਲੋਕਾਂ ਦਾ ਉਸ ਸਖਸ਼ੀਅਤ ਪ੍ਰਤੀ ਕਿਵੇਂ ਦੀ ਰਵਈਆ ਹੋਵੇਗਾ ਇਹ ਅਸੀਂ ਸਾਰੇ ਭਲੀਭਾਂਤ ਜਾਣਦੇ ਹਨ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਦੁਆਰਾ ਦਿੱਤੇ ਭਾਸ਼ਣ ਵਿਚ ਕਿਸਾਨੀ ਸੰਘਰਸ਼ 'ਤੇ ਗੱਲ ਕਰਦੇ ਹੋਏ ਉਸ ਵਿਚ ਸ਼ਾਮਲ ਲੋਕਾਂ ਲਈ 'ਅੰਦੋਲਨ ਜੀਵੀ' ਸ਼ਬਦ ਦੀ ਵਰਤੋਂ ਕੀਤੀ ਗਈ। ਇਸ ਸ਼ਬਦ ਦਾ ਅਰਥ ਭਾਵ ਤੋਂ ਸ਼ਾਇਦ ਪ੍ਰਧਾਨ ਮੰਤਰੀ ਵੀ ਜਾਣੂ ਨਾ ਹੋਣ ਕਿਉਂਕਿ ਉਹ ਜੇਕਰ ਇਸ ਸ਼ਬਦ ਤੋਂ ਜਾਣੂ ਹੁੰਦੇ ਤਾਂ ਪਹਿਲਾ ਸਿੱਖ ਕੌਮ ਨੂੰ ਬਹਾਦਰ ਦਾ ਰੁਤਬਾ ਦੇ ਕੇ ਅਤੇ ਬਾਅਦ ਵਿਚ ਅਜਿਹੇ ਸ਼ਬਦਾਂ ਨਾਲ ਕਿਸਾਨੀ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਉਂਦੇ ਤੇ ਨਾ ਹੀ ਪਰ-ਜੀਵੀ ਸ਼ਬਦ ਦੀ ਉਦਾਰਨ ਰਾਹੀ ਅੰਦੋਲਨ-ਜੀਵੀ ਸ਼ਬਦ ਨੂੰ ਪ੍ਰਗਟ ਕਰਦੇ। ਲੈਟਿਨ ਭਾਸ਼ਾ ਦਾ ਸ਼ਬਦ 'ਪਰ-ਜੀਵੀ ਇਕ ਅਜਿਹੇ ਜੀਵ ਦੇ ਲਈ ਵਰਤਿਆ ਗਿਆ ਜੋ ਕਿਸੇ ਹੋਰ ਦੇ ਖਰਚੇ 'ਤੇ ਰਹਿੰਦਾ ਹੈ, ਕਹਿਣ ਤੋਂ ਭਾਵ ਅਜਿਹੇ ਜੀਵ ਜੋ ਆਪਣੀ ਖੁਰਾਕ ਦਾ ਪ੍ਰਬੰਧ ਖੁਦ ਨਹੀਂ ਕਰਦੇ ਸਗੋਂ ਖੁਰਾਕ ਪੈਦਾ ਕਰਨ ਵਾਲੇ ਜੀਵਾ ਨੂੰ ਚੰਬੜ ਕੇ ਉਨਾਂ ਦੇ ਆਸਰੇ ਜਿਉਂਦੇ ਨੇ, ਪ੍ਰਧਾਨ ਮੰਤਰੀ ਦੇ ਕਹਿਣ ਅਨੁਸਾਰ ਇਸੇ ਤਰਾਂ ਇਹ 'ਅੰਦੋਲਨ ਜੀਵੀ' ਨੇ, ਜਿਨਾਂ ਦਾ ਮੁੱਖ ਮੰਤਵ ਕਿਸੇ ਵੀ ਤਰਾਂ ਦੇ ਅੰਦੋਲਨ ਨਾਲ ਜੁੜ ਕੇ ਆਪਣਾ ਕੰਮ ਚਲਾਉਣਾ ਹੈ। ਸੋ ਜੇਕਰ ਅਸੀਂ ਪਰ-ਜੀਵੀ ਸ਼ਬਦ ਰਾਹੀ ਅੰਦੋਲਨ-ਜੀਵੀ ਸ਼ਬਦ ਦੇ ਅਰਥ ਵਾਰੇ ਜਾਣ ਤਾਂ ਇਹ ਬਿਆਨ ਕਰਦੇ ਹਨ ਕਿ 'ਅੰਦੋਲਨਜੀਵੀ' ਉਹ ਕੁਝ ਕੁ ਲੋਕ ਹਨ ਜੋ ਆਪਣੇ ਸੁਆਰਥ ਲਈ ਕਿਸੇ ਕਿਸੇ ਵੀ ਅੰਦੋਲਨ ਦਾ ਸਹਾਰਾ ਲੇ ਕੇ ਆਪਣਾ ਕੰਮ ਚਲਾਈ ਰੱਖਦੇ ਹਨ। ਅਜਿਹੇ ਸ਼ਬਦ ਕਿਸਾਨੀ ਕਿਰਤ ਕਰਦੇ ਲੋਕਾਂ ਲਈ ਕਿੱਥੋ ਤੱਕ



ਢੁੱਕਵੇਂ ਨੇ ਜੋ ਦੂਜਿਆਂ ਦਾ ਪੇਟ ਆਪਣੀ ਸੱਚੀ ਕਿਰਤ ਰਾਹੀਂ ਭਰਦੇ ਹਨ। ਪਰ-ਜੀਵੀ ਆਪਣੇ ਕੁਦਰਤੀ ਸੁਭਾਅ ਅਨੁਸਾਰ ਪਰਾਏ ਲਹੂ ਨਾਲ ਜਿਉਣ ਵਾਲਾ ਹੈ ਜੀਵ ਹੈ ਪਰ ਕਿਸਾਨ ਜਾਂ ਮਜ਼ਦੂਰ ਆਪਣੀ ਨੇਕ ਕਿਰਤ ਰਾਹੀਂ ਗਰੀਬ ਤੋਂ ਲੈ ਕੇ ਅਮੀਰ ਬੰਦੇ ਤੱਕ ਦਾ ਪੇਟ ਭਰਦੇ ਹਨ,ਅਜਿਹੇ ਲੋਕ ਕਿਵੇਂ ਕਿਸੇ ਦੂਜੇ ਦੇ ਸਹਾਰੇ ਆਪਣੀ ਜ਼ਿੰਦਗੀ ਨੂੰ ਬਸਰ ਕਰ ਸਕਦੇ ਸੋ ਹੱਥੀ ਕਮਾ ਕੇ ਖਾਣ ਵਾਲੇ ਤੇ ਖਿਲਾਉਣ ਵਾਲਿਆ ਲਈ ਇਹ ਇਕ ਅਪਮਾਨ ਜਨਕ ਸ਼ਬਦ ਮੰਨਿਆ ਜਾਂਦਾ ਹੈ ਜੋ ਆਪਣੇ ਹੱਕ ਸੱਚ ਤੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸ਼ਾਤੀਪੂਰਨ ਅੰਦੋਲਨ ਕਰ ਰਹੇ ਹਨ। ਗੁਰਬਾਣੀ ਦੇ ਸਿਧਾਂਤ 'ਕਿਰਸਾਨੀ ਜਿਉ ਰਾਖੈ ਰਖਵਾਲਾ, ਮਤ ਪਿਤਾ ਦਇਆ ਜਿਉ ਬਾਲਾ' ਦੇ ਅਨੁਸਾਰ ਜਿਵੇਂ ਰਾਖਾ ਖੇਤੀ ਦੀ ਰੱਖਿਆ ਕਰਦਾ ਹੈ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਪਿਆਰ ਕਰਦੇ ਹਨ ਉਵੇਂ ਹੀ ਪ੍ਰਮਾਤਮਾ ਆਪਣੇ ਭਗਤਾਂ ਦੀ ਰੱਖਿਆ ਕਰਦਾ ਹੈ, ਇਸ ਵਾਕ ਰਾਹੀ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਅਕਾਲ ਦੀ ਬਾਣੀ ਵਿਚ ਵੀ ਇਸ ਕਿਰਤ ਦੀ ਉਦਾਹਰਣ ਰਾਹੀਂ ਪਿਆਰ ਦੀ ਪਰਿਭਾਸ਼ਾ ਨੂੰ ਬਿਆਨ ਕੀਤਾ ਹੈ ਜੋ ਸਾਂਝੀਵਾਲਤਾ ਨੂੰ ਏਕੇ ਵਿਚ ਪਰੋ ਕੇ ਰੱਖਣ ਦਾ ਸਦੈਵ ਯਤਨ ਕਰਦੀ ਹੈ।

# ਭਗਵੇਂ ਬ੍ਰਿਗੇਡ ਦੇ ਜਬਰ-ਜ਼ੁਲਮ ਅੱਗੇ ਲਾਚਾਰ ਤੇ ਬੇਵੱਸ ਭਾਰਤੀ ਲੋਕਾਂ ਨੂੰ ਸਿੱਖ ਕਿਸਾਨਾਂ ਨੇ ਬਚਾਇਆ

**ਰਣਜੀਤ ਸਿੰਘ ਦਮਦਮੀ ਟਕਸਾਲ**
**(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)**

ਬਹੁਤੇ ਲੋਕਾਂ ਨੂੰ ਵਹਿਮ ਸੀ ਕਿ ਸ਼ਾਇਦ ਸਾਰਾ ਭਾਰਤ ਹੀ ਭਗਵਿਆਂ ਦਾ ਹਾਮੀ ਹੈ ਜਦ ਕਿ ਬਹੁਤੇ ਲੋਕ ਤਾਂ ਭਗਵੇਂ ਕਹਿਰ ਤੋਂ ਖੌਫਜ਼ਦਾ ਹਨ। ਭਾਰਤ ਵਿੱਚ ਕਾਂਗਰਸੀ, ਕਾਮਰੇਡ ਅਤੇ ਹੋਰ ਸਿਆਸੀ ਦਲਾਂ ਦੇ ਲੋਕਾਂ ਸਮੇਤ ਦਲਿਤ, ਮੁਸਲਮਾਨ, ਈਸਾਈ ਤੇ ਹੋਰ ਲੋਕ ਭਗਵੇਂ ਬ੍ਰਿਗੇਡ ਦੇ ਨਿਸ਼ਾਨੇ ਉੱਤੇ ਹਨ। ਇਹ ਲੋਕ ਆਪੋ-ਆਪਣੀ ਲੀਡਰਸ਼ਿਪ ਤੋਂ ਨਾਰਾਜ ਤੇ ਮਾਯੂਸ ਹਨ ਕਿ ਇਹ ਸਾਨੂੰ ਭਗਵਿਆਂ ਦੇ ਜ਼ੁਲਮਾਂ ਤੋਂ ਬਚਾ ਨਹੀਂ ਸਕਦੇ। ਸਾਰੇ ਭਾਰਤ ਦੇ ਉਹ ਲੋਕ ਜੋ ਭਗਵੇਂ ਕਹਿਰ ਸਾਹਮਣੇ ਬੇਵੱਸ ਤੇ ਲਾਚਾਰ ਮਹਿਸੂਸ ਕਰਦੇ ਸਨ, ਉਨ੍ਹਾਂ ਨੂੰ ਪੰਜਾਬ ਦੇ ਦਾਹੜੇ-ਦਸਤਾਰਾਂ ਵਾਲੇ ਸਿੱਖਾਂ ਦੀ ਮੋਦੀ ਸਰਕਾਰ ਨੂੰ ਕਾਲੇ ਕਾਨੂੰਨਾਂ ਖਿਲਾਫ ਗਰਜਣਾ ਨੇ ਕਾਲ਼ੀ-ਬੋਲ਼ੀ ਹਨੇਰੀ ਰਾਤ ਵਿੱਚ ਕਿਸੇ ਚਾਨਣ ਦੇ ਚਮਕਾਰੇ ਵਾਂਗ ਅਨੰਦਿਤ ਕਰ ਦਿੱਤਾ ਹੈ, ਉਨ੍ਹਾਂ ਅੰਦਰ ਆਪਣੇ-ਆਪ ਉੱਤੇ ਵਿਸ਼ਵਾਸ ਤੇ ਭਰੋਸਾ ਪੈਦਾ ਹੋਇਆ ਹੈ। ਇਸੇ ਕਰਕੇ ਉਹ ਕਿਸਾਨ ਸੰਘਰਸ਼ ਦੀ ਹਮਾਇਤ ਵਿੱਚ ਭੁਗਤ ਰਹੇ ਹਨ। ਭਗਵੇਂ ਬ੍ਰਿਗੇਡ ਤੋਂ ਅੱਕ ਕੇ ਤੇ ਇਸ ਸੰਘਰਸ਼ ਦੀ ਚੜ੍ਹਤ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਮੀਡੀਆ ਸਾਹਮਣੇ ਕਹਿੰਦੇ ਨੇ ਕਿ ਮੈਂ ਤਾਂ ਸਿੱਖ ਸਜ ਜਾਣਾ ਹੈ। ਪੀਲੇ ਪਰਨੇ ਨਾਲ ਸਿਰ ਢੱਕ ਕੇ ਉਹ ਦਾਹੜੀ-ਕੇਸ ਛੇਤੀ ਵਧਣ ਦੀਆਂ ਅਰਦਾਸਾਂ ਕਰਦੇ ਫਿਰਦੇ ਹਨ। ਦਿੱਲੀ ਤੇ ਹੋਰ ਸ਼ਹਿਰਾਂ ਵਿਚ ਔਰਤਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਵਾਰਦਾਤਾਂ, ਖਾਸ ਕਰਕੇ ਬਲਾਤਕਾਰ ਆਮ ਹਨ ਪਰ ਜਦ ਤੋਂ ਕਿਸਾਨ ਸੰਘਰਸ਼ ਦਿੱਲੀ ਦੀਆਂ ਬਰੂਹਾਂ 'ਤੇ ਪਹੁੰਚਿਆ ਹੈ, ਆਮ ਕੁੜੀਆਂ ਨੂੰ ਸੁਰੱਖਿਆ ਦਾ ਅਹਿਸਾਸ ਵਧ ਗਿਆ ਹੈ, ਉਨ੍ਹਾਂ ਨੂੰ ਪਤਾ ਹੈ ਕਿ ਕਿਸਾਨ ਸੰਘਰਸ਼ ਵਾਲੇ ਲੋਕ ਕਿਹੋ ਜਿਹੀ ਫਿਤਰਤ ਰੱਖਦੇ ਨੇ, ਉਹ ਇਨ੍ਹਾਂ ਵਿੱਚੋਂ ਇਕ ਪਹਿਰੇਦਾਰ ਤੇ ਰਾਖੇ ਵਾਲੀ ਭਾਵਨਾ ਮਹਿਸੂਸ ਕਰਦੀਆਂ ਹਨ। ਸੰਘਰਸ਼ ਵਿੱਚ ਸ਼ਾਮਲ ਸਿੱਖ ਜਵਾਨੀ ਵੀ ਪੂਰੀ ਸੁਚੇਤ ਹੈ ਕਿ ਇਕ ਮਾਮੂਲੀ ਘਟਨਾ ਨੇ ਪੂਰੀ ਕੌਮ ਨੂੰ ਸ਼ਰਮਸਾਰ ਕਰ ਦੇਣਾ ਹੈ। ਸੋ ਸਾਰੇ ਨੌਜਵਾਨ ਕੌਮ ਦੇ ਅਕਸ ਨੂੰ ਹੋਰ ਬੁਲੰਦ ਕਰਨ ਲਈ ਯਤਨਸ਼ੀਲ ਹਨ। ਸਿੱਖਾਂ ਦੇ ਕਿਰਦਾਰ ਦੀਆਂ ਧੁੰਮਾਂ ਪਈਆਂ ਹੋਈਆਂ ਨੇ, ਧੀਆਂ ਭੈਣਾਂ ਵਿੱਚ ਆਮ ਗੱਲ ਚੱਲਦੀ ਹੈ ਕਿ ਜਦ ਤੱਕ ਇਹ ਲੋਕ ਇੱਥੇ ਨੇ ਕਿਸੇ ਕਿਸਮ ਦਾ ਕੋਈ ਫ਼ਿਕਰ ਨਹੀਂ। ਬਦਮਾਸ਼ ਅੱਯਾਸ਼ ਤੇ ਹਲਕੇ ਕਿਰਦਾਰ ਵਾਲੇ



ਫੁਕਰੇ ਲੋਕ ਦਿੱਲੀ ਵਿੱਚ ਹੁਣ ਦੁਬਕੇ ਰਹਿੰਦੇ ਨੇ ਕਿ ਹੋਰ ਨਾ ਕਿਤੇ ਸੰਘਰਸ਼ ਵਾਲਿਆਂ ਵਿੱਚੋਂ ਸਿੱਖ ਇਧਰ ਆਏ ਹੋਣ ਤੇ ਛੇੜਖਾਨੀ ਕਰਦੇ ਨੂੰ ਕਾਬੂ ਕਰ ਲੈਣ। ਦਿੱਲੀ ਦੇ ਵਾਸੀ ਬੜੇ ਹੈਰਾਨ ਨੇ ਕਿ ਪਹਿਲਾਂ ਧਰਨਿਆਂ ਮੌਕੇ ਬੜੀ ਤੰਗੀ ਹੁੰਦੀ ਸੀ ਪਰ ਇਹ ਲੋਕ ਤਾਂ ਇੰਨੇ ਚੰਗੇ ਨੇ ਕਿ ਮੱਲੋ ਮੱਲੀ ਇਨ੍ਹਾਂ ਨਾਲ ਗੱਲਬਾਤ ਕਰਨ ਨੂੰ ਦਿਲ ਕਰਦਾ ਹੈ। ਅੰਤਾਂ ਦੀ ਠੰਢ ਵਿੱਚ ਆਪਣੇ ਘਰਾਂ ਵਿੱਚ ਦਿੱਲੀ ਦੇ ਲੋਕ ਇਹ ਸੋਚ-ਸੋਚ ਹਲਕਾਨ ਹੋਏ ਰਹਿੰਦੇ ਨੇ ਕਿ ਟਰਾਲੀਆਂ ਵਿੱਚ ਪਏ ਇਹ ਕਿਸਾਨ ਸੰਘਰਸ਼ ਵਾਲੇ ਲੋਕ ਕਿਵੇਂ ਠੰਢ ਦਾ ਟਾਕਰਾ ਕਰਦੇ ਹੋਣਗੇ। ਜਦ ਸਵੇਰੇ ਲੋਕ ਸੰਘਰਸ਼ ਵਾਲਿਆਂ ਨੂੰ ਵੇਖਦੇ ਨੇ ਕਿ ਤਾਜ਼ੇ ਪਾਣੀ ਨਾਲ ਇਸ਼ਨਾਨ ਕਰੀ ਜਾ ਰਹੇ ਨੇ, ਚਾਹ ਦੇ ਪਤੀਲੇ ਚੜ੍ਹੇ ਹੋਏ ਨੇ, ਖਾਣ ਪੀਣ ਵਾਲੀਆਂ ਚੀਜ਼ਾਂ ਦੀ ਭਰਮਾਰ ਹੈ ਤਾਂ ਵੈਰਾਗ ਨਾ ਨੈਣੋਂ ਨੀਰ ਵਹਾਉਣ ਲੱਗ ਪੈਂਦੇ ਨੇ, ਉਨ੍ਹਾਂ ਦੇ ਦਿਲੋਂ ਅਰਦਾਸ ਨਿਕਲਦੀ ਹੈ ਕਿ ਹੇ ਰੱਬਾ ਏਨੇ ਚੰਗੇ ਲੋਕਾਂ ਨਾਲ ਇਨਸਾਫ ਹੋਣਾ ਚਾਹੀਦਾ ਹੈ। ਜਿਹੜੇ ਮੀਡੀਆ ਵਾਲਿਆਂ ਨੂੰ ਸੰਘਰਸ਼ ਦੀਆਂ ਪੁੱਠੀਆਂ ਖ਼ਬਰਾਂ ਲੈਣ ਲਈ ਭੇਜਿਆ ਜਾਂਦਾ ਹੈ ਉਹ ਵੀ ਹੱਕੇ ਬੱਕੇ ਰਹਿ ਜਾਂਦੇ ਨੇ ਕਿ ਆਮ ਲੋਕ ਤਾਂ ਮੀਡੀਆ ਦੀ ਤਾਕਤ ਤੋਂ ਘਬਰਾਏ ਰਹਿੰਦੇ ਨੇ ਪਰ ਇਹ ਸ਼ਰ੍ਹੇਆਮ ਕਹਿੰਦੇ ਨੇ ਕਿ ਜੋ ਕੁਝ ਸਾਡੇ ਬਾਰੇ ਕਹਿਣਾ ਕਹੀ ਚੱਲੋ ਪਰ ਅਸੀਂ ਤੁਹਾਡੇ ਨਾਲ ਕੋਈ ਗੱਲ ਹੀ ਨਹੀਂ ਕਰਨੀ। ਸੰਘਰਸ਼ ਵਿੱਚ ਸ਼ਾਮਲ ਲੋਕਾਂ ਨੂੰ ਆਪਣੇ ਸੱਚ ਉੱਤੇ ਇੰਨਾ ਭਰੋਸਾ ਹੈ ਕਿ ਮੀਡੀਆ ਦੇ ਥੰਮ੍ਹ ਸਮਝੇ ਜਾਂਦੇ ਲੋਕਾਂ ਨੂੰ ਠੋਕ ਵਜਾ ਕੇ ਗੱਲ ਕਰਨੋਂ ਇਨਕਾਰ ਕਰਦੇ ਨੇ, ਸੰਘਰਸ਼ ਦੀ ਨੈਤਿਕ ਪੱਖ ਤੋਂ ਜਿੱਤ ਹੋ ਚੁੱਕੀ ਹੈ, ਚਾਰੇ ਪਾਸੇ ਸੰਘਰਸ਼ ਦੀ ਚੜ੍ਹਤ ਦੇ ਡੰਕੇ ਵੱਜ ਰਹੇ ਨੇ। ਭਾਜਪਾ ਦਾ ਆਈਟੀ ਸੈੱਲ ਲਾਚਾਰ ਹੈ, ਹਾਰ ਚੁੱਕਾ ਹੈ। ਕਈ ਆਈ ਟੀ ਸੈੱਲ ਵਾਲੇ ਤਾਂ ਅਸਤੀਫਾ ਹੀ ਦੇ ਗਏ ਨੇ ਕਿ ਐਨੇ ਸੱਚ ਨੂੰ ਕਿਵੇਂ ਝੂਠ ਵਿਚ ਬਦਲ ਦੇਈਏ, ਆਈਟੀ ਸੈੱਲ ਵਾਲਿਆਂ ਨੂੰ ਮੋਰਚੇ ਦੀ ਬਦਨਾਮੀ ਕਰਨ ਲਈ ਦਬਾਅ ਪਾਉਣ ਵਾਲੇ ਵੀ ਹੈਰਾਨ ਨੇ ਕੀ ਇਨ੍ਹਾਂ ਦੀ ਕਿਰਦਾਰਕੁਸ਼ੀ ਲਈ ਕੀ ਕਹੀਏ, ਮੋਰਚੇ ਵਿਚ ਸ਼ਾਮਲ ਗਲਤ ਲੋਕਾਂ ਨੂੰ ਫੜ ਕੇ ਪੁਲੀਸ ਹਵਾਲੇ ਕਰਨ ਵਾਲਿਆਂ ਨੂੰ ਮੀਡੀਆ ਸਾਹਮਣੇ ਪੇਸ਼ ਕਰਨ ਵਾਲੇ ਇਹ ਲੋਕ ਬੜੇ ਸੁਚੇਤ ਰਹਿੰਦੇ ਨੇ ਕਿ ਦੁਨੀਆਂ ਨੂੰ ਪਤਾ ਹੋਵੇ ਕਿ ਮੋਰਚੇ ਦੀ ਬਦਨਾਮੀ ਲਈ ਹਕੂਮਤ ਕੀ ਚਾਲਾਂ ਚੱਲ ਰਹੀ ਹੈ। ਮਤਲਬ ਹਕੂਮਤ ਦੀ ਹੀ ਬਦਨਾਮੀ ਹੋ ਰਹੀ ਅਤੇ ਚਾਲੀ ਚਾਲਾਂ ਪੁੱਠੀਆਂ ਪੈ ਰਹੀਆਂ ਨੇ, ਇਸ ਤੋਂ ਪਹਿਲਾਂ ਹਰ ਸੰਘਰਸ਼ ਨੂੰ ਭਗਵਾਂ ਬ੍ਰਿਗੇਡ ਬਣਾਇਆ ਸੌਖੇ ਘੇਰ ਲੈਂਦਾ ਰਿਹਾ, ਸ਼ਾਹੀਨ ਬਾਗ ਤੇ ਜਾਮੀਆ ਮਿਲੀਆ ਇਸਲਾਮੀਆ ਵਾਲਿਆਂ ਨੂੰ ਦਾ ਭਗਵੇਂ ਬ੍ਰਿਗੇਡ ਨੇ ਰੱਜ ਕੇ ਜਲੀਲ ਕੀਤਾ ਸੀ, ਆਏ ਦਿਨ ਪਿਸਤੌਲਾਂ ਵਾਲੇ ਫਾਇਰ ਕਰਨ ਪਹੁੰਚ ਜਾਂਦੇ ਸੀ, ਭੜਕਾਊ ਤਕਰੀਰਾਂ ਕਰਕੇ ਵੀਡੀਓਜ਼ ਪਾਉਣ ਵਾਲੇ ਤੇ ਤਿੱਖੇ ਬਿਆਨ ਦੇਣ ਵਾਲੇ ਭਾਜਪਾ ਆਗੂ ਮੁਸਲਮਾਨਾਂ ਨੂੰ ਡਰਾਈ ਰੱਖਦੇ ਸਨ ਪਰ ਹੁਣ ਕਿਸਾਨਾਂ ਦੇ ਸੰਘਰਸ਼ ਖਿਲਾਫ ਬੋਲਣ ਤੋਂ ਹਰੇਕ ਚਾਲੂ ਹੈ ਜੇ ਕੋਈ ਬੋਲ ਹੀ ਬੈਠੇ ਤਾਂ ਉਹਦੀ ਸਾਰੀ ਰਿਸ਼ਤੇਦਾਰੀ ਉਹਦੇ ਖਿਲਾਫ ਹੋ ਜਾਂਦੀ ਹੈ, ਬਹੁਤਿਆਂ ਦੇ ਤਾਂ ਘਰ ਵਿੱਚੋਂ ਹੀ ਵਿਰੋਧ ਹੋ ਜਾਂਦਾ ਹੈ, ਇਉਂ ਇਸ ਸੰਘਰਸ਼ ਨੇ ਪੰਜਾਬ ਤੋਂ ਬਾਹਰ ਸਿੱਖਾਂ ਦੀ ਚੜ੍ਹਤ ਤੇ ਪ੍ਰਵਾਨਗੀ ਵਧਾਈ ਹੈ ਪੰਜਾਬ ਤੇ ਪੰਥ ਦੇ ਦੋਖੀਆਂ ਵੱਲੋਂ ਕੀਤੇ ਗਏ ਕੂੜ ਪ੍ਰਚਾਰ ਨੂੰ ਰੱਦ ਕਰ ਦਿੱਤਾ ਹੈ। ਹੁਣ ਤਾਂ ਲੋਕ ਕਹਿੰਦੇ ਨੇ ਕਿ ਜੇ ਤੁਸੀਂ ਖ਼ਾਲਿਸਤਾਨ ਬਣਾਉਣਾ ਹੀ ਹੋਇਆ ਤਾਂ ਸਾਰੇ ਭਾਰਤ ਨੂੰ ਵਿੱਚ ਰੱਖਿਓ ਕਿਉਂਕਿ ਇਹ ਭਗਵਾਂ ਬ੍ਰਿਗੇਡ ਬਹੁਤ ਜ਼ਾਲਮ ਹੈ ਅਤੇ ਸਾਨੂੰ ਇਨ੍ਹਾਂ ਤੋਂ ਸਿੱਖ ਹੀ ਬਚਾ ਸਕਦੇ ਨੇ। ਕਿਸੇ ਵੇਲੇ ਭਾਰਤੀ ਲੋਕ ਕਾਬਲ ਕੰਧਾਰ ਵੱਲੋਂ ਆਉਣ ਵਾਲੇ ਧਾੜਵੀਆਂ ਤੋਂ ਦੁਖੀ ਸਨ ਤਾਂ ਸਿੱਖਾਂ ਨੇ ਬਚਾਇਆ ਸੀ ਹੁਣ ਫਿਰ ਭਾਰਤੀ ਲੋਕ ਭਗਵੇਂ ਬ੍ਰਿਗੇਡ ਦੇ ਜਬਰ ਸਾਹਮਣੇ ਬੇਵੱਸ ਅਤੇ ਲਾਚਾਰ ਹਨ ਜਿਵੇਂ ਕਿਸੇ ਵੇਲੇ ਕਸਮੀਰੀ ਪੰਡਿਤ ਮੁਗਲਾਂ ਦੇ ਜ਼ੁਲਮਾਂ ਦੇ ਸਤਾਏ ਗੁਰੂ ਦਰਬਾਰ ਵਿੱਚ ਪੁਕਾਰ ਕਰਨ ਪਹੁੰਚੇ ਸੀ। ਹੁਣ ਸਾਰੇ ਭਾਰਤ ਦੇ ਭਗਵੇਂ ਬ੍ਰਿਗੇਡ ਦੇ ਸਤਾਏ ਲੋਕ ਸਿੱਖਾਂ ਅੱਗੇ ਅਰਜੋਈਆਂ ਕਰ ਰਹੇ ਹਨ। ਬਾਦਲਕਿਆਂ ਨੇ ਭਾਜਪਾ ਨਾਲ ਮਿਲ ਕੇ ਜੋ ਭਰਮ ਪਾਈ ਰੱਖਿਆ ਕਿ ਸਿੱਖ ਵੀ ਭਗਵੇਂ ਬ੍ਰਿਗੇਡ ਦੇ ਨਾਲ ਹੀ ਨੇ ਉਹ ਭਰਮ ਟੁੱਟ ਗਿਆ ਹੈ, ਹੁਣ ਦੁਨੀਆਂ ਜਾਣਦੀ ਹੈ ਕਿ ਸਿੱਖ ਨਾ ਜ਼ੁਲਮ ਕਰਦੇ ਨੇ, ਨਾ ਸਹਿੰਦੇ ਨੇ ਤੇ ਨਾ ਹੀ ਜੁਲਮ ਕਰਨ ਵਾਲਿਆਂ ਦੇ ਸਾਥੀ ਹੁੰਦੇ ਨੇ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)



○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਪੰਜਾਬ ਦੀ ਸ਼ੇਰ ਧੀ ਨੌਦੀਪ ਕੌਰ ਦੇ ਹੱਕ ਵਿੱਚ ਆਵਾਜ਼ ਮੱਠੀ ਕਿਉਂ ?

## ਨੌਦੀਪ ਕੌਰ ਨੂੰ ਇਨਸਾਫ਼ ਦਿਵਾਉਣ ਲਈ ਲੋਕ ਲਹਿਰ ਬਣਾਉਣ ਦੀ ਲੋੜ

**ਅੰਗਰੇਜ ਸਿੰਘ ਵਿੱਕੀ,**
**ਮੋਬਾਇਲ 98888 70822**

ਭਾਰਤ ਦੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ ’ਤੇ ਅੰਦੋਲਨ ਚੱਲਦੇ ਨੂੰ ਦੋ ਮਹੀਨੇ ਤੋਂ ਜ਼ਿਆਦਾ ਸਮਾਂ ਹੋ ਚੁੱਕਾ ਹੈ । ਇਸ ਅੰਦੋਲਨ ਨੂੰ ਲਗਭਗ ਸਭ ਵਰਗਾਂ ਦਾ ਸਹਿਯੋਗ ਵੀ ਵੱਡੇ ਪੱਧਰ ’ਤੇ ਮਿਲ ਰਿਹਾ ਹੈ। ਜਿਸ ਕਰਕੇ ਹੁਣ ਇਸ ਨੂੰ ਲੋਕ ਅੰਦੋਲਨ ਹੀ ਕਿਹਾ ਜਾ ਸਕਦਾ ਹੈ। ਕਿਉਂਕਿ ਕੇਂਦਰ ਦੀ ਮੋਦੀ ਹਕੂਮਤ ਤੋਂ ਹਰ ਵਰਗ ਦੁਖੀ ਨਜ਼ਰ ਆ ਰਿਹਾ ਹੈ। ਜਿਸ ਕਰਕੇ ਹਰ ਕੋਈ ਕੇਂਦਰ ਦੀ ਹਕੂਮਤ ਵਿਰੁੱਧ ਆਪਣਾ ਰੋਸ ਜ਼ਾਹਰ ਕਰਨ ਲਈ ਇਸ ਅੰਦੋਲਨ ਵਿੱਚ ਆਪੋ ਆਪਣਾ ਯੋਗਦਾਨ ਪਾ ਰਿਹਾ ਹੈ। ਦੁਨੀਆ ਦੇ ਇਤਿਹਾਸ ਵਿੱਚ ਸ਼ਾਇਦ ਹੀ ਐਨਾ ਵੱਡਾ ਅੰਦੋਲਨ ਕਦੇ ਹੋਇਆ ਹੋਵੇ। ਪ੍ਰੰਤੂ ਫਿਰ ਵੀ ਕੇਂਦਰੀ ਹਕੂਮਤ ਦੇ ਕੰਨ ’ਤੇ ਜੂੰਅ ਤੱਕ ਨਹੀਂ ਸਰਕ ਰਹੀ। ਇਸ ਅੰਦੋਲਨ ਦਾ ਜ਼ਿਆਦਾਤਰ ਹਿੱਸਾ ਕਿਰਤੀ ਲੋਕ ਹਨ । ਕਿਸਾਨਾਂ ਦੇ ਨਾਲ ਮਜ਼ਦੂਰ ਵੀ ਇਸ ਅੰਦੋਲਨ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹਨ, ਜੋ ਆਪਸ ਵਿੱਚ ਭਾਈਚਾਰਕ ਸਾਂਝ ਦਾ ਪ੍ਰਤੱਖ ਪ੍ਰਮਾਣ ਹਨ । ਪਰ ਬਹੁਤ ਹੀ ਦੁੱਖ ਤੇ ਹੈਰਾਨੀ ਵਾਲੀ ਗੱਲ ਹੈ ਕਿ ਮਜ਼ਦੂਰ ਆਗੂਆਂ ਨੂੰ ਨਾ ਤਾਂ ਮੀਡੀਆ ਵਿੱਚ ਅਤੇ ਨਾ ਹੀ ਅੰਦੋਲਨ ਵਿੱਚ ਬਰਾਬਰ ਰੱਖਿਆ ਗਿਆ ਹੈ। ਕਿਰਤ ਕਾਨੂੰਨਾਂ ਬਾਰੇ ਵੀ ਬਹੁਤੀ ਆਵਾਜ਼ ਨਹੀਂ ਚੁੱਕੀ ਜਾ ਰਹੀ। ਦਿੱਲੀ ਦੀ ਇੱਕ ਹੱਦ ਤੋਂ 12 ਜਨਵਰੀ, 20 21 ਨੂੰ ਸਮਾਜਿਕ ਕਾਰਕੁਨ ਤੇ ਮਜ਼ਦੂਰ ਆਗੂ ਨੌਜਵਾਨ 23 ਵਰਿਆਂ ਦੀ ਨੌਦੀਪ ਕੌਰ ਨੂੰ ਹਰਿਆਣਾ ਪੁਲਿਸ ਨੇ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮਾ ਦਰਜ ਕਰਕੇ ਜੇਲ ਵਿੱਚ ਸੁੱਟਕੇ ਉਸ ਉੱਪਰ ਭਾਰੀ ਤਸ਼ੱਦਦ ਕੀਤਾ। ਨੌਦੀਪ ਕੌਰ ਦਾ ਕਸੂਰ ਸਿਰਫ਼ ਐਨਾ ਸੀ ਕਿ ਉਹ ਕਿਰਤੀ ਲੋਕਾਂ ਦੇ ਹੱਕ ਮੰਗਦੀ ਸੀ। ਪਰ ਬਹੁਤ ਹੀ ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਪਲ-ਪਲ ਦੀ ਖ਼ਬਰ ਤੇ ਨਜ਼ਰ ਰੱਖਣ ਵਾਲਾ ਮੀਡੀਆ ਵੀ ਨੌਦੀਪ ਕੌਰ ਦੇ ਮਸਲੇ ਤੇ ਇੱਕ ਮਹੀਨੇ ਦੇ ਕਰੀਬ ਚੁੱਪ ਹੀ ਰਹਿੰਦਾ ਹੈ। ਜਦ ਕਿ ਪੰਜਾਬ ਦਾ ਬਹੁਤਾ ਮੀਡੀਆ ਵੀ ਉੱਥੇ ਹੀ ਪਹਿਲੇ ਦਿਨ ਤੋਂ ਡਟਿਆ ਹੋਇਆ ਹੈ। ਪੰਜਾਬ ਦੀ ਇਸ ਸ਼ੇਰ ਧੀ ਦੇ ਹੱਕ ਵਿੱਚ ਵਿਦੇਸ਼ਾਂ ਤੋਂ ਆਵਾਜ਼ ਉੱਠਣ ਉਪਰੰਤ ਹੀ ਸੋਸ਼ਲ ਮੀਡੀਆ ਤੇ ਨੌਦੀਪ ਕੌਰ ਨੂੰ ਰਿਹਾਅ ਕਰਵਾਉਣ ਅਤੇ ਇਨਸਾਫ਼ ਦੀ ਮੰਗ ਹੋਣ ਲੱਗੀ ਹੈ। ਹੁਣ ਸਮਾਜਿਕ ਜਥੇਬੰਦੀਆਂ ਵੀ ਨੌਦੀਪ ਕੌਰ ਦੇ ਹੱਕ ਵਿੱਚ




ਉੱਠ ਤੁਰੀਆਂ ਹਨ । ਬਹੁਤ ਹੀ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਕਿਸਾਨ ਅੰਦੋਲਨ ਦੇ ਪ੍ਰਮੁੱਖ ਆਗੂਆਂ ਵੱਲੋਂ ਨੌਦੀਪ ਕੌਰ ਦੇ ਹੱਕ ਵਿੱਚ ਜ਼ੋਰਦਾਰ ਢੰਗ ਨਾਲ ਆਵਾਜ਼ ਚੁੱਕ ਕੇ ਲੋਕ ਲਹਿਰ ਨਹੀਂ ਬਣਾਇਆ ਜਾ ਰਿਹਾ । ਬੁਰਾਈ ਦੇ ਖ਼ਿਲਾਫ਼ ਨਾ ਬੋਲਣਾ ਵੀ ਬੁਰਾਈ ਦਾ ਸਾਥ ਦੇਣਾ ਹੀ ਹੁੰਦਾ ਹੈ। ਨੌਦੀਪ ਕੌਰ ਭਾਵੇਂ ਦਲਿਤ ਹੋਵੇ ਭਾਵੇਂ ਕੋਈ ਹੋਰ ਗੱਲ ਤਾਂ ਧੱਕੇਸ਼ਾਹੀ ਅਤੇ ਇਨਸਾਨੀਅਤ ਦੀ ਹੈ। ਕੁੱਝ ਲੋਕਾਂ ਵੱਲੋਂ ਵਾਰ ਵਾਰ ਉਸ ਬਾਰੇ ਦਲਿਤ ਸ਼ਬਦ ਵਰਤ ਕੇ ਉਸ ਨੂੰ ਜਾਤੀ ਤੌਰ ਤੇ ਨੀਵਾਂ ਦਿਖਾਇਆ ਜਾ ਰਿਹਾ ਹੈ । ਜਦ ਕਿ ਦਲਿਤ ਦਾ ਮਤਲਬ ਆਰਥਿਕ ਪੱਖੋਂ ਕਮਜ਼ੋਰ ਹੋਣਾ ਹੁੰਦਾ ਹੈ। ਇਨਾਂ ਗੱਲਾਂ ਤੋਂ ਭਲੀਭਾਂਤ ਸਪਸ਼ਟ ਪਤਾ ਲਗਦਾ ਹੈ ਕਿ ਅਜੇ ਵੀ ਔਰਤਾਂ ਅਤੇ ਜਾਤੀ ਸੰਤਾਪ ਹੰਢਾ ਰਹੇ ਲੋਕਾਂ ਨੂੰ ਹਰ ਪਾਸੇ ਤੋਂ ਹੀ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਅਤੇ ਉਨਾਂ ਨੂੰ ਕਿਸੇ ਬਹਾਨੇ ਨੀਵਾਂ ਦਿਖਾਉਣ ਦੀ ਕੋਈ ਕਸਰ ਨਹੀਂ ਰਹਿਣ ਦਿੱਤੀ ਜਾਂਦੀ । ਖ਼ਾਸ ਕਰਕੇ ਪੰਜਾਬ ਵਿੱਚ ਅਜਿਹਾ ਹੋਣਾ ਤਾਂ ਬਹੁਤ ਹੀ ਮੰਦਭਾਗਾ ਹੈ ਕਿਉਂਕਿ ਪੰਜਾਬ ਦੇ ਲੋਕ ਹਮੇਸ਼ਾ ਧੀਆਂ, ਭੈਣਾਂ ਤੇ ਹੁੰਦੇ ਜ਼ੁਲਮ ਦੇ ਵਿਰੁੱਧ ਹੀ ਆਵਾਜ਼ ਚੁੱਕਦੇ ਰਹੇ ਹਨ। ਪੰਜਾਬ ਦੀ ਬੱਬਰ ਸ਼ੇਰ ਧੀ ਨੌਦੀਪ ਕੌਰ ਦੇ ਮਾਪੇ ਵੀ ਆਪਣੀ ਧੀ ਤੇ ਮਾਣ ਮਹਿਸੂਸ ਕਰ ਰਹੇ ਹਨ ਤੇ ਨਾਲ ਹੀ ਸਮੇਂ ਸਿਰ ਤੇ ਹੁਣ ਵੀ ਜ਼ੋਰਦਾਰ ਆਵਾਜ਼ ਨਾ ਚੁੱਕਣ ਵਾਲੇ ਆਗੂਆਂ ਤੋਂ ਡਾਢੇ ਨਰਾਜ਼ ਆ ਰਹੇ ਹਨ। ਸਿੱਖ ਧਰਮ ਨਾਲ ਸਬੰਧਤ ਹੋਣ ਕਰਕੇ ਨੌਦੀਪ ਕੌਰ ਨੂੰ ਇਨਸਾਫ਼ ਦਿਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਖੁੱਲ ਕੇ ਅੱਗੇ ਆਉਣਾ ਚਾਹੀਦਾ ਹੈ । ਇੱਕ ਪਾਸੇ ਤਾਂ ਕੇਂਦਰ ਦੀ ਹਕੂਮਤ ਬੇਟੀ ਬਚਾਓ ਬੇਟੀ ਪੜ੍ਹਾਓ ਦੇ ਨਾਹਰੇ ਲਗਾ ਰਹੀ ਹੈ ਤੇ ਦੂਜੇ ਕਿਸਾਨ ਆਗੂ ਵੀ ਨੌਦੀਪ ਕੌਰ ਨੂੰ ਇਨਸਾਫ਼ ਦਿਵਾਉਣ ਲਈ ਕੋਈ ਖ਼ਾਸ ਧਿਆਨ ਨਹੀਂ ਦੇ ਰਹੇ। ਜਿਵੇਂ ਉਹ ਵੀ ਜਾਤੀਵਾਦ ਦੀ ਨਫ਼ਰਤ ਦਿਲ ਵਿੱਚ ਸਮੋਈ ਬੈਠੇ ਹੋਣ । ਜੇ ਰਿਹਾਨਾ ਨੂੰ ਬੇਟੀ ਕਿਹਾ ਜਾ ਸਕਦਾ ਹੈ ਤਾਂ ਫਿਰ ਨੌਦੀਪ ਕੌਰ ਬਾਰੇ ਚੁੱਪ ਧਾਰਨੀ ਆਗੂਆਂ ਤੇ ਬਹੁਤ ਵੱਡੇ ਸਵਾਲ ਖੜੇ ਕਰਦਾ ਹੈ। ਇੱਕ ਪਾਸੇ ਬੇਟੀਆਂ ਤੇ ਅੰਨੇਵਾਹ ਤਸ਼ੱਦਦ ਢਾਹ ਰਹੀ ਹੈ। ਪੰਜਾਬ ਦੀ ਇਸ ਬਹਾਦਰ ਧੀ ਨੌਦੀਪ ਕੌਰ ਲਈ ਹੁਣ ਕਈ ਪੰਜਾਬੀ ਅਖ਼ਬਾਰਾਂ, ਯੂ ਟਿਊਬ ਚੈਨਲ, ਅਨੁਸੂਚਿਤ ਜਾਤੀਆਂ ਕਮਿਸ਼ਨ ਪੰਜਾਬ, ਨਾਮਵਰ ਵਕੀਲ ਤੇ ਸਮਾਜ ਸੇਵੀ ਸਿਮਰਨਜੀਤ ਕੌਰ, ਨਾਮਵਰ ਵਕੀਲ ਤਾਨੀਆ ਤੇ ਕੁੱਝ ਸਮਾਜ ਸੇਵੀ ਜਥੇਬੰਦੀਆਂ ਨੇ ਜ਼ੋਰਦਾਰ ਆਵਾਜ਼ ਚੁੱਕੀ ਹੈ ਜਿਸ ਤੋਂ ਨੌਦੀਪ ਕੌਰ ਦੇ ਮਾਪਿਆਂ ਨੂੰ ਕੁੱਝ ਆਸ ਦੀ ਕਿਰਨ ਦਿਸਣ ਲੱਗੀ ਹੈ। ਅਨੁਸੂਚਿਤ ਜਾਤੀਆਂ ਕਮਿਸ਼ਨ ਪੰਜਾਬ ਨੇ ਤਾਂ ਸਵੈ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਨੂੰ ਨਿਰਧਾਰਤ ਸਮਾਂ ਦੇ ਕੇ ਜਵਾਬ ਦੇਣ ਲਈ ਵੀ ਕਿਹਾ ਹੈ। ਨੌਦੀਪ ਕੌਰ ਦੇ ਇਸ ਗੰਭੀਰ ਮਾਮਲੇ ਵਿੱਚ ਮਹਿਲਾ ਕਮਿਸ਼ਨ, ਮਨੁੱਖੀ ਅਧਿਕਾਰ ਕਮਿਸ਼ਨ ਤੇ ਮਾਨਯੋਗ ਉੱਚ ਅਦਾਲਤ ਨੂੰ ਵੀ ਸਵੈ ਨੋਟਿਸ ਲੈ ਕੇ ਜੇਲ ਵਿੱਚ ਨੌਦੀਪ ਕੌਰ ਉੱਪਰ ਹੋਏ ਅਣਮਨੁੱਖੀ ਤਸ਼ੱਦਦ ਦੀ ਨਿਰਪੱਖਤਾ ਨਾਲ ਪੜਤਾਲ ਕਰਦਿਆਂ ਇਨਸਾਫ਼ ਦੇਣਾ ਚਾਹੀਦਾ ਹੈ। ਕਿਉਂਕਿ ਹਰ ਕਿਸੇ ਨੂੰ ਆਪਣੇ ਵਿੱਚ ਪ੍ਰਗਟ ਕਰਨ ਦਾ ਸੰਵਿਧਾਨਕ ਹੱਕ ਹੈ। ਅੰਮ੍ਰਿਤਸਰ ਟਾਈਮਜ਼ ਅਖ਼ਬਾਰ ਵੱਲੋਂ ਨੌਦੀਪ ਕੌਰ ਨੂੰ ਇਨਸਾਫ਼ ਦਿਵਾਉਣ ਲਈ ਵਿਦੇਸ਼ੀ ਧਰਤੀ ਤੇ ਹੋਣ ਦੇ ਬਾਵਜੂਦ ਵੀ ਬਹੁਤ ਜ਼ੋਰਦਾਰ ਆਵਾਜ਼ ਚੁੱਕੀ ਜਾ ਰਹੀ ਹੈ, ਪ੍ਰੰਤੂ ਪੰਜਾਬ ਦੇ ਬਹੁਤੇ ਅਖ਼ਬਾਰ ਵੀ ਇਸ ਅਤਿ ਗੰਭੀਰ ਮਸਲੇ ਤੇ ਬਹੁਤਾ ਨਹੀਂ ਲਿਖ /ਛਾਪ ਰਹੇ। ਬੱਸ ਕੁੱਝ ਕੁ ਪੰਜਾਬੀ ਅਖ਼ਬਾਰ ਹੀ ਜਿਨਾਂ ਕੁ ਨਾ ਸਰੇ ਉਨੀ ਕੁ ਹੀ ਕਵਰੇਜ ਕਰਕੇ ਡੰਗ ਟਪਾ ਰਹੇ ਹਨ। ਲੋੜ ਹੈ ਹਰ ਕਿਸੇ ਨੂੰ ਨੌਦੀਪ ਕੌਰ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਦੀ ਤਾਂ ਜੋ ਉਸ ਨੂੰ ਸਹੀ ਇਨਸਾਫ਼ ਮਿਲ ਸਕੇ ਤੇ ਕੇਂਦਰ ਦੀ ਹਕੂਮਤ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾ ਸਕੇ। ਜੇ ਸੱਚ-ਮੁੱਚ ਹੀ ਅਜਿਹਾ ਹੋ ਗਿਆ ਤਾਂ ਫਿਰ ਹੀ ਕਿਸਾਨ ਮਜ਼ਦੂਰ ਏਕਤਾ ਦਾ ਨਾਹਰਾ ਸਹੀ ਤੇ ਸੱਚ ਸਮਝਿਆ ਜਾ ਸਕਦਾ ਹੈ ਤੇ ਫਿਰ ਹੀ ਆਪਸੀ ਭਾਈਚਾਰਕ ਸਾਂਝ ਹੋਰ ਗੂੜੀ ਹੋ ਸਕਦੀ ਹੈ।

***ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ)**
**ਪਿੰਨ ਕੋਡ 151401,**

---

# ਪ੍ਰਧਾਨ ਮੰਤਰੀ ਕਿਸਾਨ ਅੰਦੋਲਨ ਦਾ ਜਲਦੀ ਹੱਲ ਕਰਨ

## ਅੰਗਰੇਜ਼ ਸਰਕਾਰ ਨੂੰ ਵੀ ਲੈਣੇ ਪਏ ਸਨ ਕਾਲੇ ਖੇਤੀ ਕਾਨੂੰਨ

**ਰਜਿੰਦਰ ਸਿੰਘ ਪੁਰੇਵਾਲ**

ਸੰਸਦ ਦੇ ਬਜਟ ਸੈਸ਼ਨ ਦੀ ਸ਼ੁਰੂਆਤ ਵਿਚ ਦਿੱਤੇ ਗਏ ਭਾਸ਼ਣ ਲਈ ਰਾਸ਼ਟਰਪਤੀ ਦਾ ਧੰਨਵਾਦ ਕਰਨ ਲਈ ਹੋਈ ਚਰਚਾ ਦਾ ਬੀਤੇ ਸੋਮਵਾਰ ਰਾਜ ਸਭਾ ਵਿਚ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਇਸ ਵੇਲੇ ਦੇ ਸਭ ਤੋਂ ਸੰਵੇਦਨਸ਼ੀਲ ਮੁੱਦੇ ਕਿਸਾਨਾਂ ਦੇ ਅੰਦੋਲਨ ਨੂੰ ਲੈ ਕੇ ਜੋ ਗੱਲਾਂ ਕਹੀਆਂ, ਉਨ੍ਹਾਂ ਨਾਲ ਕਿਸਾਨ ਸਹਿਮਤੀ ਨਹੀਂ ਪ੍ਰਗਟਾ ਸਕਦੇ। ਪਰ ਪੰਜਾਬੀ ਤੇ ਮਨੁੱਖਤਾ ਦਾ ਭਲਾ ਸੋਚਣ ਵਾਲੇ ਵਿਸ਼ਵ ਭਰ ਦੇ ਲੋਕ ਆਸ ਕਰਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਕਰਨ ਵਾਲੇ ਢਾਈ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਉੱਤੇ ਬਰਫ਼ੀਲੀ ਠੰਡ ਵਿਚ ਬੈਠੇ ਕਿਸਾਨਾਂ ਦੇ ਹੱਕ ਵਿਚ ਕੋਈ ਐਲਾਨ ਕਰਨਗੇ, ਪਰ ਉਨ੍ਹਾਂ ਲਗਭਗ 200 ਸ਼ਹਾਦਤਾਂ ਦੇਣ ਵਾਲੇ ਇਸ ਕਿਸਾਨ ਅੰਦੋਲਨ ਦੇ ਧਿਆਨ ਵਿਚ ਕੋਈ ਰਾਹਤ ਨਾ ਦਿੰਦਿਆਂ ਪ੍ਰਧਾਨ ਮੰਤਰੀ ਨੇ ਨਵੇਂ ਸ਼ਬਦ ਘੜ ਕੇ ਕਿਹਾ ਕਿ ਦੇਸ਼ ਵਿਚ ਨਵੀਂ ਤਰ੍ਹਾਂ ਦੇ ਪਰਜੀਵੀ (ਦੂਜੇ ਜੀਵਾਂ ਦੇ ਸਰੀਰ ਵਿਚੋਂ ਖ਼ੁਰਾਕ ਲੈ ਕੇ ਜਿਊਣ ਵਾਲੇ ਜੀਵ) ਪੈਦਾ ਹੋ ਗਏ ਹਨ, ਜਿਹੜੇ ਹਰ ਅੰਦੋਲਨ ਵਿਚ ਪੁੱਜ ਜਾਂਦੇ ਹਨ। ਪ੍ਰਧਾਨ ਮੰਤਰੀ ਨੇ ਇਸ ਬਾਰੇ ਅੰਦੋਲਨ ਜੀਵੀ ਨਵਾਂ ਸ਼ਬਦ ਘੜਿਆ। ਪ੍ਰਧਾਨ ਮੰਤਰੀ ਦੇ ਇਸ ਬਿਆਨ ਤੋਂ ਪਹਿਲਾਂ ਦਿੱਲੀ ਪੁਲਿਸ ਦਿੱਲੀ ਸਰਹੱਦਾਂ ਦੇ ਕੈਂਪਾਂ ਕੋਲ ਕਈ ਲੇਅਰਾਂ ਵਾਲੀਆਂ ਰੋਕਾਂ ਕਿੱਲ, ਪੱਥਰ, ਬੈਰੀਅਰ, ਕੰਧਾਂ ਖੜ੍ਹੀਆਂ ਕਰਕੇ ਖੁੱਲ੍ਹੀ ਜੇਲ੍ਹ ਬਣਾ ਚੁੱਕੀ ਹੈ।

ਮਸਲੇ ਦਾ ਹੱਲ ਲੱਭਣ ਲਈ ਸਰਕਾਰ ਤੇ ਕਿਸਾਨ ਦਰਮਿਆਨ ਗੱਲਬਾਤ ਦੇ ਗੇੜ ਚਲੇ ਹਨ ਉਸ ਤੋਂ ਕਿਸਾਨ ਸੰਤੁਸ਼ਟ ਨਹੀਂ ਹਨ। ਦਿੱਲੀ ਦੀਆਂ ਬਰੂਹਾਂ ’ਤੇ ਬੈਠੇ ਕਿਸਾਨਾਂ ਨੂੰ ਵੀ ਖਾਲਿਸਤਾਨੀ ਤੇ ਦੇਸ਼-ਧ੍ਰੋਹੀ ਗਰਦਾਨ ਕੇ ਗੁੰਡਿਆਂ ਦੇ ਹਮਲੇ ਪੁਲਿਸ ਵੱਲੋਂ ਕਰਵਾਏ ਗਏ। ਇਹ ਗ਼ਲਤ ਰਣਨੀਤੀ ਹੈ।...

ਇਹ ਸਹੀ ਹੈ ਕਿ ਅੰਦੋਲਨ ਦਾ ਮੁੱਖ ਮੰਚ ਦਿੱਲੀ ਹੈ ਪਰ ਇਸ ਦੇ ਘਟਨਾਕ੍ਰਮ ਨੂੰ ਦਿੱਲੀ ਦੀਆਂ ਹੱਦਾਂ ਤੱਕ ਹੀ ਸੀਮਤ ਮੰਨਣਾ ਸਰਕਾਰ ਲਈ ਅਣਉੱਚਿਤ ਤੇ ਵੱਡੀ ਸਿਆਸੀ ਗ਼ਲਤੀ ਹੋਵੇਗਾ। ਅੰਦੋਲਨ ਦਾ ਦਾਇਰਾ ਕਿਤੇ ਜ਼ਿਆਦਾ ਵੱਡਾ ਹੈ ਅਤੇ ਪੂਰੇ ਦੇਸ ਵਿਚ ਫੈਲ ਚੁੱਕਾ ਹੈ। ਅਸੀਂ ਭਾਰਤ ਸਰਕਾਰ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਕਿਸਾਨਾਂ ਨੂੰ ਖ਼ਦਸ਼ਾ ਹੈ ਕਿ ਇਨ੍ਹਾਂ ਕਾਨੂੰਨਾਂ ਮੁਤਾਬਕ ਕਿਸਾਨ ਆਪਣੀਆਂ ਹੀ ਜ਼ਮੀਨਾਂ ’ਤੇ ਮਜ਼ਦੂਰ ਬਣ ਕੇ ਰਹਿ ਜਾਣਗੇ ਅਤੇ ਵੱਡੇ ਵਪਾਰੀਆਂ ਨੂੰ ਖੇਤੀ ਉਪਜ ਉਨ੍ਹਾਂ ਦੁਆਰਾ ਨਿਰਧਾਰਤ ਮੁੱਲ ’ਤੇ ਵੇਚਣ ਲਈ ਉਹ ਮਜਬੂਰ ਹੋ ਜਾਣਗੇ ਅਤੇ ਉਪਜ ਦੇ ਇਵਜ਼ਾਨੇ ਲਈ ਕਿਸੇ ਅਦਾਲਤ ਦਾ ਦਰਵਾਜ਼ਾ ਵੀ ਨਹੀਂ ਖੜਕਾ ਸਕਣਗੇ। ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਖ਼ਤਮ ਹੋਣ ਨਾਲ ਰਾਜ ਸਰਕਾਰ ਨੂੰ ਕੋਈ ਟੈਕਸ ਨਹੀਂ ਮਿਲੇਗਾ ਤੇ ਪਿੰਡਾਂ ਦੀ ਤਰੱਕੀ ਰੁਕ ਜਾਏਗੀ। ਵਪਾਰੀਆਂ ਨੂੰ ਅਣਮਿਥੀ ਹੱਦ ਤੱਕ ਭੰਡਾਰ ਕਰਨ ਦੀ ਇਜਾਜ਼ਤ ਹੋਵੇਗੀ ਜੋ ਕੇਵਲ ਕਿਸਾਨ ਹੀ ਨਹੀਂ, ਬਲਕਿ ਦੇਸ਼ ਦੇ ਹਰ ਇਕ ਖਪਤਕਾਰ ਦੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗੀ।

ਅਜਿਹੇ ਹੀ ਕਾਨੂੰਨ ਅੰਗਰੇਜ਼ੀ ਰਾਜ ਵੇਲੇ ਭਾਰਤ ’ਤੇ ਅੰਗਰੇਜ਼ਾਂ ਨੇ ਆਪਣੇ ਫ਼ਾਇਦੇ ਲਈ ਬਣਾਏ ਸਨ। ਉਹ ਕਾਨੂੰਨ ਸਨ ਪੰਜਾਬ ਲੈਂਡ ਕਾਲੋਨਾਈਜ਼ੇਸ਼ਨ ਐਕਟ, ਦੋਆਬ ਬਾਰੀ ਐਕਟ ਅਤੇ ਪੰਜਾਬ ਲੈਂਡ ਏਲੀਏਨੇਸ਼ਨ ਐਕਟ। ਜਿਸ ਤਰ੍ਹਾਂ ਅੱਜ ਦੇ ਤਿੰਨੋਂ ਕਾਨੂੰਨ ਇਕ-ਦੂਜੇ ਵਿਚ ਪੂਰੀ ਤਰ੍ਹਾਂ ਫਸੇ ਹੋਏ ਹਨ, ਇਸ ਤਰ੍ਹਾਂ ਹੀ ਅੰਗਰੇਜ਼ਾਂ ਵੱਲੋਂ ਪਾਸ ਕੀਤੇ ਤਿੰਨੋਂ ਕਾਨੂੰਨ ਇਕ-ਦੂਜੇ ‘ਤੇ ਆਧਾਰਿਤ ਸਨ। ਲੈਂਡ ਕਾਲੋਨਾਈਜ਼ੇਸ਼ਨ ਐਕਟ ਜੋ 1906 ਵਿਚ ਪਾਸ ਹੋਇਆ ਅਤੇ ਦੋਆਬ ਬਾਰੀ ਐਕਟ ਇਹ ਦੋ ਕਾਨੂੰਨ ਅਜਿਹੇ ਸਨ ਜਿਨ੍ਹਾਂ ਦਾ ਮੰਤਵ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣਾ, ਭਾਵ ਸਰਕਾਰੀ ਕੰਟਰੋਲ ਅਧੀਨ ਲਿਆਉਣਾ ਸੀ ਅਤੇ ਕਿਸਾਨਾਂ ਨੂੰ ਕੇਵਲ ਮੁਜ਼ਾਰੇ ਬਣਨ ਤੱਕ ਹੀ ਸੀਮਤ ਕਰਨਾ ਸੀ। ਜ਼ਮੀਨ ਦੀ ਮਲਕੀਅਤ ਸਰਕਾਰ ਦੇ ਹੱਥਾਂ ਵਿਚ ਚਲੇ ਜਾਣੀ ਸੀ। ਇਸ ਕਰਕੇ ਹੀ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਸ਼ੁਰੂ ਹੋ ਗਿਆ, ਜਿਸ ਦੀ ਅਗਵਾਈ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ, ਸ: ਕਿਸ਼ਨ ਸਿੰਘ (ਭਗਤ ਸਿੰਘ ਦੇ ਪਿਤਾ), ਲਾਲਾ ਲਾਜਪਤ ਰਾਏ, ਚੌਧਰੀ ਘਸੀਟਾ ਰਾਮ ਆਦਿ ਨੇ ਕੀਤੀ। ਜਿਸ ਤਰ੍ਹਾਂ ਅੱਜ ਕਿਸਾਨ ਯੂਨੀਅਨਾਂ ਦੇ ਲੀਡਰ ਕਾਨੂੰਨਾਂ ਦੀ ਇਕ-ਇਕ ਸਤਰ ਨੂੰ ਘੋਖਣ ਤੋਂ ਬਾਅਦ ਹੀ ਮੰਤਰੀਆਂ ਨਾਲ ਜਾ ਕੇ ਗੱਲ ਕਰਦੇ ਹਨ, ਇਸ ਤਰ੍ਹਾਂ ਹੀ ਉਸ ਵੇਲੇ ਦੇ ਲੀਡਰ ਵੀ ਅੰਗਰੇਜ਼ਾਂ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਕਾਨੂੰਨਾਂ ਦੀ ਪੂਰੀ ਘੋਖ ਕਰਕੇ ਹੀ ਗੱਲਬਾਤ ਲਈ ਜਾਂਦੇ ਸਨ। ਇਹ ਅੰਦੋਲਨ ਜਨ ਸੈਲਾਬ ਦਾ ਰੂਪ ਧਾਰਨ ਕਰ ਚੁੱਕਾ ਹੈ, ਜਿਸ ਵਿਚ ਨਾ ਕੇਵਲ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਉੱਤਰਾਖੰਡ ਬਲਕਿ ਮਹਾਰਾਸ਼ਟਰ, ਗੁਜਰਾਤ, ਕੇਰਲ, ਬਿਹਾਰ, ਤੇਲੰਗਾਨਾ ਤੇ ਹੋਰ ਕਈ ਰਾਜਾਂ ਦੇ ਕਿਸਾਨ ਦਿੱਲੀ ਦੇ ਬਾਹਰ ਵੱਖ-ਵੱਖ ਬਾਰਡਰਾਂ ‘ਤੇ ਆਪਣੀ ਡਿਊਟੀ ਨਿਭਾਅ ਰਹੇ ਹਨ ਅਤੇ ਸਭ ਤੋਂ ਵੱਡੀ ਗੱਲ ਹੈ ਕਿ ਇਸ ਅੰਦੋਲਨ ਵਿਚ ਸੁਪਰੀਮ ਕੋਰਟ ਦੇ ਵਕੀਲਾਂ ਦੀ ਬਾਰ, ਹਾਈ ਕੋਰਟਾਂ ਦੀਆਂ ਬਾਰਾਂ, ਉੱਚ ਅਦਾਲਤਾਂ ਦੇ ਸਾਬਕ ਜੱਜ ਸਾਹਿਬਾਨ, ਸਾਬਕਾ ਡੀ.ਜੀ.ਪੀ. ਅਤੇ ਮੌਜੂਦਾ ਡੀ.ਆਈ.ਜੀ. ਤੱਕ ਦੇ ਅਧਿਕਾਰੀ ਕਿਸਾਨਾਂ ਦੇ ਹੱਕ ਵਿਚ ਆ ਖਲੋਤੇ ਹਨ। ਵੱਖ-ਵੱਖ ਰਾਜਨੀਤੀਵਾਨ ਕੌਮਾਂਤਰੀ ਅਤੇ ਕੌਮੀ ਪੱਧਰ ਦੇ ਖਿਡਾਰੀ ਅਤੇ ਕੋਚ ਆਪੋ-ਆਪਣੇ ਰਾਸ਼ਟਰੀ ਸਨਮਾਨ ਅਤੇ ਪੁਰਸਕਾਰ ਰਾਸ਼ਟਰਪਤੀ ਨੂੰ ਵਾਪਸ ਕਰ ਦੇਣ ਵਿਚ ਇਕ-ਦੂਜੇ ਤੋਂ ਅੱਗੇ ਹਨ। ਐਸ.ਪੀ. ਸਿੰਘ ਉਬਰਾਏ, ਡਾ: ਰਵੀ ਸਿੰਘ ਦੀ ਜਥੇਬੰਦੀ ਖਾਲਸਾ ਏਡ, ਅਦਾਕਾਰ ਸੋਨੂੰ ਸੂਦ ਅਤੇ ਵੱਖ-ਵੱਖ ਵਿਦੇਸ਼ੀ ਗੁਰਦੁਆਰਾ ਸਾਹਿਬਾਨ ਤੋਂ ਕਰੋੜਾਂ ਰੁਪਏ ਦੀ ਮਦਦ ਦੇ ਐਲਾਨ ਹੋ ਰਹੇ ਹਨ। ਭਾਵ ਇਹ ਕਿ ਜਿਸ ਵਿਅਕਤੀ ਜਾਂ ਸੰਸਥਾ ਨੂੰ ਜਿਹੜੀ ਸੇਵਾ ਵੀ ਮਿਲਦੀ ਹੈ, ਉਹ ਆਪਣੀ ਸਮਰੱਥਾ ਤੋਂ ਵੀ ਵਧ ਕੇ ਸੇਵਾ ਕਰ ਰਿਹਾ ਹੈ। ਵਿਦੇਸ਼ਾਂ ਵਿਚ ਅਮਰੀਕਾ, ਆਸਟ੍ਰੇਲੀਆ, ਕੈਨੇਡਾ, ਇੰਗਲੈਂਡ, ਜਰਮਨੀ ਅਤੇ ਹੋਰ ਕਈ ਦੇਸ਼ਾਂ ਦੇ ਵੱਖ-ਵੱਖ ਸ਼ਹਿਰਾਂ ਵਿਚ ਕਿਸਾਨਾਂ ਦੇ ਹੱਕ ਵਿਚ ਕੱਢੀਆਂ ਗਈਆਂ ਰੈਲੀਆਂ ਅਤੇ ਵਿਦੇਸ਼ੀ ਪਾਰਲੀਮੈਂਟਾਂ ਅਤੇ ਵਿਧਾਨ ਸਭਾਵਾਂ ਵਿਚ ਹੋ ਰਹੇ ਚਰਚੇ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਪ੍ਰਵਾਸੀ ਵਿਦੇਸ਼ੀ ਇਸ ਅੰਦੋਲਨ ਦੇ ਪੂਰੀ ਤਰ੍ਹਾਂ ਨਾਲ ਹਨ। ਇਸ ਵਿਚ ਹੀ ਰਾਜਾਂ ਅਤੇ ਦੇਸ਼ ਦੀ ਭਲਾਈ ਹੋਵੇਗੀ। ਕੇਂਦਰ ਸਰਕਾਰ ਨੂੰ ਸਦਭਾਵਨਾ ਦਿਖਾਉਂਦੇ ਹੋਏ ਅਜਿਹੇ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ।

ਹਰਿਆਣਾ ਵਿਚ ਭਾਜਪਾ 26 ਜਨਵਰੀ ਨੂੰ ਲਾਲ ਕਿਲ੍ਹੇ ‘ਤੇ ਵਾਪਰੀਆਂ ਘਟਨਾਵਾਂ ਦਾ ਵੀ ਕੋਈ ਸਿਆਸੀ ਲਾਭ ਲੈਣ ਵਿਚ ਨਾਕਾਮ ਰਹੀ। ਇਸ ਲਈ ਉਨ੍ਹਾਂ ਨੇ ਜਨ ਸਭਾਵਾਂ ਕਰਨ ਦੀ ਯੋਜਨਾ ਬਣਾਈ ਸੀ। ਪਰ ਕਿਸਾਨਾਂ ਦੇ ਵਿਰੋਧ ਕਾਰਨ ਇਕ ਵੀ ਮੀਟਿੰਗ ਨਹੀਂ ਕੀਤੀ ਜਾ ਸਕੀ। ਭਾਜਪਾ ਦੇ ਨੇਤਾ ਪੂਰੀ ਤਰ੍ਹਾਂ ਨਾਲ ਆਪਣੇ ਘਰਾਂ ਵਿਚ ਬੰਦ ਹਨ। ਪੁਲਿਸ ਦੀ ਸੁਰੱਖਿਆ ਵਿਚ ਵੀ ਉਨ੍ਹਾਂ ਨੂੰ ਬਾਹਰ ਨਿਕਲਣ ਦੀ ਹਿੰਮਤ ਨਹੀਂ ਪੈ ਰਹੀ। ਹੁਣੇ ਜਿਹੇ ਕਿਸਾਨਾਂ ਦੇ ਗ਼ੁੱਸੇ ਨੂੰ ਵੇਖਦੇ ਹੋਏ ਮੁੱਖ ਮੰਤਰੀ ਖੱਟਰ ਨੇ ਕੇਂਦਰੀ ਮੰਤਰੀ ਅਮਿਤ ਸ਼ਾਹ ਨੂੰ ਸਲਾਹ ਦਿੱਤੀ ਸੀ ਕਿ ਉਹ ਹਰਿਆਣਾ ਦਾ ਆਪਣਾ ਦੌਰਾ ਫ਼ਿਲਹਾਲ ਰੱਦ ਕਰ ਦੇਣ। ਜੇ ਕਿਸਾਨ ਮੋਰਚੇ ਦੀ ਹਕੀਕਤ ਨੂੰ ਸਰਕਾਰ ਨੇ ਨਾ ਸਮਝਿਆ ਪੂਰੇ ਭਾਰਤ ਵਿਚ ਇਹੀ ਦ੍ਰਿਸ਼ ਹੋਵੇਗਾ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com

# ਕਿਸਾਨ ਮੋਰਚਾ, ਦਰਬਾਰੀ ਮੀਡੀਆ ਤੇ ਸਰਕਾਰੀ ਰੋਕਾਂ

ਪ੍ਰੋਫੈਸਰ ਕੁਲਬੀਰ ਸਿੰਘ

ਕਿਸਾਨ ਸੰਘਰਸ਼ ਨਾਲ ਜੁੜੇ ਜੁਦਾ-ਜੁਦਾ ਪਹਿਲੂਆਂ ਦੀ ਕਵਰੇਜ ਕਰਦਿਆਂ, ਸੱਚ ਸਾਹਮਣੇ ਲਿਆਉਂਦਿਆਂ ਮਨਦੀਪ ਪੂਨੀਆ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਹੁਣ ਜਮਾਨਤ ਉਪਰ ਉਹ ਰਿਹਾਅ ਹੋ ਚੁਕਿਆ ਹੈ। ਕਿਸਾਨ ਸੰਘਰਸ਼ ਦੌਰਾਨ ਸੱਚਮੁੱਚ ਸੱਚ ਸਾਹਮਣੇ ਲਿਆਉਣਾ ਮੀਡੀਆ ਲਈ ਵੱਡੀ ਚੁਣੌਤੀ ਬਣ ਗਿਆ ਹੈ। ਦੁਨੀਆ ਭਰ ਵਿਚੋਂ ਮੀਡੀਆ ਦੀ ਆਜ਼ਾਦੀ ਪੱਖੋਂ ਭਾਰਤ 180 ਦੇਸ਼ਾਂ ਵਿਚੋਂ 142ਵੇਂ ਸਥਾਨ ’ਤੇ ਖਿਸਕ ਗਿਆ ਹੈ। ਨਿਪਾਲ, ਸ੍ਰੀਲੰਕਾ, ਜਿਹੇ ਮੁਲਕਾਂ ਤੋਂ ਵੀ ਪਿੱਛੇ। ਨੇਪਾਲ 112ਵੇਂ ਸਥਾਨ ’ਤੇ ਹੈ ਅਤੇ ਸ੍ਰੀਲੰਕਾ127ਵੇਂ ਸਥਾਨ ’ਤੇ। ਨੌਰਵੇ ਪਹਿਲੇ ਸਥਾਨ ’ਤੇ ਹੈ ਅਤੇ ਨਾਰਥ ਕੋਰੀਆ ਅਖੀਰਲੇ ’ਤੇ। ਦਰਅਸਲ ਮਨਦੀਪ ਪੂਨੀਆ ਕਿਸਾਨ ਸੰਘਰਸ਼ ਦੌਰਾਨ ਕੇਂਦਰ ਸਰਕਾਰ, ਭਾਜਪਾ ਅਤੇ ਦਿੱਲੀ ਪੁਲਿਸ ਦੀਆਂ ਜ਼ਿਆਦਤੀਆਂ ਨੂੰ ਲਗਾਤਾਰ ਉਜਾਗਰ ਕਰ ਰਿਹਾ ਸੀ। ਉਸ ਦੀ ਗ੍ਰਿਫ਼ਤਾਰੀ ਦੀ ਚੌਤਰਫੋਂ ਨਿੰਦਾ ਹੋਈ। ਚਿੰਤਾ ਪ੍ਰਗਟ ਕੀਤੀ ਗਈ ਕਿ ਅਜਿਹੀਆਂ ਪ੍ਰਸਥਿਤੀਆਂ ਵਿਚ ਮੀਡੀਆ ਸੱਚ ਨੂੰ ਕਿਵੇਂ ਸਾਹਮਣੇ ਲਿਆ ਸਕਦਾ ਹੈ ?

ਹੁਣ ਤਾਂ ਸਿੰਘੂ ਬਾਰਡਰ ਤੋਂ ਰਿਪੋਰਟਿੰਗ ਕਰਨੀ ਵੀ ਕਠਿਨ ਹੋ ਗਈ ਹੈ। ਰੋਕਾਂ ਹੀ ਰੋਕਾਂ। ਮੋਟਰ ਸਾਈਕਲ ਵੀ ਧਰਨੇ ਵਾਲੀ ਥਾਂ ਵੱਲ ਨਹੀਂ ਜਾਣ ਦਿੱਤੇ ਜਾਂਦੇ। ਪੈਦਲ ਪਿੰਡਾਂ ਵਿਚੋਂ ਹੁੰਦੇ ਹੋਏ 6 ਕਿਲੋਮੀਟਰ ਦਾ ਪੈਂਡਾ ਤੈਅ ਕਰਕੇ ਦਿੱਲੀ ਵਾਲੇ ਪਾਸਿਉਂ ਰਿਪੋਰਟਰ ਰਿਪੋਰਟਿੰਗ ਕਰਨ ਲਈ ਧਰਨੇ ਵਾਲੀ ਥਾਂ ਪਹੁੰਚਦੇ ਹਨ। ਇਸ ਨਾਲ ਭਾਰਤੀ ਮੀਡੀਆ ਦਾ ਸਥਾਨ ਕਿਸ ਪਾਸੇ ਵੱਲ ਖਿਸਕੇਗਾ। ਦੱਸਣ ਦੀ ਲੋੜ ਨਹੀਂ। ਪੱਤਰਕਾਰੀ ਕਰਨਾ, ਸੱਚ ਸਾਹਮਣੇ ਲਿਆਉਣਾ



facebook: Gurpreet Artist Bathinda   Twitter @gurpreetartist1

ਦਿਨੋ-ਦਿਨ ਖ਼ਤਰਨਾਕ ਹੁੰਦਾ ਜਾ ਰਿਹਾ ਹੈ। ਸਰਕਾਰਾਂ, ਅਫ਼ਸਰਸ਼ਾਹੀ ਅਤੇ ਤਾਕਤਵਰ ਧਿਰਾਂ ਸੱਚ ਸੁਣਨ, ਸੱਚ ਦੇਖਣ ਅਤੇ ਸੱਚ ਪੜਨ ਲਈ ਤਿਆਰ ਨਹੀਂ ਹਨ। ਨਤੀਜੇ ਵਜੋਂ ਮੀਡੀਆ ਦੇ ਇਕ ਹਿੱਸੇ ਨੇ ਕਈ ਤਰਾਂ ਦੇ ਸਮਝੌਤੇ ਕਰ ਲਏ ਹਨ। ਖੁਦ ਹੀ ਆਪਣੇ-ਆਪ ’ਤੇ ਸੈਂਸਰਸ਼ਿਪ ਲਗਾ ਲਈ ਹੈ।

ਕਿਸਾਨ ਸੰਘਰਸ਼ ਦੇ ਪ੍ਰਸੰਗ ਵਿਚ ਵੀ ਅਜਿਹਾ ਹੀ ਵਾਪਰ ਰਿਹਾ ਹੈ। ਸੱਚ ਲਿਖਣ, ਸੱਚ ਬੋਲਣ, ਸੱਚ ਵਿਖਾਉਣ ਵਾਲੇ ਪੱਤਰਕਾਰਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਭਾਰਤ ਵਿਚ 16 ਨਵੰਬਰ ਦਾ ਦਿਨ ‘ਨੈਸ਼ਨਲ ਪ੍ਰੈੱਸ ਦਿਵਸ’ ਵਜੋਂ ਮਨਾਇਆ ਜਾਂਦਾ ਹੈ। ਇਹ ਦਿਨ ਭਾਰਤ ਵਿਚ ਆਜ਼ਾਦ ਤੇ ਜ਼ਿੰਮੇਵਾਰ ਪ੍ਰੈੱਸ ਦੇ ਮਹੱਤਵ ਦੀ ਗਵਾਹੀ ਭਰਦਾ ਹੈ। ਪ੍ਰੈੱਸ ਕੌਂਸਲ ਆਫ ਇੰਡੀਆ ਦੀ 1966 ਵਿਚ ਇਸੇ ਦਿਨ ਸ਼ੁਰੂਆਤ ਹੋਈ ਸੀ। ਪ੍ਰੰਤੂ ਸਵਾਲ ਪੈਦਾ ਹੁੰਦਾ ਹੈ ਕਿ ਭਾਰਤੀ ਮੀਡੀਆ ਹਕੂਮਤਾਂ ਸਾਹਮਣੇ ਸੱਚ ਬੋਲਣ ਵਿਚ ਕਿੰਨਾ ਕੁ ਕਾਮਯਾਬ ਹੋ ਰਿਹਾ ਹੈ ?

ਸਿੰਘੂ ਬਾਰਡਰ ਨੂੰ ਦੁਨੀਆ ਨਾਲੋਂ ਵੱਖ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇੰਟਰਨੈੱਟ ਬੰਦ ਕਰਨ ਦੀਆਂ ਘਟਨਾਵਾਂ ਹੋਈਆਂ ਹਨ। ਤਰਾਂ-ਤਰਾਂ ਦੀਆਂ ਰੋਕਾਂ ਰੁਕਾਵਟਾਂ ਖੜੀਆਂ ਕਰ ਦਿੱਤੀਆਂ ਗਈਆਂ ਹਨ। ਕਿਸਾਨ ਧਰਨੇ ਦਾ ਜਿਹੜਾ ਸੱਚ ਦੁਨੀਆ ਦੋ ਮਹੀਨਿਆਂ ਤੋਂ ਵੇਖਦੀ ਆ ਰਹੀ ਹੈ, ਉਸ ਨੂੰ ਲੁਕੋਣ ਦੇ ਸਿਰ ਤੋੜ ਯਤਨ ਕੀਤੇ ਗਏ । ਪ੍ਰਸ਼ਾਸਨ ਦੀ, ਪੁਲਿਸ ਦੀ, ਸਬੰਧਿਤ ਮਹਿਕਮੇ ਦੀ, ਕੇਂਦਰ ਸਰਕਾਰ ਦੀ ਕਿਰਕਿਰੀ ਹੋ ਰਹੀ ਹੈ। ਹੋ ਨਹੀਂ ਰਹੀ, ਉਹ ਖੁਦ ਕਰਵਾ ਰਹੇ ਹਨ। ਕੰਧਾਂ ਕੀਤੀਆਂ, ਕਿੱਲਾਂ ਲਾਈਆਂ, ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰ ਕਿਸਾਨਾਂ ਨੂੰ ਮਿਲਣ ਗਏ ਪ੍ਰੰਤੂ ਮਿਲਣ ਨਹੀਂ ਦਿੱਤਾ। ਦੁਨੀਆ ਹੈਰਾਨ ਹੈ, ਪ੍ਰੇਸ਼ਾਨ ਹੈ। ਕੀ ਇੰਜ ਸੱਚ ਛੁਪਾਇਆ ਜਾ ਸਕਦਾ ਹੈ ? ਦੁਨੀਆ ਵਿਚੋਂ ਜਿਹੜਾ ਵੀ ਕਿਸਾਨ ਸੰਘਰਸ਼ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਾ ਹੈ, ਉਹ ਨਿਸ਼ਾਨੇ ’ਤੇ ਆ ਜਾਂਦਾ ਹੈ। ਮੀਡੀਆ ਦੇ ਹਰੇਕ ਹਿੱਸੇ ’ਤੇ ਨਜ਼ਰ ਰਹਿੰਦੀ ਹੈ। ਕੌਣ, ਕਿਹੜਾ, ਕਿੱਥੇ ਸਰਕਾਰ ਦੇ ਵਿਰੁੱਧ ਬੋਲਦਾ, ਲਿਖਦਾ, ਵਿਖਾਉਂਦਾ ਹੈ।

ਸੂਚਨਾ ਤੇ ਪ੍ਰਸਾਰਨ ਮੰਤਰੀ ਅਤੇ ਪ੍ਰਧਾਨ ਮੰਤਰੀ ਨੇ ‘ਨੈਸ਼ਨਲ ਪ੍ਰੈੱਸ ਦਿਵਸ’ ਮੌਕੇ ਪ੍ਰੈੱਸ ਦੀ ਆਜ਼ਾਦੀ ਅਤੇ ਸਹੀ ਜਾਣਕਾਰੀ ਦਾ ਜ਼ਿਕਰ ਕੀਤਾ ਸੀ। ਦੋਵਾਂ ਨੇ ਜਾਅਲੀ ਖ਼ਬਰਾਂ ਪ੍ਰਤੀ ਸੁਚੇਤ ਰਹਿਣ ਲਈ ਕਿਹਾ ਸੀ। ਉਧਰ ਬੀ.ਬੀ.ਸੀ. ਨੇ ਆਪਣੇ ਇਕ ਅਧਿਐਨ ਰਾਹੀਂ ਖੁਲਾਸਾ ਕੀਤਾ ਸੀ ਕਿ ਭਾਰਤ ਵਿਚ ਉੱਭਰ ਰਹੀ ਰਾਸ਼ਟਰਵਾਦ ਦੀ ਲਹਿਰ ਆਮ ਨਾਗਰਿਕ ਨੂੰ ‘ਫੇਕ ਨਿਊਜ਼’ ਫੈਲਾਉਣ ਲਈ ਉਕਸਾ ਰਹੀ ਹੈ।

ਭਾਰਤੀ ਮੀਡੀਆ ਦੋ ਤਰਾਂ ਸੱਚ ਤੋਂ ਦੂਰ ਜਾ ਰਿਹਾ ਹੈ। ਇਕ ਪਾਸੇ ਸਰਕਾਰ ਚਾਹੁੰਦੀ ਹੈ ਕਿ ਸੱਚ ਛੁਪਿਆ ਰਹੇ, ਦੂਸਰੇ ਪਾਸੇ ਮੀਡੀਆ ਦਾ ਇਕ ਹਿੱਸਾ ਸੱਚ ਸਾਹਮਣੇ ਲਿਆਉਣ ਲਈ ਤਿਆਰ ਨਹੀਂ। ਨਤੀਜੇ ਵਜੋਂ ਮੀਡੀਆ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। ਸੱਚ ਸਾਹਮਣੇ ਲਿਆਉਣ ਵਾਲੇ ਮੀਡੀਆ ਨੂੰ ਇਕੋ ਵੇਲੇ ਦੋ ਫਰੰਟ ‘ਤੇ ਲੜਨਾ ਪੈ ਰਿਹਾ ਹੈ। ਇਕ ਪਾਸੇ ਸਰਕਾਰ ਨਾਲ ਤੇ ਦੂਸਰੇ ਪਾਸ ਸੱਚ ਛੁਪਾਉਣ ਵਾਲੇ ਮੀਡੀਆ ਨਾਲ। ਅਜਿਹੀਆਂ ਸਥਿਤੀਆਂ ਵਿਚ ਚੰਗੇ ਸਿਹਤਮੰਦ ਨਤੀਜੇ ਸਾਹਮਣੇ ਨਹੀਂ ਆ ਸਕਦੇ। ਲੋਕਾਂ ਦੀ, ਲੋਕ ਹਿੱਤਾਂ ਦੀ ਗੱਲ ਉਭਰਵੇਂ ਰੂਪ ਵਿਚ ਨਹੀਂ ਹੋ ਸਕਦੀ। ਸੱਚਮੁੱਚ ਭਾਰਤੀ ਮੀਡੀਆ ਗੰਭੀਰ ਸੰਕਟ ਵਿਚ ਹੈ। ਸਾਨੂੰ ਚਿੰਤਾ ਇਸ ਗੱਲ ਦੀ ਹੈ ਕਿ ਇਸ ਸੰਕਟ ਵਿਚੋਂ ਨਿਕਲਣ ਦਾ ਰਾਹ-ਰਸਤਾ ਵੀ ਨਜ਼ਰ ਨਹੀਂ ਆਉਂਦਾ। ਦੋਵੇਂ ਕਾਰਨ ਹੋਰ ਤਿੱਖੇ, ਹੋਰ ਵੱਡੇ ਹੁੰਦੇ ਜਾ ਰਹੇ ਹਨ। ਦੋਵਾਂ ਦੀ ਹਉਮੈ ਹੋਰ ਵੱਡੀ, ਹੋਰ ਵਿਸ਼ਾਲ ਹੁੰਦੀ ਜਾ ਰਹੀ ਹੈ।

# ਮੋਦੀ ਤੰਤਰ ਵਿੱਚ ਕਿੱਥੇ ਹੈ ਲੋਕਤੰਤਰ ?

ਹਰਕੀਰਤ ਕੌਰ
9779118066

ਭਾਰਤ ਨੂੰ ਅਜਾਦ ਹੋਇਆ 70 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ , ਪਰ ਵਿਹਾਰ ਵਿੱਚ ਅਤੇ ਰਾਜਨੀਤਕ ਧਰਾਤਲ ਵਿੱਚ ਕਿਤੇ ਵੀ ਅਜਾਦ ਦੇਸ਼ ਦੀ ਮੂਲ ਭਾਵਨਾ ਦੇ ਦਰਸ਼ਨ ਨਹੀਂ ਹੁੰਦੇ। ਦੇਸ਼ ਦੀਆਂ ਦੋ ਮੁੱਖ ਰਾਜਸੀ ਪਾਰਟੀਆਂ ਜਿੰਨਾ ਉੱਤੇ ਲੋਕਤੰਤਰ ਨੂੰ ਜੀਵੰਤ ਤੇ ਮਜਬੂਤ ਬਣਾਉਣ ਦਾ ਦਾਰੋਮਦਾਰ ਹੈ ਅਤੇ ਤੀਸਰੀ ਉਹ ਤਾਕਤ ਜੋ ਅਚਾਨਕ ਬਦਲਾਅ ਦੀ ਰਾਹ ਦੇਖ ਰਹੇ ਭਾਰਤੀਆਂ ਲਈ ਸੁਪਨਾ ਬਣ ਕੇ ਆਈ, ਇਹ ਸਾਰੇ ਗਣਤੰਤਰ ਤੇ ਸੁਤੰਤਰ ਦੇ ਨਾਅਰੇ ਤੇ ਆਪਣੇ ਆਪਣੇ ਤੰਤਰ ਨੂੰ ਹੀ ਮਜਬੂਤ ਬਣਾ ਰਹੇ ਹਨ । ਭਾਜਪਾ ਹਮੇਸ਼ਾ ਮੋਦੀ ਦਾ ਤੰਤਰ ਲਾਗੂ ਕਰਨਾ ਚਾਹੁੰਦੀ ਹੈ ਅਤੇ ਕਾਂਗਰਸ ਰਾਹੁਲ ਦੇ ਤੰਤਰ ਨੂੰ ਦੇਸ਼ ਦੀ ਛਤਰੀ ਬਣਾਉਣਾ ਚਾਹੁੰਦੀ ਹੈ। ਨਵਾਂ ਅਤੇ ਸੰਭਾਵਨਾਵਾਂ ਭਰਿਆ ਬਦਲ ਵੀ ਸੋਚ ਦੇ ਮਾਮਲੇ ਵਿੱਚ ਕੰਗਾਲ ਹੈ। ਉਹ ਗਣਤੰਤਰ ਦੇ ਨਾਅਰੇ ਤੇ ਕਿਸੇ ਵਿਅਕਤੀ ਵਿਸ਼ੇਸ਼ ਦਾ ਤੰਤਰ ਹੀ ਦੇਸ਼ ਉੱਤੇ ਥੋਪਣਾ ਚਾਹੁੰਦੇ ਹਨ। ਕੁੱਲ ਮਿਲਾ ਕੇ ਭਾਵੇਂ ਸਾਡਾ ਦੇਸ ਲੋਕਤੰਤਰੀ ਦੇਸ਼ ਦੇ ਤੌਰ ਤੇ ਪ੍ਰਪੱਕ ਹੋ ਚੁੱਕਾ ਹੈ, ਭਾਵੇਂ ਇਸਨੂੰ ਦੁਨੀਆਂ ਵਿੱਚ ਸੀਨੀਅਰ ਅਤੇ ਸੰਵੇਦਨਸੀਲ ਲੋਕਤੰਤਰ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਪਰ ਹਕੀਕਤ ਵਿੱਚ ਅਜਿਹਾ ਨਹੀਂ ਹੈ। ਭਾਰਤ ਵਿੱਚ ਲੋਕਤੰਤਰ ਦਾ ਅੱਜ ਵੀ ਵਿਹਾਰ ਕੁਝ ਹੋਰ ਹੈ ਅਤੇ ਗੱਲਾਂ ਤੇ ਕਿਤਾਬਾਂ ਵਿੱਚ ਕੁਝ ਹੋਰ। ਆਖਰ ਕਦ ਤੱਕ ਗਣਤੰਤਰ ਦੇ ਨਾਂਅ ਤੇ ਕੁਝ ਖਾਸ ਲੋਕਾਂ ਦਾ ਤੰਤਰ ਭਾਰੂ ਰਹੇਗਾ ਅਤੇ ਆਮ ਲੋਕ ਉਸ ਤੰਤਰ ਵਿੱਚ ਪਿਸਦੇ ਰਹਿਣਗੇ ?

72 ਸਾਲ ਕਿਸੇ ਵੀ ਕੌਮ ਜਾਂ ਦੇਸ਼ ਦੀ ਅਜਾਦੀ ਲਈ ਥੋੜਾ ਸਮਾਂ ਨਹੀਂ ਹੁੰਦਾ। 8 ਸਾਲ ਬਾਅਦ ਤਾਂ ਪੀੜੀਆਂ ਬਦਲ ਜਾਂਦੀਆਂ ਹਨ, ਭਾਵ ਕਿ ਭਾਰਤ ਨੂੰ ਗਣਤੰਤਰ ਬਣਿਆ 9 ਪੀੜੀਆਂ ਗੁਜਰ ਚੁੱਕੀਆਂ ਹਨ। ਪਰ ਗਰੀਬੀ, ਭ੍ਰਿਸ਼ਟਾਚਾਰ, ਵਿਤਕਰੇਬਾਜੀ, ਬੇਰੁਜਗਾਰੀ ਅਤੇ ਕਿਸਾਨਾਂ ਦੀ ਦੁਰਦਸਾ ਸਾਰੀਆਂ ਦੀਆਂ ਸਾਰੀਆਂ ਸੱਮਸਿਆਵਾਂ ਮੁੱਢਲੇ ਤੌਰ ਤੇ ਉਹੋ ਜਿਹੀਆਂ ਹੀ ਹਨ, ਜਿਹੋ ਜਿਹੀਆਂ 7 ਦਹਾਕੇ ਪਹਿਲਾਂ ਸਨ। ਇਸ ਵਿੱਚ ਕੋਈ ਦੋ ਰਾਵਾਂ ਨਹੀ ਕਿ ਅਜਾਦੀ ਦਾ ਮਤਲਬ ਕਿਸੇ ਹੱਦ ਤੱਕ ਅਜਾਦੀ ਹੀ ਹੈ, 46 ਫੀਸਦੀ ਆਮ ਭਾਰਤੀਆਂ ਨੂੰ ਨਾ ਸਿਰਫ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰਨਾ ਪੈ ਰਿਹਾ ਹੈ, ਬਲਕਿ ਕਿਸੇ ਵੀ ਕਿਸਮ ਦੇ ਸੁਪਨੇ ਦੇਖਣ ਦੀ ਵੀ ਛੋਟ ਨਹੀਂ ਹੈ । ਭਾਰਤ ਸਰਕਾਰ ਦੇ ਹੀ ਵੱਖ ਵੱਖ ਅੰਕੜੇ ਕਹਿ ਰਹੇ ਹਨ ਕਿ ਦੇਸ਼ ਦੇ 70 ਫੀਸਦੀ ਤੋਂ ਵਧੇਰੇ ਲੋਕ ਹਨ, ਜਿੰਨਾ ਕੋਲ ਇੱਕ ਦਿਨ ਵਿੱਚ ਖਰਚਣ ਲਈ ਅੱਧਾ ਡਾਲਰ ਭਾਵ ਕਿ 32 ਰੁਪਏ ਵੀ ਨਹੀਂ ਹਨ। ਦੇਸ਼ ਦੇ ਅੱਧੇ ਤੋਂ ਵਧੇਰੇ ਲੋਕ ਹਰ ਦਿਨ ਸਿਰਫ 20 ਰੁਪਏ ਵਿੱਚ ਗੁਜਾਰਾ ਕਰਨ ਨੂੰ ਮਜਬੂਰ ਹਨ। ਇਹ ਗੱਲ ਸਿਰਫ ਰੋਜਮਰਾ ਦੇ ਜੀਵਨ ਨਿਰਵਾਣ ਦੇ ਸੰਦਰਭ ਵਿੱਚ ਹੀ ਸੱਚ ਨਹੀਂ ਹੈ, ਸਗੋਂ ਸੱਚ ਤਾਂ ਇਹ ਵੀ ਹੈ ਕਿ ਭਾਰਤ ਹਰ ਸਾਲ ਦੁਨੀਆਂ ਵਿੱਚ 32 ਲੱਖ ਗਰੈਜੂਏਟ ਪੈਦਾ ਕਰਦਾ ਹੈ ਪਰ ਉਹਨਾਂ ਵਿੱਚੋਂ ਬਹੁਤਾਤ ਸਾਰੀ ਉਮਰ ਪੜੇ ਲਿਖੇ ਅਨਪੜ ਬਣ ਕੇ ਗੁਜਾਰਦੇ ਹਨ।

ਸਵਾਲ ਇਹ ਹੈ ਕਿ 7 ਦਹਾਕਿਆਂ ਬਾਅਦ ਪ੍ਰਭੂਸੱਤਾ ਸੰਪੰਨ ਗਣਤੰਤਰ ਨੌਜਵਾਨਾਂ ਅਤੇ ਭਵਿੱਖ ਦੀਆਂ ਪੀੜੀਆਂ ਲਈ ਕੀ ਅਰਥ ਰੱਖਦਾ ਹੈ ? ਸੰਵਿਧਾਨ ਵਿੱਚ ਹਰ ਕਿਸੇ ਨੂੰ ਪ੍ਰਗਟਾਵੇ ਦੀ ਅਜਾਦੀ ਮਿਲੀ ਹੈ, ਜੀਵਨ ਜਿਉਣ ਦੀ ਅਜਾਦੀ ਮਿਲੀ ਹੈ ਪਰ 72 ਸਾਲ ਬਾਅਦ ਵੀ ਭਾਰਤ ਵਿੱਚ ਪ੍ਰਗਟਾਵੇ ਦਾ ਮਤਲਬ ਹੈਸੀਅਤ ਦੇ ਮੁਤਾਬਿਕ ਬੋਲਣ ਤੋਂ ਹੈ। ਭਾਵੇਂ ਸੰਵਿਧਾਨ ਵਿੱਚ ਸਭ ਨੂੰ ਪ੍ਰਗਟਾਵੇ ਦਾ ਅਧਿਕਾਰ ਹੈ ਪਰ ਵਿਹਾਰ ਵਿੱਚ ਅਜਿਹਾ ਨਹੀਂ ਹੈ ।

ਪੁਲਿਸ ਪ੍ਰਸ਼ਾਸਨ ਤੇ ਦੂਜੇ ਮਹਿਕਮੇ ਅਜਾਦੀ ਦਾ ਅਹਿਸਾਸ ਹੋਣ ਹੀ ਨਹੀਂ ਦਿੰਦੇ। ਅੱਜ ਵੀ ਭਾਰਤੀ ਕਿਸੇ ਸੰਕਟ ਸਮੇਂ ਪੁਲਿਸ ਤੋਂ ਸਹਾਇਤਾ ਮੰਗਣ ਨਾਲੋਂ ਬਿਹਤਰ ਉਸ ਸੰਕਟ ਵਿੱਚ ਗੁਜਰ ਜਾਣਾ ਚੰਗਾ ਸਮਝਦਾ ਹੈ। ਪੁਲਿਸ ਅਤੇ ਲੋਕਾਂ ਦਾ ਰਿਸ਼ਤੇ ਤੰਤਰ ਦੀ ਨੌਕਰਸਾਹੀ ਦੀ ਵਿਚੋਲਗੀ ਦੇ ਚਲਦਿਆਂ ਸਹਿਜ, ਭਰੋਸੇਯੋਗ ਅਤੇ ਮਿੱਤਰਤਾ ਵਾਲੇ ਬਣੇ ਹੀ ਨਹੀਂ ਹਨ।

ਜੇਕਰ ਗੱਲ ਖੇਤੀਬਾੜੀ ਦੀ ਕਰ ਲਈਏ ਤਾਂ ਪਿਛਲੇ ਸਮੇਂ ਤੋਂ ਚੱਲਦੇ ਆ ਰਹੇ ਕਿਸਾਨੀ ਅੰਦੋਲਨ ਤੋਂ ਲੋਕਤੰਤਰ ਵਿੱਚੋਂ ਮੋਦੀਤੰਤਰ ਦੀ ਬਦਬੂ ਆਉਦੀ ਹੈ। ਆਪਣੇ ਹੱਕਾਂ ਲਈ ਸੜਕਾਂ ਉੱਤੇ ਵਿਲਕਦੇ ਕਿਸਾਨਾਂ ਨੂੰ ਦੇਖ ਮੈਨੂੰ ਅਦਮਗੋਂਡਵੀ ਦੇ ਬਹੁਤ ਸਮਾਂ ਪਹਿਲਾਂ ਕਹੇ ਬੋਲ ਯਾਦ ਆਉਂਦੇ ਹਨ, ਜੋ ਅੱਜ ਬਿਲਕੁਲ ਸੱਚ ਨਜਰ ਆਉਂਦੇ ਹਨ ਕਿ....

**‘ਸੌ ਮੇਂ ਸੱਤਰ ਫੀਸਦੀ ਫਿਲਹਾਲ ਜਬ ਨਾਸਾਜ ਹੈਂ**
**ਦਿਲ ਪੇਸ ਰੱਖ ਕਰ ਹਾਥ ਕਹੀਏ ਮੁਲਕ ਕਯਾ**
**ਅਜਾਦ ਹੈ ? ’**

# ਉਹ ਭੋਲੀ ਕੁੜੀ ਦੇ ਨਾਮ

ਮਾਲਵਿੰਦਰ ਤਿਉਣਾ
ਮੋ. 98785-31625

ਜੁਲਾਈ ਮਹੀਨੇ ਵਿੱਚ ਜਦੋਂ ਪੰਜਾਬ ਸੂਬੇ ਵਿੱਚ ਕਰੋਨਾ ਦੇ ਚੱਲਦੇ ਰੇਲ ਗੱਡੀਆਂ ਕਰੀਬ ਮਾਰਚ ਦੇ ਮਹੀਨੇ ਤੋਂ ਬੰਦ ਸਨ ਅਤੇ ਬੱਸਾਂ ਤੇ ਸਫ਼ਰ ਕਰਨਾ ਸਮੇਂ ਦੇ ਪਬੰਦ ਬੰਦੇ ਦੇ ਵੱਸੋਂ ਬਾਹਰੀ ਗੱਲ ਸੀ। ਇਸ ਦਾ ਕਾਰਨ ਇਹ ਸੀ ਜੋ ਸਫ਼ਰ ਇੱਕ ਘੰਟੇ ਵਿੱਚ ਪੂਰਾ ਹੁੰਦਾ ਸੀ। ਉਸ ਸਫ਼ਰ ਲਈ ਡੇਢ ਦੋ ਘੰਟੇ ਬੱਸ ਦੀ ਉਡੀਕ ਕਰਨਾ ਮਮੂਲੀ ਜਿਹੀ ਗੱਲ ਸੀ, ਜਿਸ ਕਾਰਨ ਮੈਂ ਵੀ ਮੋਟਰ ਸਾਇਕਲ ਉਪਰ ਹੀ ਆਪਣੀ ਡਿਊਟੀ ਜਾਣ ਲੱਗਾ।

ਜੁਲਾਈ ਮਹੀਨੇ ਦੇ ਦੂਜੇ ਹਫ਼ਤੇ ਦੇ ਇੱਕ ਦਿਨ ਜਦੋਂ ਮੈਂ ਡਿਊਟੀ ਲਈ ਜਾ ਰਿਹਾ ਸੀ ਤਾਂ ਬਠਿੰਡਾ-ਮਲੋਟ ਰੋਡ ਉਪਰ ਬਠਿੰਡਾ ਤੋਂ ਕਰੀਬ 14 ਕਿਲੋਮੀਟਰ ਦੂਰ ਮੁੱਖ ਸੜਕ ਦੇ ਚਿੱਟੀ ਪੱਟੀ ਤੇ ਇੱਕ ਕੁੜੀ ਬੇਸੁਰਤ ਪਈ ਵੇਖ਼ੀ। ਮੋਟਰਸਾਇਕਲ ਜਿਆਦਾ ਤੇਜ਼ ਹੋਣ ਕਾਰਨ, ਸਰਸਰੀ ਨਿਗਾਹ ਮਾਰੀ ਮੋਟਰ ਸਾਇਕਲ ਤੇਜ ਹੋਣ ਕਾਰਨ ਮਿੰਟਾਂ ਵਿੱਚ ਹੀ ਕਿਲੋਮੀਟਰ ਤੋਂ ਦੂਰ ਚਲਾ ਗਿਆ ਪਰ ਮਨ ਵਿੱਚ, ਉਸ ਸੜਕ ਉਪਰ ਪਏ ਇਨਸਾਨ ਸਬੰਧੀ ਹੀ ਵਿਚਾਰ ਘੁੰਮਣ ਲੱਗੇ। ਜਿਸ ਕਾਰਨ ਕਰੀਬ ਇੱਕ ਡੇਢ ਕਿਲੋਮੀਟਰ ਲੰਘਣ ਤੋਂ ਬਾਅਦ ਵਾਪਸ ਮੁੜ ਆਇਆ। ਉਸ ਨੂੰ ਬੁਲਾਇਆ ਤਾਂ ਉਸ ਨੇ ਅੱਖਾਂ ਖੋਲਣ ਦਾ ਯਤਨ ਕੀਤਾ, ਹੱਥ ਪੈਰ ਹਿੱਲੇ, ਉਸ ਦੀਆਂ ਪੂਰੀਆਂ ਅੱਖਾਂ ਨਾ ਖੁਲੀਆਂ ਅਤੇ ਨਾ ਹੀ ਉਹ ਉਠ ਸਕੀ। ਉਹ ਸੜਕ ਕਿਨਾਰੇ ਚਿੱਟੀ ਪੱਟੀ ਦੇ ਪਾਸੇ ਵੱਡੀ ਸੜਕ ਕਿਨਾਰੇ ਕਰੀਬ ਪੰਦਰਾ ਸੋਲਾ ਸਾਲਾਂ ਦੀ ਕੁੜੀ ਪਈ ਹੋਈ ਸੀ। ਉਸ ਦੀ ਹਾਲਤ ਮੂੰਹੋ ਬੋਲ ਰਹੀ ਸੀ ਕਿ ਉਸ ਨਾਲ ਧੱਕਾ ਹੋਇਆ ਹੈ। ਮੈ ਆਪਣੇ ਮਿੱਤਰ ਨੂੰ ਫੋਨ ਉਪਰ ਇਸ ਸਬੰਧੀ ਜਾਣਕਾਰੀ ਦਿੱਤੀ। ਉਸ ਦੀ ਡਿਊਟੀ ਸਮਾਜ ਸੇਵੀ ਸੰਸਥਾ ਨੂੰ ਫੋਨ ਕਰਨ ਅਤੇ ਇਸ ਲੜਕੀ ਨੂੰ ਹਸਪਤਾਲ ਪਹੁੰਚਾਉਣ ਦੀ ਲਗਾ ਕੇ, ਮੈਂ ਮੁੜ ਆਪਣੇ ਸਫ਼ਰ ਉਪਰ ਚੱਲ ਪਿਆ। ਮੈਂ ਡਿਊਟੀ ਸੀ.ਐਚ.ਸੀ.ਆਲਮਵਾਲਾ ਪਹੁੰਚਦੇ ਸਾਰ ਦੋਸਤ ਨਾਲ ਸੰਪਰਕ ਕੀਤਾ ਤਾਂ ਉਸ ਵੱਲੋਂ ਜਵਾਬ ਆਇਆ ਸੰਸਥਾਂ ਵਾਲਿਆਂ ਨੇ ਕੁੜੀ ਦੇ ਮਾਮਲੇ ਸਬੰਧੀ ਸੁਣ ਕੇ ਕੁੜੀ ਲਿਆਉਣ ਤੋਂ ਜਵਾਬ ਦੇ ਦਿੱਤਾ ਹੈ।

ਬਾਅਦ ਦੁਪਹਿਰ ਕਰੀਬ ਸਵਾ ਤਿੰਨ ਵਜੇਂ ਮੈਂ ਮੁੜ ਘਰ ਆਉਣ ਲਈ ਆਲਮਵਾਲਾ ਤੋਂ ਬਠਿੰਡਾ ਲਈ ਚੱਲ ਪਿਆ। ਬਠਿੰਡਾ ਤੋਂ ਕਰੀਬ ਪੰਦਰਾਂ ਸੋਲਾ ਕਿਲੋਮੀਟਰ ਦੂਰ ਨੰਗੇ ਪੈਰੀ ਤੁਰੀ ਜਾਂਦੀ ਸਵੇਰ ਵਾਲੀ ਕੁੜੀ ਵੇਖ਼ ਕੇ ਮੇਰਾ ਦਿਲੋ ਦਿਮਾਗ ਦੰਗ ਰਹਿ ਗਿਆ। ਹੁਣ ਉਹ ਸਵੇਰ ਵਾਲੀ ਉਸੇ ਥਾਂ ਤੋਂ ਕਰੀਬ ਚਾਰ-ਪੰਜ ਕਿਲੋਮੀਟਰ ਅੱਗੇ ਤੋਂ ਵਾਪਸ ਬਠਿੰਡਾ ਵੱਲ ਜਾ ਰਹੀ ਸੀ। ਮੈਂ ਉਸ ਕੋਲ ਜਾ ਕੇ ਉਸ ਨਾਲ ਗੱਲ ਕਰਨ ਦੀ ਕੋਸ਼ਿਸ ਕੀਤੀ ਪਰ ਉਹ ਬਿਨਾ ਜਵਾਬ ਦਿੱਤੇ ਸੜਕ ਉਪਰ ਤੁਰਦੀ ਰਹੀ। ਉਥੇ ਨੇੜੇ ਪੈਟਰੋਲ ਪੰਪ ਦੇ ਕਾਮਿਆਂ ਨੂੰ ਉਸ ਕੁੜੀ ਵਾਰੇ ਪੁੱਛਿਆ ਤਾਂ ਉਹਨਾਂ ਜਵਾਬ ਦਿੱਤਾ ਕਿ ਉਹਨਾਂ ਨੇ ਵੀ ਇਸ ਕੁੜੀ ਨੂੰ ਅੱਜ ਹੀ ਇੱਥੇ ਵੇਖਿਆ ਹੈ।

ਮੈਂ ਆਪ ਇੱਕ ਸੰਸਥਾ ਦੇ ਪ੍ਰਧਾਨ ਨੂੰ ਫੋਨ ਤੇ ਇਸ ਸਬੰਧੀ ਜਾਣਕਾਰੀ ਦਿੱਤੀ ਤਾਂ ਉਸ ਨੇ ਐਬੂਲੇਸ ਭੇਜਣ ਦੀ ਗੱਲ ਕਹੀ। ਮੈਂ ਇਸ ਦੇ ਨਾਲ ਹੀ ਪੁਲਿਸ ਦੇ 10 92 ਨੰਬਰ ਤੇ ਵੀ ਫੋਨ ਕਰ ਦਿੱਤਾ। ਉਹਨਾਂ ਮੇਰਾ ਨਾਲ ਨੋਟ ਕਰ ਲਿਆ ਅਤੇ ਇਹ ਮਾਮਲੇ ਵਿੱਚ ਮੱਦਦ ਕਰਨ ਦਾ ਭਰੋਸਾ ਦਿੱਤਾ। ਉਸ ਤੋਂ ਬਾਅਦ ਮੈਂ ਕੁੜੀ ਦੇ ਪਿੱਛੇ-ਪਿੱਛੇ ਚੱਲਦਾ ਰਿਹਾ। ਕਰੀਬ ਅੱਧੇ ਘੰਟੇ ਬਾਅਦ ਸੰਸਥਾ ਦੀ ਵੈਨ ਆ ਗਈ। ਉਨਾਂ ਮੈਨੂੰ ਦੱਸਿਆ ਕਿ ਇਹ ਕੁੜੀ ਕੰਮਲੀ ਹੈ। ਜਦੋਂ ਅਸੀ ਇਸ ਨੂੰ ਗੱਡੀ ਵੱਚ ਚੜਾਵਾਂਗੇ। ਇਹ ਸਾਡੇ ਦੰਦੀਆਂ ਵੰਡੇਢੀ। ਉਹਨਾਂ ਦੀ ਸੰਸਥਾ ਪਹਿਲਾਂ ਵੀ ਇੱਕ ਵਾਰੀ ਇਸ ਨੂੰ ਇਸੇ ਤਰਾਂ ਲੈ ਗਈ ਸੀ ਪਰ ਇਹ ਮੁੜ ਭੱਜ ਗਈ। ਮੈਂ ਬੇਨਤੀ ਕੀਤੀ ਕਿ ਇੱਕ ਵਾਰੀ ਮੁੜ ਮੇਰੇ ਕਹਿਣ ਤੇ ਇਸ ਨੂੰ ਲੈ ਕੇ ਜਾਇਆ ਜਾਵੇ। ਉਹਨਾਂ ਵੈਨ ਦੀ ਵਾਰੀ ਖੋਲੀ ਤਾਂ ਕੁੜੀ ਬਿਨਾਂ ਦੇਰੀ ਵੈਨ ਵਿੱਚ ਬੈਠ ਗਈ। ਮੈਂ ਮੁੜ ਪੁਲਿਸ ਨੂੰ ਫੋਨ ਕਰਕੇ ਜਾਣਾਕਰੀ ਦਿੱਤੀ ਤਾਂ ਅੱਗੋ ਫੋਨ ਤੇ ਬੈਠੇ ਭਲੇ ਬੰਦੇ ਨੇ ਭਰੋਸਾ ਦਿੱਤਾ ਕਿ ਇਸ ਨੂੰ ਰੈਣ-ਬਸੇਰੇ ਵਿੱਚ ਭੇਜ ਦਿੱਤਾ ਜਾਵੇਗਾ। ਇਸ ਦੀਆਂ ਫੋਟੋਆਂ ਵੀ ਸੋਸਲ ਮੀਡੀਆ ਤੇ ਪਾ ਦਿੱਤੀਆ ਜਾਣਗੀਆਂ। ਮੈਂ ਫੋਨ ਉਪਰ ਪੁਲਿਸ ਵਾਲੇ ਮੁਲਾਜਮ ਦਾ ਧੰਨਵਾਦ ਕੀਤਾ ਅਤੇ ਮੁੜ ਘਰ ਵੱਲ ਨੂੰ ਚਾਲੇ ਪਾ ਦਿੱਤੇ। ਮੈਂ ਮਨ ਵਿੱਚ ਸੋਚ ਰਿਹਾ ਸੀ ਸਾਡੇ ਸਮਾਜ ਵਿੱਚ ਪਸ਼ੂਆਂ ਦੇ ਰਹਿਣ ਲਈ ਤਾਂ ਹਰੇਕ ਸ਼ਹਿਰ ਕਸਬੇ ਵਿੱਚ ਗਉਸ਼ਾਲਾਵਾਂ ਹਨ ਪਰ ਦਿਮਾਗੀ ਤੌਰ ’ਤੇ ਬਿਮਾਰ ਇਨਸਾਨ, ਇਨਸਾਨਾਂ ਅਤੇ ਸਰਕਾਰਾਂ ਦੇ ਧਿਆਨ ਵਿੱਚ ਕਿਉਂ ਨਹੀਂ ਆ ਰਹੇ ?

# ਸ਼ਾਨ-ਏ-ਸਿੱਖੀ
# ਕਮਾਂਡਰ ਨਿਧਾਨ ਸਿੰਘ ਪੰਜ-ਹੱਥਾ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਸ੍ਰ. ਦੁਲਚਾ ਸਿੰਘ ਜੰਮੂ ਦੇ ਰਾਜਾ ਰਣਜੀਤ ਦਿਓ ਦੀ ਫੌਜ ਵਿਚ ਕੰਮ ਕਰਦਾ ਸੀ। ਉਸ ਦਾ ਪੁੱਤਰ ਰਾਮ ਦਾਤ ਸਿੰਘ ਸ਼ੁਕਰਚਾਰੀਆ ਮਿਸਲ ਵਿਚ ਮਹਾਂ ਸਿੰਘ ਨਾਲ ਜੰਗ ਲੜਦਾ ਰਿਹਾ। ਰਾਮ ਦਾਤ ਦੇ ਪੁੱਤਰ ਰਾਮ ਸਿੰਘ ਨੇ ਸੰਨ 1798 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਕੇ ਜੰਗ ਲੜੀ ਤੇ ਸੰਨ 1799 ਵਿਚ ਲਾਹੌਰ ਉੱਤੇ ਕਬਜ਼ਾ ਕਰਨ ਵਾਲੀ ਟੁਕੜੀ ਵਿਚ ਵੀ ਲੜਿਆ। ਉਸ ਦਾ ਪੁੱਤਰ ਨਿਧਾਨ ਸਿੰਘ ਸੇਵਾਦਾਰ ਵਜੋਂ ਮਹਾਰਾਜੇ ਦੀ ਫੌਜ ਵਿਚ ਸ਼ਾਮਲ ਹੋਇਆ।

ਉਸ ਦੀ ਬਹਾਦਰੀ, ਡੀਲ ਡੌਲ ਅਤੇ ਫੁਰਤੀਲੇਪਨ ਨੂੰ ਵੇਖ ਬੱਬਰ ਸ਼ੇਰ ਹਰੀ ਸਿੰਘ ਨਲੂਏ ਨੇ ਉਸ ਦੇ ਮੋਢੇ ਉੱਤੇ ਹੱਥ ਧਰਿਆ ਤੇ ਸ੍ਰ. ਸ਼ੇਰ ਸਿੰਘ ਨਾਲ ਸੰਨ 1823 ਵਿਚ ਜਹਾਂਗੀਰਾ ਦੀ ਜੰਗ ਵਿਚ ਜੌਹਰ ਵਿਖਾਉਣ ਲਈ ਕਿਹਾ।

ਉਹ ਜੰਗ ਨਿਧਾਨ ਸਿੰਘ ਦੀ ਬਹਾਦਰੀ ਦੇ ਝੰਡੇ ਗੱਡ ਗਈ।

ਉਦੋਂ ਅਫਗਾਨੀ ਫੌਜ ਹਾਰ ਦਾ ਮੂੰਹ ਵੇਖਣ ਬਾਅਦ ਦੁਬਾਰਾ ਹੱਲਾ ਬੋਲਣ ਲਈ ਟੀਹੜੀ ਪਹਾੜੀ ਵੱਲ ਤੁਰ ਪਈ ਸੀ। ਅੱਟਕ ਦੇ ਪੱਛਮ ਵੱਲੋਂ ਤੁਰਦਿਆਂ ਮੁਹੰਮਦ ਆਜ਼ਮ ਖਾਂ, ਜੋ ਅਫ਼ਗਾਨਿਸਤਾਨ ਦਾ ਨਾਜ਼ਮ ਸੀ, ਨੇ ਸਿੱਖਾਂ ਨੂੰ ਢਾਹੁਣ ਲਈ ਨੌਸ਼ਿਹਰਾ ਵੱਲ ਚਾਲੇ ਪਾ ਦਿੱਤੇ।

ਨਲੂਏ ਨੇ ਕੁੱਝ ਗਿਣੇ ਚੁਣੇ ਸਿੰਘਾਂ ਦਾ ਚਾਰਜ ਦੇ ਕੇ ਨਿਧਾਨ ਸਿੰਘ ਅਤੇ ਮਹਾਂ ਸਿੰਘ ਅਕਾਲੀ ਨੂੰ ਉੱਧਰ ਮੋਰਚਾ ਸਾਂਭਣ ਦਾ ਹੁਕਮ ਦਿੱਤਾ। ਵੱਡੀ ਗਿਣਤੀ ਵਿਚ ਹੱਲਾ ਬੋਲਣ ਆਏ ਅਫਗਾਨੀਆਂ ਨੇ ਗਿਣੇ ਚੁਣੇ ਸਿੰਘਾਂ ਉੱਤੇ ਗੋਲੀਆਂ ਤੇ ਤੀਰਾਂ ਦਾ ਮੀਂਹ ਵਸਾ ਦਿੱਤਾ। ਇਸ ਹੱਲੇ ਵਿਚ ਫੂਲਾ ਸਿੰਘ ਅਕਾਲੀ ਵੀ ਕਈ ਹੋਰਨਾਂ ਨਾਲ ਸ਼ਹੀਦ ਹੋ ਗਏ।

ਨਿਧਾਨ ਸਿੰਘ ਨੇ ਵੇਖਿਆ ਕਿ ਵੈਰੀ ਪੂਰਾ ਜ਼ੋਰ ਵਿਖਾ ਰਹੇ ਹਨ। ਇਸੇ ਲਈ ਉਸ ਨੇ ਆਪ ਸਭ ਤੋਂ ਅੱਗੇ ਹੋ ਕੇ ਮੈਦਾਨ ਸਾਂਭ ਲਿਆ। ਪੂਰਾ ਗੱਜ ਕੇ ਜੈਕਾਰਾ ਲਾਉਂਦਿਆਂ ਜਿਵੇਂ ਉਹ ਵੈਰੀਆਂ ਉੱਤੇ ਟੁੱਟ ਕੇ ਪਿਆ, ਇੰਜ ਜਾਪਦਾ ਸੀ ਜਿਵੇਂ ਭੁੱਖਾ ਸ਼ੇਰ ਸ਼ਿਕਾਰ ਉੱਤੇ ਝਪੱਟਾ ਮਾਰ ਰਿਹਾ ਹੋਵੇ।

ਉਸ ਨੇ ਆਪਣੇ ਸਿਪਾਹੀਆਂ ਦੀ ਸ਼ਹਾਦਤ ਨੂੰ ਰੋਕਣ ਲਈ ਜਿੱਥੇ ਲੋੜ ਪਈ, ਆਪ ਓਹਲੇ ਤੋਂ ਬਾਹਰ ਨਿਕਲ ਕੇ ਕਈ ਦੁਸ਼ਮਨਾਂ ਦੇ ਸਿਰ ਝਟਕਾ ਦਿੱਤੇ ਤੇ ਕਈ ਹੱਥੋਪਾਈ ਕਰ ਮਾਰ ਮੁਕਾਏ। ਅਜਿਹਾ ਕਰਦਿਆਂ ਉਸ ਦੇ ਜਿਸਮ ਦਾ ਇੰਚ-ਇੰਚ ਜ਼ਖਮੀ ਹੋ ਗਿਆ। ਦੁਸ਼ਮਨਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਇਸ ਲਈ ਸ੍ਰ. ਹਰੀ ਸਿੰਘ ਨਲੂਏ ਕੋਲੋਂ ਗੋਰਖਾ ਤੇ ਨਜੀਬ ਬਟਾਲੀਅਨ ਦੀ ਮੰਗ ਕੀਤੀ ਗਈ ਜਿਸ ਦੇ ਆਉਣ ਵਿਚ ਕਾਫੀ ਸਮਾਂ ਲੱਗਣਾ ਸੀ।

ਇਹ ਸਮਾਂ ਨਿਧਾਨ ਸਿੰਘ ਨੇ ਜਿਸ ਨਿਡਰਤਾ ਅਤੇ ਬਹਾਦਰੀ ਨਾਲ ਲੰਘਾਇਆ ਤੇ ਦੁਸ਼ਮਨਾਂ ਨੂੰ ਇੱਕ ਇੰਚ ਵੀ ਅਗਾਂਹ ਆਉਣ ਤੋਂ ਰੋਕਿਆ, ਉਹ ਬੇਮਿਸਾਲ ਸਾਬਤ ਹੋ ਗਿਆ।

ਜਦੋਂ ਪਿੱਛੋਂ ਹੋਰ ਬਟਾਲੀਅਨ ਪਹੁੰਚੀ ਅਤੇ ਉਨਾਂ ਨਿਧਾਨ ਸਿੰਘ ਦੀ ਹਾਲਤ ਵੇਖੀ ਤਾਂ ਉਹ ਵੀ ਉਸ ਦੀ ਹਿੰਮਤ ਵੇਖ ਕੇ ਦੰਗ ਰਹਿ ਗਏ। ਸਾਥੀਆਂ ਨੇ ਤਾਂ ਕਹਿਣਾ ਹੀ ਸੀ ਪਰ ਦੁਸ਼ਮਨ ਫੌਜੀ ਵੀ ਕਹਿ ਉੱਠੇ ਕਿ ਖ਼ੌਰੇ ਨਿਧਾਨ ਦੇ ਦੋ ਨਹੀਂ ਪੰਜ ਹੱਥ ਹਨ ਕਿਉਂਕਿ ਜਿਸ ਬਿਜਲੀ ਵਰਗੀ ਤੇਜ਼ੀ ਨਾਲ ਉਹ ਇੱਕ ਨਹੀਂ, ਦੋ ਨਹੀਂ, ਬਲਕਿ ਪੰਜ-ਪੰਜ ਦੁਸ਼ਮਨਾਂ ਨੂੰ ਅੱਖ ਦੇ ਫੋਰ ਵਿਚ ਇੱਕੋ ਸਮੇਂ ਪਟਕਾ ਕੇ ਮਾਰ ਰਿਹਾ ਸੀ, ਉਹ ਕਿਸੇ ਇੱਕ ਬੰਦੇ ਦਾ ਕੰਮ ਹੋ ਹੀ ਨਹੀਂ ਸਕਦਾ। ਮੌਤ ਦਾ ਭੈਅ ਤਾਂ ਉਸ ਦੇ ਨੇੜੇ ਤੇੜੇ ਵੀ ਨਹੀਂ ਸੀ ਛਟਕ ਰਿਹਾ।

ਬੇਖ਼ੌਫ਼ ਨਿਧਾਨ ਨੂੰ ਆਪਣੇ ਵਿੰਨੇ ਹੋਏ ਸਰੀਰ ਦੀ ਪਰਵਾਹ ਹੀ ਨਹੀਂ ਸੀ। ਜ਼ਖ਼ਮਾਂ ਦੀ ਪੀੜ ਉਸ ਨੂੰ ਮਹਿਸੂਸ ਹੀ ਨਹੀਂ ਸੀ ਹੋ ਰਹੀ। ਚੜਦੀ ਕਲਾ ਉਸ ਦੇ ਚਿਹਰੇ ਤੋਂ ਡੁੱਲ-ਡੁੱਲ ਪੈ ਰਹੀ ਸੀ।

ਦੁਸ਼ਮਨਾਂ ਨੇ ਉਸ ਦੇ ਘੋੜੇ ਨੂੰ ਮਾਰ ਮੁਕਾਇਆ ਤਾਂ ਘੇਰੇ ਵਿਚ ਫਸ ਜਾਣ ਬਾਅਦ ਵੀ ਉਸ ਇਕੱਲੇ ਜਾਂਬਾਜ਼ ਨੇ ਆਪਣੀਆਂ ਤਗੜੀਆਂ ਦੋਨਾਂ ਬਾਹਵਾਂ ਵਿਚ ਫੜੀਆਂ ਤਲਵਾਰਾਂ ਨਾਲ ਘੇਰਾ ਪਾ ਕੇ ਖੜੇ ਪੰਜ ਉੱਚੇ ਲੰਮੇ ਪਠਾਣ ਉਨਾਂ ਦੇ ਹਥਿਆਰਾਂ ਸਮੇਤ ਘੜੀਸ ਕੇ ਵੱਢ ਸੁੱਟੇ। ਇਹ ਕੌਤਕ ਅੱਖਾਂ ਸਾਹਮਣੇ ਵੇਖ ਕੇ ਵੀ ਕਿਸੇ ਨੂੰ ਇਤਬਾਰ ਨਹੀਂ ਸੀ ਹੋ ਰਿਹਾ।

ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਨਿਧਾਨ ਸਿੰਘ ਦੇ ਤਾਂਡਵ ਵਾਂਗ ਘੁਮਾਊਦਾਰ ਵਾਰਾਂ ਨੂੰ ਅੱਖੀਂ ਵੇਖਿਆ ਤਾਂ ਉਨਾਂ ਨਿਧਾਨ ਸਿੰਘ ਨੂੰ ਖ਼ਿਤਾਬ ਬਖ਼ਸ਼ਿਆ-'ਪੰਜ-ਹੱਥਾ'! ਮਹਾਰਾਜਾ ਰਣਜੀਤ ਸਿੰਘ ਨੇ ਨਿਧਾਨ ਸਿੰਘ ਨੂੰ ਸੀਨੇ ਨਾਲ ਘੁੱਟ ਕੇ ਲਾ ਕੇ ਐਲਾਨ ਕੀਤਾ ਸੀ, "ਇਹ ਹੈ ਮੇਰਾ ਪੰਜ-ਹੱਥਾ ਸੂਰਮਾ। ਅੱਜ ਇਸ ਨੇ ਖਾਲਸਾਈ ਸ਼ਾਨ ਨੂੰ ਪੰਜ ਗੁਣਾ ਵਧਾ ਦਿੱਤਾ ਹੈ। ਇਸ ਨੂੰ ਸਰਕਾਰੀ ਕਾਗਜ਼ਾਂ ਵਿਚ ਵੀ ਪੰਜ-ਹੱਥਾ ਹੀ ਮੰਨਿਆ ਜਾਏਗਾ।" ਉਸ ਤੋਂ ਬਾਅਦ ਬਹਾਦਰ ਨਿਧਾਨ ਸਿੰਘ ਨੂੰ 'ਨਿਧਾਨ ਸਿੰਘ ਪੰਜ-ਹੱਥਾ' ਕਹਿ ਕੇ ਬੁਲਾਇਆ ਜਾਣ ਲੱਗ ਪਿਆ।

ਜਰਨੈਲ ਨਿਧਾਨ ਸਿੰਘ ਪੰਜ-ਹੱਥਾ ਨੂੰ ਸ਼ੇਰ-ਏ-ਪੰਜਾਬ ਹਮੇਸ਼ਾ ਹੀ ਉਸ ਸਮੇਂ ਨਾਲ ਰੱਖਦੇ ਸਨ ਜਦੋਂ ਕੋਈ ਬਾਹਰੀ ਮੁਲਕ ਦੇ ਨੁਮਾਇੰਦੇ ਜਾਂ ਰਾਜੇ ਮਿਲਣ ਆਉਂਦੇ। ਉਨਾਂ ਨੂੰ ਨਿਧਾਨ ਸਿੰਘ ਦੇ ਸਰੀਰ ਦੇ ਫੱਟ ਵਿਖਾਏ ਜਾਂਦੇ ਤਾਂ ਜੋ ਉਹ ਯਾਦ ਰੱਖਣ ਕਿ ਸਿੱਖ ਰਾਜ ਦੇ ਜੋਧੇ ਕਿਹੋ ਜਿਹੇ ਹੁੰਦੇ ਹਨ।

ਉਸ ਬਾਰੇ ਮਸ਼ਹੂਰ ਸੀ ਕਿ ਅਜਿਹਾ ਤਾਕਤਵਰ ਤੇ ਜਾਂਬਾਜ਼ ਹਜ਼ਾਰਾਂ ਸਾਲਾਂ 'ਚ ਇੱਕ ਹੀ ਪੈਦਾ ਹੁੰਦਾ ਹੈ। ਨਿਧਾਨ ਸਿੰਘ ਨੂੰ ਪੁੱਛੇ ਜਾਣ ਉੱਤੇ ਉਸ ਦਾ ਸਦਾ ਇੱਕ ਹੀ ਜਵਾਬ ਹੁੰਦਾ ਕਿ ਉਸ ਦੀ ਇਹ ਤਾਕਤ ਸਿਰਫ਼ ਸਰੀਰਕ ਨਹੀਂ, ਮਾਨਸਿਕ ਬੁਲੰਦੀ ਵੀ ਨਾਲ ਹੀ ਸ਼ਾਮਲ ਹੈ। ਇਹ ਮਾਨਸਿਕ ਤਾਕਤ ਉਸ ਨੂੰ ਦਸਮ ਪਾਤਸ਼ਾਹ ਵੱਲੋਂ ਬਖ਼ਸ਼ੇ ਇਨਕਲਾਬੀ ਜੈਕਾਰੇ ਰਾਹੀਂ ਸਦਾ ਹਾਸਲ ਹੁੰਦੀ ਰਹਿੰਦੀ ਹੈ।

ਪੰਜ-ਪੰਜ ਪਠਾਣਾਂ ਨੂੰ ਉਨਾਂ ਦੇ ਹਥਿਆਰਾਂ ਸਮੇਤ ਇੱਕੋ ਸਮੇਂ ਕਬਜ਼ੇ ਵਿਚ ਇਕੱਲੇ ਬੰਦੇ ਵੱਲੋਂ ਲੈ ਲੈਣਾ, ਕੋਈ ਖਾਲਾ ਜੀ ਦਾ ਘਰ ਨਹੀਂ ਹੁੰਦਾ। ਆਮ ਬੰਦਾ ਅਜਿਹਾ ਸੋਚ ਵੀ ਨਹੀਂ ਸਕਦਾ।

ਹਰ ਜੰਗ ਵਿਚ ਨਿਧਾਨ ਸਿੰਘ ਪੰਜ-ਹੱਥਾ ਹਮੇਸ਼ਾ ਸਭ ਤੋਂ ਅੱਗੇ ਹੁੰਦਾ ਤੇ ਸਭ ਤੋਂ ਅਖ਼ੀਰ ਵਿਚ ਦੁਸ਼ਮਨਾਂ ਨੂੰ ਮਾਰ ਮੁਕਾ ਕੇ ਹੀ ਵਾਪਸ ਮੁੜਦਾ। ਉਸ ਦਾ ਸਰੀਰ ਹਰ ਜੰਗ ਵਿਚ ਵਿੰਨਿਆ ਜਾਂਦਾ ਪਰ ਉਸ ਕਦੇ ਪਰਵਾਹ ਨਹੀਂ ਕੀਤੀ। ਜੰਗ ਵਿਚਲੇ ਮਿਲੇ ਜ਼ਖ਼ਮਾਂ ਨੂੰ ਉਹ ਟਰਾਫੀਆਂ ਗਿਣਦਾ ਸੀ।

ਸਰੀਰ ਦੇ ਹਰ ਇੰਚ-ਇੰਚ ਉੱਤੇ ਲੱਗੇ ਬਹਾਦਰੀ ਦੇ ਜ਼ਖ਼ਮ, ਜੋ ਡੂੰਘੇ ਨਿਸ਼ਾਨ ਛੱਡ ਗਏ ਸਨ, ਉਨਾਂ ਸਦਕਾ ਕਈ ਜਣੇ ਉਸ ਨੂੰ ਟਰਾਫ਼ੀਆਂ ਵਾਲਾ ਬੱਬਰ ਸ਼ੇਰ ਕਹਿੰਦੇ ਸਨ! ਇਨਾਂ ਜੰਗੀ ਟਰਾਫ਼ੀਆਂ ਨੂੰ ਉਹ ਬੜੇ ਫ਼ਖ਼ਰ ਨਾਲ ਹਰ ਕਿਸੇ ਨੂੰ ਵਿਖਾਉਂਦਾ ਸੀ।

ਇੱਕ ਵਾਰ ਸ਼ੇਰ-ਏ-ਪੰਜਾਬ ਨੂੰ ਗਵਰਨਰ ਜਨਰਲ ਲਾਹੌਰ ਮਿਲਣ ਆਇਆ ਤਾਂ ਉਸ ਨੇ ਨਿਧਾਨ ਸਿੰਘ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਜਦੋਂ ਉਸ ਨੇ ਨਿਧਾਨ ਸਿੰਘ ਨੂੰ ਵੇਖਿਆ ਤਾਂ ਹੈਰਾਨ ਹੋ ਗਿਆ ਕਿ ਇਸ ਦੇ ਤਾਂ ਦੋ ਹੀ ਹੱਥ ਹਨ। ਇਸ ਨੂੰ ਪੰਜ-ਹੱਥਾ ਕਿਉਂ ਕਿਹਾ ਜਾਂਦਾ ਹੈ?

ਇਸ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਹੱਸ ਕੇ ਕਿਹਾ, "ਸ਼ੁਕਰ ਕਰ ਤੈਨੂੰ ਇਸ ਦੇ ਪੰਜ ਹੱਥ ਵੇਖਣ ਦਾ ਮੌਕਾ ਨਹੀਂ ਮਿਲਿਆ। ਜੇ ਇਸ ਨੇ ਵਿਖਾ ਦਿੱਤੇ ਤਾਂ ਤੂੰ ਦੁਨੀਆ ਵੇਖਣ ਜੋਗਾ ਹੀ ਨਹੀਂ ਰਹਿਣਾ। ਇਹ ਸੂਰਮਾ ਤਾਂ ਹਾਥੀਆਂ ਦੀਆਂ ਹਿੱਕਾਂ ਵੀ ਇੱਕੋ ਹੱਥ ਨਾਲ ਚੀਰ ਦਿੰਦਾ ਹੈ। ਇਹੋ ਜਿਹੇ ਜੋਧਿਆਂ ਦੀਆਂ ਹਿੱਕਾਂ ਉੱਤੇ ਹੀ ਖਾਲਸਾ ਰਾਜ ਟਿਕਿਆ ਹੈ। ਜਦ ਤੱਕ ਇਹੋ ਜਿਹੇ ਸਿਰੜ ਸਿਰ ਖਾਲਸਾ ਰਾਜ ਵਿਚ ਹਨ, ਕਿਸੇ ਵੈਰੀ ਦੀ ਅੱਖ ਇਸ ਪਾਸੇ ਝਾਕ ਵੀ ਨਹੀਂ ਸਕਣ ਲੱਗੀ।"

ਨਿਧਾਨ ਸਿੰਘ ਨੂੰ 'ਗੁੱਡਵਿੱਲ ਮਿਸ਼ਨ' ਤਹਿਤ ਸ਼ਿਮਲੇ ਵਿਚ ਸੰਨ 1831 ਵਿਚ ਲੌਰਡ ਵਿਲੀਅਮ ਬੈਨਟਿੰਗ ਨਾਲ ਮੁਲਾਕਾਤ ਕਰਨ ਵੀ ਬਤੌਰ ਮੈਂਬਰ ਭੇਜਿਆ ਗਿਆ।

ਸੰਨ 1834 ਵਿਚ ਉਹ ਕੰਵਰ ਨੌਨਿਹਾਲ ਸਿੰਘ, ਸ੍ਰ. ਹਰੀ ਸਿੰਘ ਨਲੂਆ ਤੇ ਜਨਰਲ ਵੈਨਚੂਰਾ ਨਾਲ ਪੇਸ਼ਾਵਰ ਵੀ ਗਿਆ।

ਪੇਸ਼ਾਵਰ ਉੱਤੇ ਸਿੰਘਾਂ ਦੇ ਕਬਜ਼ੇ ਬਾਅਦ ਨਿਧਾਨ ਸਿੰਘ ਪੰਜ-ਹੱਥਾ ਨੂੰ ਸ੍ਰ. ਹਰੀ ਸਿੰਘ ਨਲੂਏ ਨੇ ਆਪਣੇ ਨਾਲ ਹੀ ਰੱਖਿਆ। ਫਿਰ ਸੰਨ 1837 ਵਿਚ ਜਮਰੂਦ ਦੀ ਜੰਗ ਵਿਚ ਵੀ 'ਪੰਜ-ਹੱਥਾ' ਦੇ ਬਾਕਮਾਲ ਜੌਹਰ ਵੇਖਣ ਨੂੰ ਮਿਲੇ।

ਸੰਨ 1839 ਦੇ ਮਈ ਵਿਚ ਪੰਜ-ਹੱਥਾ ਬੇਮਿਸਾਲ ਜੋਧਾ ਇਸ ਦੁਨੀਆ ਨੂੰ ਸਦਾ ਲਈ ਅਲਵਿਦਾ ਕਹਿ ਗਿਆ। ਉਸ ਦੇ ਤੁਰ ਜਾਣ ਬਾਅਦ ਵੀ ਇੱਕ ਸਦੀ ਤੱਕ ਉਸ ਨਿਆਰੇ ਸੰਤ ਸਿਪਾਹੀ ਦੀ ਬਹਾਦਰੀ ਦੇ ਕਿੱਸੇ ਮਾਵਾਂ ਆਪਣੇ ਪੁੱਤਰਾਂ ਨੂੰ ਸੁਣਾਉਂਦੀਆ ਰਹੀਆਂ।

ਉਨਾਂ ਕਿੱਸਿਆਂ ਵਿਚ ਇਹ ਕਿੱਸਾ ਵੀ ਸ਼ਾਮਲ ਕੀਤਾ ਜਾਂਦਾ ਸੀ-ਅਫ਼ਗਾਨਾਂ ਦਾ ਬਹੁਤ ਬਹਾਦਰ ਜਰਨੈਲ ਖ਼ਾਨ ਮੁਹੰਮਦ ਸੰਨ 1823 ਦੀ ਲੜਾਈ ਵਿਚ ਸ਼ਾਮਲ ਸੀ। ਉਸ ਦੀ ਚਰਚਾ ਪੂਰੇ ਅਫ਼ਗਾਨਿਸਤਾਨ ਵਿਚ ਸੀ ਕਿ ਉਸ ਅੱਗੇ ਖੜਾ ਹੋਣ ਵਾਲਾ ਸੂਰਮਾ ਹਾਲੇ ਤੱਕ ਜੰਮਿਆ ਹੀ ਨਹੀਂ। ਉਸ ਦਾ ਦਬਦਬਾ ਏਨਾ ਸੀ ਕਿ ਕਿਸੇ ਅਫ਼ਗਾਨ ਫੌਜੀ ਦਾ ਉਸ ਦੇ ਚਿਹਰੇ ਵੱਲ ਵੇਖਣ ਦਾ ਹੀਆ ਨਹੀਂ ਸੀ ਪੈਂਦਾ। ਉਸ ਜੰਗ ਵਿਚ ਇੱਕ ਮੌਕੇ ਨਿਧਾਨ ਸਿੰਘ ਤੇ ਖ਼ਾਨ ਮੁਹੰਮਦ ਆਹਮੋ ਸਾਹਮਣੇ ਹੋ ਗਏ। ਦੋਨਾਂ ਸੂਰਮਿਆਂ ਦੀ ਤੇਗ਼ ਦੇ ਜੌਹਰ ਵੇਖਣ ਲਈ ਬਾਕੀ ਫੌਜੀ ਸਾਹ ਰੋਕ ਕੇ ਖਲੋ ਗਏ। ਭਲਾ ਕਿੰਨੀ ਦੇਰ ਪੰਜ-ਹੱਥੇ ਅੱਗੇ ਦੋ ਹੱਥਾਂ ਵਾਲਾ ਟਿਕਦਾ? ਨਿਧਾਨ ਸਿੰਘ ਦੀ ਤੇਗ਼ ਖ਼ਾਨ ਮੁਹੰਮਦ ਦੇ ਸੀਨੇ ਨੂੰ ਚੀਰ ਗਈ ਤੇ ਉਹ ਠਾਹ ਕਰ ਕੇ ਜ਼ਮੀਨ ਉੱਤੇ ਡਿੱਗ ਪਿਆ। ਪੂਰੀ ਅਫਗਾਨੀ ਫੌਜ ਹੀ ਇਹ ਦ੍ਰਿਸ਼ ਵੇਖ ਕੇ ਹਿੰਮਤ ਛੱਡ ਗਈ ਸੀ।

ਹੁਣ ਵੀ ਹਰ ਸਾਲ ਮਈ ਦਾ ਮਹੀਨਾ ਆਉਂਦਾ ਹੈ ਪਰ ਅਫ਼ਸੋਸ ਕਿ ਇਸ ਬੇਮਸਾਲ ਜੰਗੀ ਟਰਾਫ਼ੀਆਂ ਵਾਲੇ ਪੰਜ-ਹੱਥੇ ਜੋਧੇ ਨੂੰ ਕੋਈ ਯਾਦ ਨਹੀਂ ਕਰਦਾ। ਚਾਰ ਪੁਸ਼ਤਾਂ ਤੱਕ ਜੰਗ ਵਿਚ ਹਿੱਸਾ ਲੈਣ ਵਾਲੇ ਟੱਬਰ ਨੂੰ ਇਤਿਹਾਸ ਦੇ ਪੰਨਿਆਂ ਨੇ ਤਾਂ ਜ਼ਿੰਦਾ ਰੱਖਿਆ ਹੈ ਪਰ ਅੱਜ ਦੇ ਵਿਖਾਵਾ ਕਰਨ ਵਾਲੇ ਸਮਾਜ ਨੇ ਉੱਕਾ ਹੀ ਵਿਸਾਰ ਦਿੱਤਾ ਹੈ।

ਇਤਿਹਾਸ ਨੂੰ ਜ਼ਿੰਦਾ ਰੱਖਣ ਨਾਲ ਹੀ ਅਸੀਂ ਕੌਮ ਦੇ ਲਹੂ ਨੂੰ ਗਰਮਾ ਸਕਦੇ ਹਾਂ ਅਤੇ ਉਨਾਂ ਦੇ ਵਾਰਸ ਅਖਵਾਉਣ ਦਾ ਮਾਣ ਹਾਸਲ ਕਰ ਸਕਦੇ ਹਾਂ। ਅੱਜ ਦੇ ਸਮੇਂ ਦੀ ਲੋੜ ਹੈ ਕਿ ਆਪਣੇ ਨੌਜਵਾਨਾਂ ਨੂੰ ਸੂਰਮੇ ਪੰਜ-ਹੱਥੇ ਨਿਧਾਨ ਸਿੰਘ ਬਾਰੇ ਜ਼ਰੂਰ ਜਾਣਕਾਰੀ ਦਿੰਦੇ ਰਹੀਏ ਤੇ ਉਸ ਦੀ ਯਾਦਗਾਰ ਬਣਾ ਕੇ ਰਹਿੰਦੀ ਦੁਨੀਆ ਤੱਕ ਉਸ ਨੂੰ ਅਮਰ ਕਰ ਦੇਈਏ।

ਇਹੀ ਢੰਗ ਹੈ ਪੂਰੀ ਦੁਨੀਆ ਨੂੰ ਦੱਸਣ ਦਾ ਕਿ ਕਿਹੋ ਜਿਹੇ ਮਹਾਨ ਜੋਧਿਆਂ ਨੇ ਆਪਣੇ ਸਿਰਾਂ ਉੱਤੇ ਖਾਲਸਾ ਰਾਜ ਸਥਾਪਿਤ ਕੀਤਾ ਸੀ, ਜਿਸ ਨੇ ਚੀਨ ਵਰਗੇ ਮੁਲਕ ਨੂੰ ਵੀ ਸੰਧੀ ਕਰਨ ਉੱਤੇ ਮਜਬੂਰ ਕਰ ਦਿੱਤਾ ਸੀ।

*ਬੱਚਿਆਂ ਦੀ ਮਾਹਰ,
28,ਪ੍ਰੀਤ ਨਗਰ,ਲੋਅਰ ਮਾਲ
ਪਟਿਆਲਾ।
ਫੋਨ ਨੰ: 0175-2216783

# ਪ੍ਰਸਿੱਧ ਢਾਡੀ ਜਥਾ ਭਾਈ ਜਸਦੀਪ ਸਿੰਘ ਨਾਗਰਾ



**ਤਸਵਿੰਦਰ ਸਿੰਘ ਬੜੈਚ**
**ਪਿੰਡ ਦੀਵਾਲਾ, ਤਹਿਸੀਲ ਸਮਰਾਲਾ (ਲੁਧਿ:)**
**75279 31887**

ਭਾਈ ਜਸਦੀਪ ਸਿੰਘ ਦਾ ਜਨਮ ਸ੍ਰੀਮਤੀ ਗਿਆਨ ਕੌਰ ਦੀ ਕੁੱਖੋਂ ਸ. ਮਹਿੰਗਾ ਸਿੰਘ ਦੇ ਗ੍ਰਹਿ ਪਿੰਡ ਮਹਿੰਦਪੁਰ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ, ਨਵਾਂ ਸ਼ਹਿਰ ਵਿਖੇ ਹੋਇਆ। ਪ੍ਰਸਿੱਧ ਪੰਜਾਬੀ ਗਾਇਕ ਲਾਭ ਹੀਰਾ ਅਤੇ ਢਾਡੀ ਦਇਆ ਸਿੰਘ ਦਿਲਵਰ ਵੱਲੋਂ ਮਿਲੇ ਥਾਪੜੇ ਸਦਕਾ ਆਪ ਨੇ ਢਾਡੀ ਕਲਾ 'ਚ ਪ੍ਰਵੇਸ਼ ਕੀਤਾ ਅਤੇ ਗਿਆਨੀ ਅਜੀਤ ਸਿੰਘ ਅਜੀਤ ਅਤੇ ਗਿਆਨੀ ਹੁਸਨ ਸਿੰਘ ਰਾਹੀ ਤੋਂ ਪ੍ਰਚਾਰਕ ਵਿੱਦਿਆ ਸਿੱਖਣੀ ਸ਼ੁਰੂ ਕੀਤੀ। ਦੋਨਾਂ ਵਿਦਵਾਨਾਂ ਤੋਂ ਆਪ ਨੇ ਪ੍ਰਚਾਰਕ ਦੀ ਵਿੱਦਿਆ ਬੜੇ ਸ਼ੌਕ ਤੇ ਲਗਨ ਨਾਲ ਹਾਸਲ ਕੀਤੀ ਤੇ ਪ੍ਰਤਿਭਾ ਨੂੰ ਨਵਾਂ ਰੰਗ ਚੜ ਗਿਆ। ਇਸ ਦੇ ਬਾਅਦ ਆਪ ਨੇ ਪ੍ਰਸਿੱਧ ਗੀਤਕਾਰ ਤੇ ਢਾਡੀ ਬਲਕਾਰ ਸਿੰਘ ਕੁੱਕੜਮਜਾਰਾ ਅਤੇ ਸਾਰੰਗੀ ਵਾਦਕ ਭਾਈ ਲੱਛਮਣ ਸਿੰਘ ਚੋਪੜਾ ਪੈਲੀ ਵਾਲੇ (ਜਿਨਾਂ ਨੇ ਪ੍ਰਸਿੱਧ ਢਾਡੀ ਸਵ: ਅਮਰ ਸਿੰਘ ਸ਼ੌਂਕੀ ਦੇ ਜਥੇ ਵਿਚ ਵੀਹ ਸਾਲ ਸੇਵਾ ਨਿਭਾਈ ਤੇ ਬਾਅਦ ਵਿਚ ਢਾਡੀ ਜਸਦੀਪ ਸਿੰਘ ਨਾਗਰਾ ਦੇ ਜਥੇ ਵਿਚ ਵੀ ਪੰਜ ਸਾਲ ਸੇਵਾ ਨਿਭਾਈ) ਨਾਲ ਮਿਲ ਕੇ ਆਪਣਾ ਜਥਾ ਬਣਾਇਆ। ਇਸ ਜਥੇ ਨੂੰ ਸੰਗਤਾਂ ਦਾ ਭਰਵਾਂ ਪਿਆਰ ਮਿਲਿਆ ਤੇ ਆਪ ਦੇ ਜਥੇ ਨੇ ਪੰਜਾਬ ਦੇ ਵੱਖ ਵੱਖ ਕੋਨਿਆਂ 'ਚ ਢਾਡੀ ਕਲਾ ਦੀਆਂ ਖ਼ੁਸ਼ਬੋਆਂ ਨੂੰ ਬਿਖੇਰਿਆ ਅਤੇ ਸਿੱਖ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ। ਢਾਡੀ ਜਸਦੀਪ ਸਿੰਘ ਨਾਗਰਾ ਦਾ ਜਥਾ ਗੁਰਬਾਣੀ ਦੇ ਪ੍ਰਚਾਰ ਲਈ ਨਿਰੰਤਰ ਯਤਨਸ਼ੀਲ ਹੈ। ਆਪ ਦਾ 'ਭਾਈ ਜਸਦੀਪ ਸਿੰਘ ਨਾਗਰਾ' ਦੇ ਨਾਂਅ ਨਾਲ ਜਾਣਿਆ ਜਾਂਦਾ ਢਾਡੀ ਜਥਾ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟ ਕੇ ਅੱਜ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਰਿਹਾ। ਆਪ ਦੇ ਜਥੇ ਵੱਲੋਂ ਦੂਰਦਰਸ਼ਨ ਕੇਂਦਰ ਜਲੰਧਰ ਦੇ ਪ੍ਰੋਗਰਾਮ 'ਚਮਕਦੇ ਤਾਰੇ' ਵਿਚ ਵੀ ਹਾਜ਼ਰੀ ਭਰੀ ਗਈ। ਭਾਈ ਜਸਦੀਪ ਸਿੰਘ ਨਾਗਰਾ ਦੇ ਜਥੇ ਨੇ ਇਕ ਧਾਰਮਿਕ ਕੈਸਿਟ 'ਰੰਗੜ ਦੀ ਬਲੀ' ਵੀ ਸੰਗਤਾਂ ਦੇ ਰੂ-ਬਰੂ ਕੀਤੀ, ਜਿਸ ਨੂੰ ਮਣਾਂ ਮੂੰਹੀਂ ਪਿਆਰ ਨਸੀਬ ਹੋਇਆ। ਇਸ ਕੈਸਿਟ ਨੂੰ ਐੱਚ ਵਨ ਵਾਈ ਇੰਟਰਟੇਨਮੈਂਟ ਕੰਪਨੀ ਨੇ ਰੀਲੀਜ਼ ਕੀਤਾ ਹੈ। ਇਸ ਕੈਸਿਟ ਦਾ ਵੀਡੀਓ ਹਨੀ ਹਰਦੀਪ ਨੇ ਤਿਆਰ ਕੀਤਾ ਹੈ। ਇਹ ਜਥਾ ਕਈ ਸਿੰਗਲ ਟਰੈਕ ਵੀ ਸਰੋਤਿਆਂ ਦੀ ਝੋਲੀ ਪਾ ਚੁੱਕਾ ਹੈ, ਜਿਨਾਂ 'ਚ 'ਕੀ ਮਾਪਿਆਂ ਨੇ ਖੱਟਿਆ',



'ਪੁੱਤਰਾ ਤੈਨੂੰ ਜੰਮਕੇ ਵੇ', 'ਬਿਨਾਂ ਵੀਜੇ ਤੋਂ ਨਨਕਾਣਾ', 'ਧੰਨ ਧੰਨ ਬਾਬਾ ਗੁਰਦਿੱਤਾ ਜੀ' (ਕੰਪਨੀ ਸਰਬ ਸਾਂਝੀ ਗੁਰਬਾਣੀ), 'ਪੁੱਤ ਜਿਨਾਂ ਦੇ ਫੌਜੀ', 'ਨਾਅਰਾ ਇੰਨਕਲਾਬ ਦਾ', 'ਧੀਆਂ', 'ਨਸ਼ਿਆਂ ਦਾ ਕਰਕੇ ਤਿਆਗ ਵੀਰਿਓ, ਪਹਿਰਾ ਦਿਓ ਭਿੰਡਰਾਂਵਾਲਿਆਂ ਦੀ ਸੋਚ 'ਤੇ', 'ਰਾਖੀ ਕੌਮ ਦੀ', 'ਮਾਂ ਤੇ ਪਿਉ ਕਿਸੇ ਵੀ ਪੁੱਤ ਦੇ ਹਿੱਸੇ ਆਏ ਨਾ' ( ਗੀਤਕਾਰ ਜ਼ਿੰਦ ਸਵਾੜਾ) ਆਦਿ ਪ੍ਰਮੁੱਖ ਹਨ। ਢਾਡੀ ਕਲਾ ਦੇ ਖੇਤਰ 'ਚ ਭਾਈ ਜਸਦੀਪ ਸਿੰਘ ਨਾਗਰਾ ਦੇ ਢਾਡੀ ਜਥੇ ਨੂੰ ਵੱਖ ਵੱਖ ਧਾਰਮਿਕ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾ ਚੁੱਕਾ ਹੈ। ਇਕ ਵਿਦਵਾਨ, ਸਮਝਦਾਰ, ਸੁਲਝੇ ਤੇ ਪਿਆਰ ਵਾਲੇ ਪ੍ਰਚਾਰਕ ਭਾਈ ਜਸਦੀਪ ਸਿੰਘ ਨਾਗਰਾ ਆਪਣੀ ਹਮਸਫ਼ਰ ਜਸਪਾਲ ਕੌਰ ਦੇ ਧੰਨਵਾਦੀ ਹਨ, ਜਿਨਾਂ ਨੇ ਹਰ ਕਦਮ 'ਤੇ ਸਾਥ ਦਿੱਤਾ। ਖੁੱਲਦਿਲੇ ਸੁਭਾਅ ਵਾਲਾ ਤੇ ਹਰ ਇਕ ਨਾਲ ਯਾਰੀ ਗੰਢ ਬਹਿਣ ਵਾਲਾ, ਅੱਜ ਆਪਣੀ ਧਰਮ ਪਤਨੀ ਜਸਪਾਲ ਕੌਰ, ਬੇਟੇ ਜਸਕਰਨ ਸਿੰਘ ਨਾਗਰਾ ਅਤੇ ਬੇਟੀ ਤਰਨਪ੍ਰੀਤ ਕੌਰ ਸਮੇਤ ਘਰ ਦੀ ਇਕ ਛੱਤ ਥੱਲੇ ਸਾਰਾ ਪਰਿਵਾਰ ਉਸ ਮਾਲਕ ਦੀ ਰਜ਼ਾ ਵਿਚ ਵਧੀਆ ਦਿਨ ਕੱਟ ਰਿਹਾ ਹੈ। ਭਾਈ ਜਸਦੀਪ ਸਿੰਘ ਨਾਗਰਾ ਦੇ ਮੌਜੂਦਾ ਜਥੇ 'ਚ ਢਾਡੀ ਮੇਜਰ ਸਿੰਘ ਹੀਰਾ ਮਹਿੰਦਪੁਰੀ (ਜਿਨਾਂ ਨੇ ਪ੍ਰਸਿੱਧ ਢਾਡੀ ਸਵ: ਦਇਆ ਸਿੰਘ ਦਿਲਵਰ ਦੇ ਨਾਲ ਸੇਵਾ ਨਿਭਾਈ ਤੇ 18 ਵਾਰ ਵਿਦੇਸ਼ਾਂ ਵਿਚ ਵੀ ਗਏ), ਢਾਡੀ ਭਾਈ ਬਲਕਾਰ ਸਿੰਘ ਕੁੱਕੜਮਜਾਰਾ (ਪ੍ਰਸਿੱਧ ਗੀਤਕਾਰ) ਅਤੇ ਸਾਰੰਗੀ ਮਾਸਟਰ ਭਾਈ ਮਦਨ ਸਿੰਘ ਮੁਸਾਫਰ ਸਿੰਬਲ ਮਜਾਰਾ (ਜਿਨਾਂ ਨੇ ਲੋਕ ਗਾਇਕ ਮਨਮੋਹਣ ਵਾਰਿਸ ਦੇ ਗਾਏ ਗਾਣੇ 'ਰਾਣੀ ਸੁੰਦਰਾਂ' 'ਚ ਸਾਰੰਗੀ ਦੀ ਸੇਵਾ ਨਿਭਾਈ) ਸਾਥ ਦੇ ਰਹੇ ਹਨ।

# ਗੁਰੂ ਰਵਿਦਾਸ ਦੀ ਇਤਿਹਾਸਕ ਭੂਮਿਕਾ ਤੇ ਬੇਗਮਪੁਰਾ

## ਗੁਰਪੁਰਬ ਉੱਪਰ ਵਿਸ਼ੇਸ਼ : 27 ਫਰਵਰੀ



- ਬਘੇਲ ਸਿੰਘ ਧਾਲੀਵਾਲ

99142-58142

ਗੁਰੂ ਰਵਿਦਾਸ ਜੀ ਦਾ ਜਨਮ 1376 ਈ. ਵਿੱਚ ਪਿਤਾ ਰਘੂ ਰਾਇ ਤੇ ਮਾਤਾ ਕਰਮਾ ਦੇਵੀ ਦੇ ਘਰ ਹੋਇਆ। ਉਨਾਂ ਦੀ ਬਾਣੀ 'ਚੋਂ ਇਹ ਪ੍ਰਸ਼ਟੀ ਹੁੰਦੀ ਹੈ ਕਿ ਉਹ ਬਨਾਰਸ ਦੇ ਆਸ-ਪਾਸ ਮਰੇ ਹੋਏ ਢੋਰ ਢੋਣ ਤੇ ਉਨਾਂ ਨੂੰ ਸਮੇਟਣ ਦਾ ਕੰਮ ਕਰਦੇ ਸਨ। ਗੁਰੂ ਰਵਿਦਾਸ ਦਾ ਜਨਮ ਸੰਮਤ ਮਾਘ ਸੁਦੀ ਪੰਦਰਾਂ 1433 ਬਿਕਰਮੀ ਸੰਮਤ ਦਿਨ ਐਤਵਾਰ ਨੂੰ ਹੋਇਆ। ਉਨਾਂ ਅਧਿਆਤਮਕ ਪ੍ਰਾਪਤੀਆਂ ਕਰਕੇ ਅਦੁੱਤੀ ਵਡਿਆਈ ਪ੍ਰਾਪਤ ਕੀਤੀ। ਵਰਣ-ਵੰਡ ਦੇ ਸਮਰਥਕ ਬ੍ਰਾਹਮਣੀ ਸਮਾਜ ਨੇ ਉਨਾਂ ਦਾ ਸਖ਼ਤ ਵਿਰੋਧ ਕੀਤਾ। ਗੁਰੂ ਰਵਿਦਾਸ ਦੇ ਵਿਅਕਤੀਤਵ ਬਹੁਪੱਖੀ ਮੰਨਿਆ ਗਿਆ ਹੈ। ਉਹ ਸੱਚ ਦੇ ਉਪਾਸਕ, ਜਾਤ-ਪਾਤ ਵਿਰੋਧੀ, ਸਾਦਗੀ ਦੇ ਪੁੰਜ, ਕਰਮ ਨੂੰ ਹੀ ਧਰਮ ਮੰਨਣ ਵਾਲੇ ਅਤੇ ਨਿਮਰਤਾ ਦੇ ਪ੍ਰਤੀਕ ਸਨ। ਗੁਰੂ ਰਵਿਦਾਸ ਦੇ 40 ਪਦ (ਸ਼ਬਦ) ਅਤੇ ਇੱਕ ਦੋਹਾ (ਸਾਖੀ) ਜਾਂ ਸਲੋਕ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹ ਸਾਰੇ ਸ਼ਬਦ ਸੋਲਾਂ ਰਾਗਾਂ ਵਿੱਚ ਅੰਕਿਤ ਹਨ। ਇਹ ਰਾਗ ਇਸ ਤਰਾਂ ਹਨ: ਸਿਰੀ, ਗਾਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਓ, ਬਸੰਤ ਅਤੇ ਮਲਾਰ। ਭਗਤ ਰਵਿਦਾਸ ਦੀ ਰਚਨਾ ਕਾਵਿ-ਗੁਣਾਂ ਨਾਲ ਭਰਪੂਰ ਹੈ। ਉਹ ਪ੍ਰਮਾਤਮਾ ਨੂੰ ਕਣ-ਕਣ ਵਿੱਚ ਅਨੁਭਵ ਕਰਦੇ ਸਨ।

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**
**ਕਨਕ ਕਟਿਕ ਜਲ ਤਰੰਗ ਜੈਸਾ॥**

ਉਹ ਰੱਬ ਨੂੰ ਸਰਵ-ਉੱਚ ਮੰਨਦੇ ਸਨ। ਉਨਾਂ ਅਨੁਸਾਰ ਜੀਵ ਰੂਪੀ ਪੰਛੀ ਹੱਡ-ਮਾਸ ਦੇ ਪਿੰਜਰੇ ਵਿੱਚ ਨਿਵਾਸ ਕਰਦਾ ਹੈ।

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥**

ਮਨੁੱਖੀ ਦੇਹੀ ਕੀਮਤੀ ਦਾਤ ਹੈ, ਇਸ ਨੂੰ ਵਿਅਰਥ ਨਹੀਂ ਗਵਾਉਣਾ ਚਾਹੀਦਾ। ਗੁਰੂ ਰਵਿਦਾਸ ਦਾ ਫੁਰਮਾਨ ਹੈ:

**ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥**

ਉਨਾਂ ਦੀ ਬਾਣੀ ਵਿੱਚ ਲਿਖਿਆ ਹੈ ਕਿ ਹਿਰਨ, ਮੱਛੀ, ਪਤੰਗੇ ਅਤੇ ਹਾਥੀ ਨੂੰ ਇੱਕ-ਇੱਕ ਵਿਕਾਰ ਕਰਕੇ ਮਰਨਾ ਪੈਂਦਾ ਹੈ ਪਰ ਮਨੁੱਖ ਵਿੱਚ ਤਾਂ ਪੰਜ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਵਿਕਾਰ ਹਨ। ਉਸ ਦਾ ਕੀ ਹਸ਼ਰ ਹੋਵੇਗਾ? ਮਾਇਆ ਦੇ ਪ੍ਰਭਾਵ ਕਾਰਨ ਮਨੁੱਖ ਚੰਚਲ ਮਨ ਦੇ ਪਿੱਛੇ ਹੀ ਲੱਗ ਜਾਂਦਾ ਹੈ।

**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥**
**ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥**
**ਜਬ ਕਛੁ ਪਾਵੈ ਗਰਬੁ ਕਰਤੁ ਹੈ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ॥**

ਜਿਉਂਦੇ ਜੀਅ ਮਨੁੱਖ ਨੂੰ ਪਰਿਵਾਰ, ਰਿਸ਼ਤੇਦਾਰ ਤੇ ਸਮਾਜ ਆਪਣਾ-ਆਪਣਾ ਕਹਿੰਦੇ ਹਨ ਪਰ ਸੱਚ ਇਹ ਹੈ ਕਿ ਜਦ ਮਨੁੱਖ ਮਰ ਜਾਂਦਾ ਹੈ ਤਾਂ ਸਕੇ ਸਬੰਧੀ ਉਸ ਦੀ ਲਾਸ਼ ਤੋਂ ਵੀ ਨਫ਼ਰਤ ਕਰਦੇ ਹਨ ਤੇ ਦੂਰ ਭੱਜਦੇ ਹਨ।

**ਘਰ ਕੀ ਨਾਰਿ ਉਰਹਿ ਤਨ ਲਾਗੀ॥**
**ਉਹ ਤਉ ਭੂਤੁ ਭੂਤੁ ਕਰਿ ਭਾਗੀ॥**

ਗੁਰੂ ਰਵਿਦਾਸ ਦੀ ਨੇ ਜਗਤ ਨੂੰ ਮਿਥਿਆ ਮੰਨਿਆ ਹੈ। ਗੁਰੂ ਜੀ ਨੇ ਮਨੁੱਖੀ ਜਗਤ ਦੀ ਤੁਲਨਾ ਕਸੁੰਭੇ ਦੇ ਫੁੱਲ ਨਾਲ ਕੀਤੀ ਹੈ।

**ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥**
**ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥**

**ਬੇਗਮਪੁਰਾ ਦਾ ਸੰਕਲਪ**

ਗੁਰੂ ਰਵਿਦਾਸ ਦਾ ਬੇਗਮਪੁਰਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 345 'ਤੇ ਦਰਜ਼ ਹੈ ਜਿਸ ਵਿਚ ਆਦਰਸ਼ਵਾਦੀ ਸਟੇਟ ਦੀ ਸਿਰਜਣਾ ਦੀ ਗੱਲ ਕੀਤੀ ਗਈ ਹੈ। ਗੁਰੂ ਰਵਿਦਾਸ ਜੀ ਦਾ ਇਹ ਸ਼ਬਦ, ਜਿਵੇਂ ਕਿ ਇਸ ਦੇ ਨਾਮ 'ਬੇਗਮਪੁਰਾ' ਤੋਂ ਹੀ ਸਪੱਸ਼ਟ ਹੈ, ਅਜਿਹੇ ਸਥਾਨ, ਸ਼ਹਿਰ, ਸਮਾਜ, ਦੇਸ਼ ਜਾਂ ਰਾਜ ਦਾ ਸੰਕਲਪ ਹੈ ਜਿਸ ਵਿਚ ਕਿਸੇ ਕਿਸਮ ਦਾ ਕੋਈ ਗ਼ਮ ਨਾ ਹੋਵੇ, ਹਰ ਤਰਾਂ ਦੇ ਗ਼ਮ ਤੋਂ ਸੁਰਖ਼ਰੂ। ਇਹ ਅਜਿਹੇ ਸਥਾਨ ਦੀ ਪ੍ਰਾਪਤੀ ਹੈ ਜਿਸ ਵਿਚ ਰਹਿਣ ਵਾਲਿਆਂ ਨੂੰ ਕਿਸੇ ਕਿਸਮ ਦਾ ਕੋਈ ਦੁੱਖ, ਤਕਲੀਫ਼, ਚਿੰਤਾ ਜਾਂ ਫ਼ਿਕਰ ਨਹੀਂ ਹੈ। ਇਸ ਵਿਚ ਰਹਿਣ ਵਾਲੇ ਸਾਰੇ ਸੁਖੀ ਅਤੇ ਅਨੰਦ-ਮਈ ਜੀਵਨ ਬਤੀਤ ਕਰ ਰਹੇ ਹਨ। ਅਜਿਹਾ ਸਮਾਜ ਜਿਸ ਵਿਚ ਉਚ-ਨੀਚ, ਜਾਤ-ਪਾਤ, ਰੰਗ, ਨਸਲ ਆਦਿ ਦਾ ਕਿਸੇ ਕਿਸਮ ਦਾ ਕੋਈ ਵਖਰੇਵਾਂ ਨਹੀਂ ਹੈ। ਸਭ ਲਈ ਸਮਾਜਕ ਨਿਆਉਂ ਇੱਕੋ ਜਿਹਾ ਪ੍ਰਾਪਤ ਹੈ। ਇਹ ਇੱਕ ਅਜਿਹੇ ਆਦਰਸ਼ਵਾਦੀ ਸਟੇਟ' ਦਾ ਸੰਕਲਪ ਹੈ ਜਿਸ ਵਿਚ ਮਨੁੱਖ ਨੂੰ ਕੋਈ ਦੁਨਿਆਵੀ ਜਾਇਦਾਦ ਬਣਾਉਣ ਦੀ ਜਾਂ ਉਸ 'ਤੇ ਕਿਸੇ ਕਿਸਮ ਦਾ ਮਸੂਲ ਦੇਣ ਦੀ ਵੀ ਕੋਈ ਚਿੰਤਾ ਨਹੀਂ ਹੈ। ਇਸ ਸਥਾਨ ਵਿਚ ਕਿਸੇ ਕਿਸਮ ਦਾ ਕੋਈ ਪਾਪ-ਕਰਮ ਕਰਨ ਦਾ ਵੀ ਖ਼ਤਰਾ ਨਹੀਂ ਹੈ; ਕੋਈ ਭੈਅ ਨਹੀਂ ਹੈ, ਕੋਈ ਗਿਰਾਵਟ ਨਹੀਂ ਹੈ। ਸਾਰੇ ਮਨੁੱਖ ਬਰਾਬਰ ਦੇ ਭਾਈਵਾਲ ਹਨ ਜਿਸ ਨੂੰ ਗੁਰੂ ਰਵਿਦਾਸ ਜੀ, 'ਜੋ ਹਮ ਸਹਿਰੀ ਸੋ ਮੀਤ ਹਮਾਰਾ' ਦੇ ਸੰਕਲਪ ਰਾਹੀਂ ਪਰਗਟ ਕਰਦੇ ਹਨ। ਇਸ ਸਥਾਨ 'ਤੇ ਵੱਸਣ ਵਾਲਾ ਮਨੁੱਖ ਪੂਰੀ ਤਰਾਂ ਅਜ਼ਾਦ ਹੈ, ਉਸ ਨੂੰ ਸਮਾਜ ਵਿਚ ਵਿਚਰਨ ਦੀ ਪੂਰਨ ਅਜ਼ਾਦੀ ਹੈ, ਉਹ ਇਸ ਸਥਾਨ ਨੂੰ ਚੰਗੀ ਤਰਾਂ ਜਾਣਦਾ ਹੈ, ਇਸ ਦਾ ਭੇਤੀ ਹੈ, ਇਸ ਲਈ ਕਿਤੇ ਵੀ ਵਿਚਰਨ ਲਈ ਪੂਰਨ ਸੁਤੰਤਰ ਹੈ। ਇੱਥੇ ਮਨੁੱਖ ਨੂੰ ਮਨੁੱਖ ਹੋਣ ਦਾ ਪੂਰਨ ਮਾਣ ਹਾਸਲ ਹੈ। ਇਹ ਇੱਕ ਅਜਿਹੇ ਨਿਰਭਉ ਅਤੇ ਨਿਰਵੈਰ ਸਮਾਜ ਦੀ ਸਿਰਜਣਾ ਹੈ ਜਿੱਥੇ, ਗੁਰੂ ਰਵਿਦਾਸ ਦੇ ਸ਼ਬਦਾਂ ਵਿਚ ਕੋਈ ਦੂਜੇ ਤੀਜੇ ਦਰਜੇ ਦਾ ਸ਼ਹਿਰੀ ਨਹੀਂ ਹੈ, ਸਭ ਬਰਾਬਰ ਦੇ ਹੱਕਦਾਰ ਹਨ। ਸਭ ਰੱਜੇ ਹੋਏ, ਸੰਤੁਸ਼ਟ, ਅਨੰਦ-ਪ੍ਰਸੰਨ ਹੋ ਕੇ ਵੱਸ ਰਹੇ ਹਨ, ਕੋਈ ਚਿੰਤਾ, ਘਬਰਾਹਟ ਜਾਂ ਝੂਰ ਨਹੀਂ ਹੈ, ਕੋਈ ਵਿਤਕਰਾ ਨਹੀਂ ਹੈ, ਕੋਈ ਕਿਸੇ ਦੇ ਰਸਤੇ ਦੀ ਰੁਕਾਵਟ ਨਹੀਂ ਬਣ ਸਕਦਾ:

**ਬੇਗਮਪੁਰਾ ਸਹਰ ਕੋ ਨਾਉ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ॥**
**ਨਾਂ ਤਸਵੀਸ ਖਿਰਾਜੁ ਨ ਮਾਲੁ॥**
**ਖਉਫੁ ਨ ਖਤਾ ਨ ਤਰਸੁ ਜਵਾਲੁ॥1॥**
**ਅਬ ਮੋਹਿ ਖੂਬ ਵਤਨ ਗਹ ਪਾਈ॥**
**ਊਹਾਂ ਖੈਰਿ ਸਦਾ ਮੇਰੇ ਭਾਈ॥1॥ਰਹਾਉ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ॥**
**ਦੋਮ ਨ ਸੇਮ ਏਕ ਸੋ ਆਹੀ॥**
**ਆਬਾਦਾਨੁ ਸਦਾ ਮਸਹੂਰ॥**
**ਊਹਾਂ ਗਨੀ ਬਸਹਿ ਮਾਮੂਰ॥2॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ॥**
**ਮਹਰਮ ਮਹਲ ਨ ਕੋ ਅਟਕਾਵੈ॥**
**ਕਹਿ ਰਵਿਦਾਸ ਖਲਾਸ ਚਮਾਰਾ॥**
**ਜੋ ਹਮ ਸਹਰੀ ਸੋ ਮੀਤ ਹਮਾਰਾ॥3॥2॥ (ਪੰਨਾ 345)**

ਗੁਰੂ ਰਵਿਦਾਸ ਜਿਸ ਸਮਾਜ ਵਿਚ ਪਲੇ, ਵੱਡੇ ਹੋਏ ਉਸ ਸਮਾਜ ਵਿਚ ਸਮਾਜਕ ਗਤੀਸ਼ੀਲਤਾ ਦੀ ਆਗਿਆ ਨਹੀਂ ਹੈ; ਮਨੁੱਖ ਦਾ ਇੱਕ ਵਰਣ ਤੋਂ ਦੂਸਰੇ ਵਿਚ ਪ੍ਰਵੇਸ਼, ਆਪਣੀ ਮਰਜ਼ੀ ਅਨੁਸਾਰ ਆਪਣਾ ਕਿੱਤਾ ਤਿਆਗ ਕੇ ਕੋਈ ਦੂਸਰਾ ਕਿੱਤਾ ਅਪਣਾਉਣਾ, ਸਿੱਖਿਆ ਪ੍ਰਾਪਤ ਕਰਨਾ, ਇਨਾਂ ਸਭ ਦੀ ਮਨਾਹੀ ਹੈ। ਇਸ ਸਮਾਜ ਵਿਚ ਤਾਂ ਮਨੁੱਖ ਦੇ ਰਹਿਣ ਦੀ ਥਾਂ ਵੀ ਉਸ ਦੇ ਵਰਣ ਅਨੁਸਾਰ ਨਿਸ਼ਚਿਤ ਕੀਤੀ ਹੋਈ ਹੈ। ਇੱਥੋਂ ਤੱਕ ਕਿ ਕਿਸੇ ਦਵਿਜ ਜਨਮ ਵਾਲੇ ਉੱਤੇ ਕਿਸੇ ਦਲਿਤ ਕਹੇ ਜਾਣ ਵਾਲੇ ਦਾ ਪਰਛਾਵਾਂ ਪੈਣਾ ਵੀ ਗੁਨਾਹ ਹੈ। ਕਿਸਾਨ ਨੂੰ, ਫ਼ਸਲ ਹੋਵੇ ਭਾਵੇਂ ਨਾ ਮਸੂਲ ਦੇਣਾ ਪੈਂਦਾ ਹੈ; ਨਹੀਂ ਦੇ ਸਕਦਾ ਤਾਂ ਜ਼ਮੀਨ ਦੀ ਮਾਲਕੀ ਤਿਆਗਣੀ ਪੈਂਦੀ ਹੈ। ਜੀਵਨ ਹਰ ਤਰਾਂ ਦੇ ਅੰਦੇਸ਼ਿਆਂ, ਦੁੱਖਾਂ-ਤਕਲੀਫਾਂ ਨਾਲ ਭਰਿਆ ਪਿਆ ਹੈ। ਗੁਰੂ ਰਵਿਦਾਸ ਇਸ ਸਮਾਜਕ ਅਵਸਥਾ ਤੋਂ ਪੂਰੀ ਤਰਾਂ ਚੇਤੰਨ ਹਨ। ਉਹ ਮਨੁੱਖੀ ਚੇਤਨਾ ਦਾ ਹੀ ਪ੍ਰਗਟਾਵਾ ਕਰਦੇ ਹਨ ਜਦੋਂ ਕਹਿੰਦੇ ਹਨ 'ਕਹਿ ਰਵਿਦਾਸ ਖਲਾਸ ਚਮਾਰਾ'। ਉੱਪਰ ਦਿੱਤੇ ਸ਼ਬਦ ਵਿਚ ਜਿਵੇਂ ਸਭ ਪ੍ਰਕਾਰ ਦੀਆਂ ਬੰਦਸ਼ਾਂ ਤੋਂ ਛੁਟਕਾਰੇ ਦਾ ਜ਼ਿਕਰ ਕੀਤਾ ਹੈ, ਇਹ ਮਨੁੱਖੀ ਚੇਤਨਾ ਵੱਲ ਸੰਕੇਤਕ ਹੈ। ਗੁਰੂ ਰਵਿਦਾਸ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਰ ਬਾਣੀ ਤੋਂ ਵੀ ਇਸ ਚੇਤਨਾ ਦੀ ਝਲਕ ਮਿਲਦੀ ਹੈ ਜਦੋਂ ਉਹ ਇਸ ਵਰਣ ਨਾਲ ਜੁੜੇ ਕਿੱਤੇ ਦੀ ਗੱਲ ਅਤੇ ਹੋਰ ਸਮਾਜਕ ਪ੍ਰਸਥਿਤੀਆਂ ਦਾ ਜ਼ਿਕਰ ਕਰਦੇ ਹਨ। ਉਹ ਜਾਣਦੇ ਹਨ ਕਿ ਆਮ ਲੋਕਾਂ ਦੀਆਂ ਨਜ਼ਰਾਂ ਵਿਚ 'ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ', ਬੇਸ਼ੱਕ ਸਾਰੇ ਮਨੁੱਖ ਉਸੇ ਅਕਾਲ ਪੁਰਖ ਦੇ ਆਪਣੇ ਆਪ ਤੋਂ ਪੈਦਾ ਕੀਤੇ ਹੋਏ ਹਨ।

ਗੁਰੂ ਰਵਿਦਾਸ ਨੇ ਉਨਾਂ ਦੁਸ਼ਵਾਰੀਆਂ, ਸਮਾਜਕ ਨਾ-ਬਰਾਬਰੀ, ਦੁੱਖਾਂ-ਤਕਲੀਫਾਂ, ਸਮਾਜਕ ਗ਼ੁਲਾਮੀ, ਸਮਾਜਕ ਗਤੀਹੀਣਤਾ ਦੀ ਗੱਲ ਕੀਤੀ ਹੈ ਜਿਨਾਂ ਨੂੰ 'ਬੇਗਮਪੁਰਾ' ਵਿਚ ਕੋਈ ਸਥਾਨ ਪ੍ਰਾਪਤ ਨਹੀਂ ਹੈ। ਪਰ ਗੁਰੂ ਰਵਿਦਾਸ ਨੇ ਉਨਾਂ ਅੜਚਣਾਂ ਦੀ ਨਿਸ਼ਾਨਦੇਹੀ ਨਹੀਂ ਕੀਤੀ ਜਿਹੜੀਆਂ 'ਬੇਗਮਪੁਰਾ' ਦੇ ਰਸਤੇ ਦੀ ਰੁਕਾਵਟ ਬਣਦੀਆਂ ਹਨ। ਅੱਜ ਵੀ ਬੇਸ਼ੱਕ ਭਾਰਤੀ ਸੰਵਿਧਾਨ ਵਿਚ ਪਛੜੀਆਂ ਜਾਤਾਂ ਅਤੇ ਕਬੀਲਿਆਂ ਲਈ ਹੱਕ ਰਾਖਵੇਂ ਕਰ ਦਿੱਤੇ ਗਏ ਹਨ, ਸੰਵਿਧਾਨ ਦੀ ਨਿਗਾਹ ਵਿਚ ਸਾਰੇ ਬਰਾਬਰ ਦੇ ਸ਼ਹਿਰੀ ਹਨ ਪਰ ਜੋ ਕੁੱਝ ਭਾਰਤ ਵਿਚ ਪਿਛਲੇ ਦਿਨਾਂ ਵਿਚ ਵਾਪਰਿਆ ਹੈ ਅਤੇ ਵਾਪਰਦਾ ਰਿਹਾ ਹੈ, ਉਸ ਦਾ ਕਾਰਨ ਰਾਜ-ਸ਼ਕਤੀ ਅਤੇ ਹਿੰਦੂਤਵ ਸ਼ਕਤੀਆਂ ਦਾ ਅਪਵਿੱਤਰ ਗੱਠਜੋੜ ਹੈ।

ਗੁਰੂ ਰਵਿਦਾਸ ਨੇ ਸਦਗੁਣਾਂ ਨੂੰ ਧਾਰਨ ਕਰਨ ਲਈ ਕਿਹਾ ਹੈ ਤੇ ਔਗੁਣਾਂ ਨੂੰ ਛੱਡਣ ਲਈ ਕਿਹਾ ਹੈ। ਉਨਾਂ ਨੇ ਨਾਮ ਸਿਮਰਨ, ਸਤਿਸੰਗ ਤੇ ਗੁਰੂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਗੁਰੂ ਰਵਿਦਾਸ ਦਾ ਨਿਰਵਾਣ ਸੰਮਤ ਚੇਤ ਵਦੀ ਚਤੁਰਸੀ ਕ੍ਰਿਸ਼ਨ ਪੱਖ 1534 ਬਿਕਰਮੀ ਸੰਮਤ ਦਿਨ ਸ਼ੁੱਕਰਵਾਰ ਵਧੇਰੇ ਪ੍ਰਮਾਣਿਕ ਤੇ ਸਹੀ ਮੰਨਿਆ ਗਿਆ ਹੈ। ਉਹ ਕਾਸ਼ੀ ਮੰਦਰ ਵਿੱਚ ਜੋਤੀ ਜੋਤਿ ਸਮਾਏ। ਇੱਥੇ ਇੱਕ ਚਬੂਤਰੇ ਦੇ ਰੂਪ ਵਿੱਚ ਉਨਾਂ ਦੀ ਸਮਾਧੀ ਬਣੀ ਹੋਈ ਹੈ। ਅਜੋਕੇ ਸਮਾਜ ਵਿੱਚ ਗੁਰੂ ਰਵਿਦਾਸ ਦੇ ਵਿਚਾਰਾਂ ਨੂੰ ਗ੍ਰਹਿਣ ਕਰਦਿਆਂ ਸੇਧ ਪ੍ਰਾਪਤ ਕਰਨੀ ਜ਼ਰੂਰੀ ਹੈ ਅਤੇ ਗੁਰੂ ਜੀ ਦੀ ਬਾਣੀ ਅਨੁਸਾਰ ਸਮਾਜਿਕ ਤਬਦੀਲੀ ਲਈ ਯਤਨਸ਼ੀਲ ਵੀ ਹੋਣਾ ਚਾਹੀਦਾ ਹੈ।

---

## 20-21 ਫਰਵਰੀ ਨੂੰ ਸਾਕਾ ਨਨਕਾਣਾ ਸਾਹਿਬ 'ਤੇ ਵਿਸ਼ੇਸ਼

# ਅਭੁੱਲ ਸਾਕਾ: ਸਾਕਾ ਨਨਕਾਣਾ ਸਾਹਿਬ



ਇਕਵਾਕ ਸਿੰਘ ਪੱਟੀ

ਅੰਮ੍ਰਿਤਸਰ ਸਾਹਿਬ।

ਜਗਤ ਗੁਰੂ, ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਜਨਮ ਅਸਥਾਨ ਗੁ. ਨਨਕਾਣਾ ਸਾਹਿਬ ਜੀ ਦੀ ਪਵਿੱਤਰ ਧਰਤੀ ਨੂੰ ਆਜ਼ਾਦ ਕਰਵਾਉਣ ਵੇਲੇ ਵਾਪਰੇ ਦੁਖਾਂਤ ਦੇ ਉਸ ਕਹਿਰੀ ਸਮੇਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਨਾਮ ਨਾਲ ਹਰ ਸਾਲ ਯਾਦ ਕੀਤਾ ਜਾਂਦਾ ਹੈ। ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ ਮਕਸਦ ਸਿਰਫ਼ ਸਬੰਧਤ ਜਗਾ ਨੂੰ ਆਪਣੇ ਕਬਜ਼ੇ ਵਿੱਚ ਲੈਣਾ ਹੀ ਨਹੀਂ ਸੀ ਬਲਕਿ ਉਸ ਪਵਿੱਤਰ ਅਸਥਾਨ ਨੂੰ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਪ੍ਰਚਾਰਨ ਦੇ ਕੇਂਦਰ ਵਜੋਂ ਪੇਸ਼ ਕਰਕੇ ਉੱਥੇ ਗੁਰ ਮਰਯਾਦਾ ਲਾਗੂ ਕਰਵਾਉਣਾ ਵੀ ਸੀ। ਕਿਉਂਕਿ ਸਮੇਂ ਦੇ ਮਹੰਤ ਨਰੈਣੂ (ਨਰਾਇਣ ਦਾਸ) ਨੇ ਅਤੇ ਇਸ ਤੋਂ ਪਹਿਲਾਂ ਦੇ ਰਹਿ ਚੁੱਕੇ ਮਹੰਤ ਸਾਧੂ ਰਾਮ ਅਤੇ ਕਿਸ਼ਨ ਦਾਸ ਨੇ ਨਨਕਾਣਾ ਸਾਹਿਬ ਵਿਖੇ ਮੱਸੇ ਰੰਘੜ ਵਾਲੇ ਸਮੇਂ ਦੇ ਹਾਲਾਤ ਤੋਂ ਵੀ ਬਦਤਰ ਹਾਲਾਤ ਉਸ ਸਥਾਨ ਤੇ ਬਣਾ ਛੱਡੇ ਸਨ। ਹੁਣ ਕੇਵਲ ਉੱਥੇ ਨਾਚੀਆਂ ਦਾ ਨਾਚ ਹੀ ਨਹੀਂ ਸੀ ਹੁੰਦਾ ਬਲਕਿ ਹੁਣ ਤਾਂ ਉਸ ਅਸਥਾਨ ਦੇ ਦਰਸ਼ਨ ਕਰਨ ਜਾਣ ਵਾਲੀਆਂ ਬੀਬੀਆਂ/ਔਰਤਾਂ ਦੇ ਇੱਜ਼ਤ ਵੀ ਮਹਿਫੂਜ਼ ਨਹੀਂ ਸੀ ਰਹੀ। ਜਦ ਸੰਨ 1918 ਵਿੱਚ ਇੱਕ ਰਿਟਾਇਰਡ ਸਿੰਧੀ ਅਫ਼ਸਰ ਆਪਣੇ ਪਰਵਾਰ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਇਆ ਤਾਂ ਰਾਤ ਸਮੇਂ ਉਸਦੀ 13 ਵਰਿਆਂ ਦੀ ਮਾਸੂਮ ਬੱਚੀ ਨਾਲ ਮਹੰਤ ਦੇ ਚੇਲੇ ਨੇ ਘਟੀਆ ਕੁਕਰਮ (ਬਲਾਤਕਾਰ) ਕੀਤਾ। ਇਸੇ ਹੀ ਸਾਲ ਪੂਰਨਮਾਸੀ ਦੀ ਇੱਕ ਰਾਤ ਨੂੰ ਜ਼ਿਲਾ ਲਾਇਲਪੁਰ ਦੇ ਜੜਾਂ ਵਾਲੇ ਇਲਾਕੇ ਦੀਆਂ 6 ਬੀਬੀਆਂ ਜੋ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਹਿਤ ਪੁੱਜੀਆਂ ਉਨਾਂ ਨਾਲ ਵੀ ਮਹੰਤ ਦੇ ਚੇਲਿਆਂ ਨੇ ਉਹੀ ਹਸ਼ਰ ਕੀਤਾ ਅਤੇ ਖੇਹ ਖਾਧੀ। ਅਜਿਹੀਆਂ ਵਾਰਦਾਤਾਂ ਅਕਸਰ ਹੀ ਇੱਥੇ ਹੋਣ ਲੱਗ ਪਈਆਂ ਸਨ। ਇੱਥੋਂ ਤੱਕ ਕਿ ਜਦ ਸਿੱਖਾਂ ਨੇ ਮਹੰਤ ਦੀਆਂ ਇਹ ਆਪਹੁਦੀਆਂ ਕਰਤੂਤਾਂ ਅਤੇ ਮੰਦਭਾਗੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕੀਤਾ ਤਾਂ ਅੱਗੋਂ ਮਹੰਤ ਨੇ ਐਲਾਨੀਆ ਕਹਿ ਦਿੱਤਾ ਕਿ ਇਹ ਗੁਰਦੁਆਰਾ ਸਾਡੀ ਨਿੱਜੀ ਦੁਕਾਨ ਹੈ, ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ।

ਤਦ ਨਨਕਾਣਾ ਸਾਹਿਬ ਦੇ ਪਵਿੱਤਰ ਸਥਾਨ ਤੇ ਐਸੇ ਕੁਕਰਮਾਂ ਨੂੰ ਬੰਦ ਕਰਵਾਉਣ ਅਤੇ ਗੁਰ ਮਰਯਾਦਾ ਲਾਗੂ ਕਰਵਾਉਣ ਹਿਤ 26 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਇਸ ਬਾਬਤ ਇੱਕ ਵਿਸ਼ੇਸ਼ ਗੁਰਮਤਾ ਪਾਸ ਕਰਕੇ ਮਿਤੀ 4,5,6 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਕੌਮ ਦਾ ਇੱਕ ਭਾਰੀ ਇਕੱਠ ਸੱਦਣ ਬਾਰੇ ਵਿਚਾਰ ਚਰਚਾ ਕੀਤੀ ਗਈ ਤਾਂ ਕਿ ਉਸ ਸਮੇਂ ਸਮੁੱਚੇ ਪੰਥਕ ਰੂਪ ਵਿੱਚ ਮਿਲ ਬੈਠ ਕੇ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ, ਮਹੰਤ ਨਰਾਇਣ ਦਾਸ ਬਾਰੇ ਵਿਚਾਰ ਕੀਤਾ ਜਾ ਸਕੇ ਅਤੇ ਮਹੰਤ ਨੂੰ ਸੁਧਰਨ ਲਈ ਕਿਹਾ ਜਾਵੇ ਕਿਉਂ ਜੋ ਇਸਨੇ ਪ੍ਰਬੰਧ ਸੰਭਾਲਣ ਵੇਲੇ ਇਹ ਗੱਲ ਮੰਨੀ ਸੀ ਕਿ ਪਹਿਲੇ ਮਹੰਤਾਂ ਦੀ ਤਰਾਂ ਕਿਸੇ ਵੀ ਤਰਾਂ ਦੀ ਕੋਈ ਸ਼ਿਕਾਇਤ ਨਹੀਂ ਆਵੇਗੀ।

ਹੋਣ ਵਾਲੇ ਇਸ ਪੰਥਕ ਇਕੱਠ ਦੀ ਸੂਹ ਮਹੰਤ ਨਰੈਣੂ ਨੂੰ ਲੱਗ ਗਈ ਤਾਂ ਉਸਨੇ ਵਿਉਂਤ ਘੜ ਲਈ ਕਿ ਉਸ ਸਮੇਂ ਸਿੱਖਾਂ ਦੇ ਉਸ ਭਾਰੀ ਇਕੱਠ ਉੱਤੇ ਹਮਲਾ ਕਰਕੇ ਸਭ ਗੁਰਮਤ ਸੁਧਾਰਕਾਂ ਨੂੰ ਖ਼ਤਮ ਕਰ ਦੇਣਾ ਹੈ। ਇਸ ਲਈ ਉਸਨੇ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਦੀ ਹਦੂਦ ਦੇ ਅੰਦਰ ਗੋਲੀ, ਸਿੱਕਾ, ਟਕੂਏ, ਪਿਸਤੌਲਾਂ, ਬੰਦੂਕ, ਮਿੱਟੀ ਦੇ ਤੇਲ ਦੇ ਪੀਪਿਆਂ ਅਤੇ ਲੱਕੜਾਂ ਦਾ ਜ਼ਖੀਰਾ ਇਕੱਠਾ ਕਰ ਲਿਆ ਤਾਂ ਕਿ ਉੱਠ ਰਹੀ ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਸਮੇਤ ਹਾਜ਼ਰ ਸਾਰੇ ਸਿੱਖਾਂ ਦਾ ਖੁਰਾ ਖੋਜ ਉਸ ਦਿਨ ਹੋਣ ਵਾਲੀ ਇੱਤਰਤਾ ਮੌਕੇ ਮਿਟਾਇਆ ਜਾ ਸਕੇ। ਮਹੰਤ ਨਰੈਣੂ ਦੇ ਇਸ ਕਾਰੇ ਦੀ ਸੂਹ ਗੁਰਸਿੱਖਾਂ ਕੋਲ ਪੁੱਜੀ ਤਾਂ ਉਹਨਾਂ ਨੇ 17 ਫਰਵਰੀ, 1921 ਨੂੰ ਇੱਕ ਵਿਸ਼ੇਸ਼ ਮੀਟਿੰਗ ਸੱਦ ਕੇ ਇਹ ਮਤਾ ਪਕਾ ਦਿੱਤਾ ਗਿਆ ਕਿ 19 ਫਰਵਰੀ ਨੂੰ ਭਾਈ ਲਛਮਣ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਸ੍ਰੀ ਨਨਕਾਣਾ ਸਾਹਿਬ ਦੀ ਆਜ਼ਾਦੀ ਲਈ ਚਾਲੇ ਪਾ ਦੇਣਗੇ। ਕਿਉਂਕਿ ਉਸ ਮਹੰਤ ਦੇ ਵਿਰੁੱਧ ਅਤੇ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਸਿੱਖ ਸੰਗਤਾਂ ਦੇ ਮਨਾਂ ਵਿੱਚ ਪਹਿਲਾਂ ਹੀ ਜੋਸ਼ ਠਾਠਾਂ ਮਾਰ ਰਿਹਾ ਸੀ ਤੇ ਮਹੰਤ ਦੀ ਸਿੱਖਾਂ ਉੱਪਰ ਹਮਲਾ ਕਰਨ ਦੀ ਬਦਨੀਤੀ ਨੇ ਸਿੱਖਾਂ ਵਿਚਲੇ ਰੋਹ ਨੂੰ ਭਾਂਬੜ ਦਾ ਰੂਪ ਦੇ ਦਿੱਤਾ।

ਮਿਥੀ ਮਿਤੀ ਤੇ ਅਰਦਾਸਾ ਸੋਧ ਕੇ ਗੁਰੂ ਦੇ ਲਾਡਲੇ ਸਿੰਘਾਂ ਨੇ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰੂ ਦੀ ਸਿੱਖਿਆ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥' ਅਤੇ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥' ਦੇ ਮਹਾਂਵਾਕਾਂ ਨੂੰ ਮੰਨਦਿਆਂ ਗੁਰਧਾਮਾਂ ਦੀ ਆਜ਼ਾਦੀ ਲਈ ਅਤੇ ਗੁਰੂ ਅਸਥਾਨ ਦੀ ਬੇਅਦਬੀ ਰੋਕਣ ਲਈ ਸ੍ਰੀ ਨਨਕਾਣਾ ਸਾਹਿਬ ਨੂੰ ਚਾਲੇ ਪਾ ਦਿੱਤੇ। ਰਸਤੇ ਵਿੱਚ ਪੰਥਕ ਲੀਡਰਾਂ ਦੇ ਕਹੇ ਤੇ ਉਹਨਾਂ ਨੂੰ ਰਸਤੇ ਵਿੱਚ ਹੀ ਰੋਕਣ ਲਈ ਉਪਰਾਲਾ ਕੀਤਾ ਗਿਆ ਤਾਂ ਕਿ ਮਾਹੌਲ ਨਾ ਵਿਗੜੇ ਪਰ ਸਿੱਖਾਂ ਨੇ ਇੱਕੋ ਗੱਲ ਕਹੀ ਕਿ ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਕੇ ਤੁਰੇ ਹਾਂ, ਅਕਾਲ ਪੁਰਖ ਆਪ ਸਹਾਈ ਹੋਵੇਗਾ ਅਤੇ ਸਾਡੀ ਜਿੱਤ ਨਿਸ਼ਚਿਤ ਹੈ। ਅਸੀਂ ਅੱਗੇ ਹੋ ਕੇ ਮਰ ਜਾਵਾਂਗੇ ਪਰ ਹੁਣ ਪਿੱਛੇ ਨਹੀਂ ਹਟਾਂਗੇ ਜਾਂ ਨਾਨਕ ਦਾ ਨਨਕਾਣਾ ਆਜ਼ਾਦ ਕਰਵਾਵਾਂਗੇ ਜਾਂ ਫਿਰ ਸ਼ਹੀਦ ਹੋਵਾਂਗੇ। ਇਸ ਤਰਾਂ ਭਾਈ ਲਛਮਣ ਸਿੰਘ ਜੀ ਦਾ ਜਥਾ ਸ਼ਬਦ ਪੜਦਾ ਹੋਇਆ ਨਨਕਾਣਾ ਸਾਹਿਬ ਅੰਦਰ ਦਾਖਲ ਹੋਇਆ। ਮਹੰਤ ਨੇ ਬਾਹਰਲੇ ਗੇਟ ਬੰਦ ਕਰਵਾ ਦਿੱਤੇ ਅਤੇ ਸ਼ਾਂਤਮਈ ਸਿੰਘਾਂ ਉੱਤੇ ਮੀਂਹ ਦੀ ਤਰਾਂ ਗੋਲੀਆਂ ਦੀ ਬੋਛਾੜ ਕਰ ਦਿੱਤੀ।

ਬਾਕੀ ਸਫ਼ਾ 30 'ਤੇ

# ਸ਼ਹੀਦ ਨਵਰੀਤ ਸਿੰਘ ਦਾ ਕਤਲ ਬਨਾਮ ਸਰਕਾਰੀ ਹਿੰਸਾ

**✪ ਪੋਤਰਾ ਮੇਰਾ ਦਸ਼ਮੇਸ਼ ਪਿਤਾ ਦੀ ਗੋਦ ਵਿਚ ਜਾ ਸਮਾਇਆ - ਬਾਬਾ ਹਰਦੀਪ ਸਿੰਘ ✪ ਛਬੀ ਜਨਵਰੀ ਦੀਆਂ ਘਟਨਾਵਾਂ ਬਾਰੇ ਕਿਸਾਨ ਮੋਰਚਾ ਲੋਕ ਕਮਿਸ਼ਨ ਸਥਾਪਤ ਕਰੇ**

## ਰਜਿੰਦਰ ਸਿੰਘ

26 ਜਨਵਰੀ ਨੂੰ ਦਿੱਲੀ 'ਚ ਕਿਸਾਨਾਂ ਵੱਲੋਂ ਕੱਢੀ ਗਈ ਟਰੈਕਟਰ ਪਰੇਡ ਦੌਰਾਨ ਹੋਈ ਹਿੰਸਾ ਲਈ ਦਿਲੀ ਪੁਲੀਸ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਇਸ ਦਾ ਜਿਊਂਦਾ ਜਾਗਦਾ ਸਬੂਤ ਨਵਰੀਤ ਸਿੰਘ ਦਾ ਕਥਿਤ ਕਤਲ ਹੈ।26 ਜਨਵਰੀ ਨੂੰ ਕਿਸਾਨ ਟਰੈਕਟਰ ਰੈਲੀ ਦੌਰਾਨ ਸ਼ਹੀਦ ਹੋਏ ਨਵਰੀਤ ਦੇ ਦਾਦਾ ਹਰਦੀਪ ਸਿੰਘ ਡਿਬਡਬਾ ਨੇ ਦਿੱਲੀ ਹਾਈ ਕੋਰਟ ਵਿੱਚ ਪਟੀਸਨ ਦਾਇਰ ਕਰਕੇ ਪੋਤੇ ਦੀ ਮੌਤ ਦੀ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ। ਉਹਨਾਂ ਦਾ ਮੰਨਣਾ ਹੈ ਕਿ ਉਸ ਦੀ ਮੌਤ ਪੁਲਿਸ ਦੀ ਗੋਲੀ ਨਾਲ ਹੋਈ ਹੈ, ਪਰ ਦਿੱਲੀ ਪੁਲਿਸ ਦੋਸਾਂ ਤੋਂ ਇਨਕਾਰ ਕਰ ਰਹੀ ਹੈ। ਆਪਣੀ ਪਟੀਸਨ ਵਿੱਚ ਡਿਬਡਿਬਾ ਨੇ ਮੰਗ ਕੀਤੀ ਸੀ ਕਿ ਨਿਆਂਪਾਲਿਕਾ ਵੱਲੋਂ ਇੱਕ ਵਿਸੇਸ ਜਾਂਚ ਟੀਮ ਨਿਯੁਕਤ ਕੀਤੀ ਜਾਵੇ ਅਤੇ ਜਿਸ ਵਿੱਚ ਅਜਿਹੇ ਪੁਲਿਸ ਅਧਿਕਾਰੀ ਸਾਮਲ ਹੋਣ ਜੋ ਇਮਾਨਦਾਰ, ਪ੍ਰਭਾਵਸਾਲੀ ਹੋਣ। ਬਾਬਾ ਹਰਦੀਪ ਸਿੰਘ ਨੇ ਅਦਾਲਤ ਨੂੰ ਇਹ ਨਿਰਦੇਸ ਦੇਣ ਲਈ ਵੀ ਕਿਹਾ ਹੈ ਕਿ ਏਜੰਸੀ ਉਸਨੂੰ ਨਵਰੀਤ ਸਿੰਘ ਦੇ ਸਰੀਰ ਦੀ ਐਕਸਰੇ ਰਿਪੋਰਟ ਅਤੇ ਪੋਸਟ ਮਾਰਟਮ ਦੀ ਵੀਡੀਓ ਰਿਕਾਰਡਿੰਗ ਮੁਹੱਈਆ ਕਰਵਾਏ ਜੋ ਉੱਤਰ ਪ੍ਰਦੇਸ ਦੇ ਰਾਮਪੁਰ ਜਿਲ੍ਹੇ ਵਿੱਚ ਕੀਤੀ ਗਈ ਸੀ। ਬਾਬਾ ਹਰਦੀਪ ਸਿੰਘ ਜੋ ਨਵਰੀਤ ਸਿੰਘ ਦੇ ਦਾਦਾ ਹਨ ਨੇ ਪਟੀਸਨ ਵਿਚ ਪੋਸਟ ਮਾਰਟਮ ਵਿਚ ਜਿਕਰ ਕੀਤੀ ਗਈ ਐਫਆਈਆਰ ਦੀ ਕਾਪੀ ਵੀ ਮੰਗੀ ਹੈ। ਜਥੇਦਾਰ ਹਰਦੀਪ ਸਿੰਘ ਨੇ ਉਸ ਖੇਤਰ ਦੀ ਸੀਸੀਟੀਵੀ ਫੁਟੇਜ ਵੀ ਮੰਗੀ ਹੈ ਜਿਥੇ ਨਵਰੀਤ ਸਿੰਘ ਦੀ ਮੌਤ ਹੋਈ ਸੀ ਉਸ ਦੀ ਪਟੀਸਨ 'ਤੇ 11 ਫਰਵਰੀ ਨੂੰ ਜੱਜ ਯੋਗੇਸ ਖੰਨਾ ਨੇ ਸੁਣਵਾਈ ਕੀਤੀ ਸੀ ।

ਸੁਣਵਾਈ ਵੇਲੇ, ਦਿੱਲੀ ਪੁਲਿਸ ਦੇ ਵਕੀਲ ਰਾਹੁਲ ਮਹਿਰਾ ਨੇ ਅਦਾਲਤ ਨੂੰ ਭਰੋਸਾ ਦਿਵਾਇਆ ਸੀ ਕਿ ਪੁਲਿਸ ਇਸ ਕੇਸ ਬਾਰੇ ਸੀਸੀਟੀਵੀ ਫੁਟੇਜ ਮੁਹੱਈਆ ਕਰਵਾਏਗੀ।

ਪਟੀਸਨਕਰਤਾ ਬਾਬਾ ਹਰਦੀਪ ਸਿੰਘ ਦੇ ਵਕੀਲ ਵਰਿੰਡਾ ਗਰੋਵਰ ਨੇ ਚਸਮਦੀਦ ਗਵਾਹ ਹਰਮਨਜੀਤ ਸਿੰਘ ਤੇ ਬਲਵਿੰਦਰ ਸਿੰਘ ਦੇ ਬਿਆਨਾਂ ਦਾ ਜਿਕਰ ਕੀਤਾ ਸੀ ,ਜਿਸ ਵਿਚ ਦੋਵੇਂ ਚਸਮਦੀਦ ਗਵਾਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਿਸ ਨੂੰ ਨਵਰੀਤ ਸਿੰਘ ਦੇ ਟਰੈਕਟਰ 'ਤੇ ਫਾਇਰਿੰਗ ਕਰਦੇ ਵੇਖਿਆ ਸੀ, ਜਿਸ ਤੋਂ ਬਾਅਦ ਉਸ ਦਾ ਟਰੈਕਟਰ ਪਲਟ ਗਿਆ। ਗਰੋਵਰ ਨੇ ਲੰਡਨ ਦੇ ਰੋਗਾਂ ਦੇ ਮਾਹਿਰ ਡਾ. ਬੇਸਿਲ ਪਰਡੂ ਦੇ ਵਿਚਾਰ ਦਾ ਵੀ ਜਿਕਰ ਕੀਤਾ, ਜਿਸਨੇ ਅਖਬਾਰ ਗਾਰਡੀਅਨ ਵਿੱਚ ਨਵਰੀਤ ਦੀ ਪੋਸਟਮਾਰਟਮ ਰਿਪੋਰਟ ਦਾ ਹਵਾਲਾ ਦਿਤਾ ਸੀ ।ਗਰੋਵਰ ਨੇ ਕਿਹਾ ਕਿ ਫੋਰੈਂਸਿਕ ਮਾਹਿਰ ਨੇ ਮੰਨਿਆ ਹੈ ਕਿ ਨਵਰੀਤ ਸਿੰਘ ਦੇ ਸਰੀਰ 'ਤੇ ਸੱਟਾਂ ਬੁਲੇਟ ਦੇ ਜਖਮਾਂ ਦੀ ਤਰ੍ਹਾਂ ਸਨ ।ਗਰੋਵਰ ਨੇ ਅਦਾਲਤ ਨੂੰ ਦੱਸਿਆ ਸੀ ਕਿ ਦਿੱਲੀ ਪੁਲਿਸ ਨੇ ਗੰਭੀਰ ਤਥ ਛੁਪਾਕੇ ਕਨੂੰਨੀ ਅਪਰਾਧ ਕੀਤਾ ਹੈ ਤੇ ਨਵਰੀਤ ਸਿੰਘ ਦੇ ਕਤਲ ਨੂੰ ਟਰੈਕਟਰ ਹਾਦਸਾ ਕਰਾਰ ਦਿੱਤਾ ਹੈ। ਪੁਲਿਸ ਨਵਰੀਤ ਸਿੰਘ ਦੀ ਮੌਤ ਦੇ ਸਥਾਨ ਬਾਰੇ ਸਬੂਤਾਂ ਨੂੰ ਸੁਰੱਖਿਅਤ ਰਖਣ ਵਿਚ ਲਾਪ੍ਰਵਾਹੀ ਵਰਤ ਰਹੀ ਹੈ ।ਇਕ ਚਸਮਦੀਦ ਗਵਾਹ ਦੇ ਅਨੁਸਾਰ, ਨਵਰੀਤ ਸਿੰਘ ਦੀ ਮੌਤ 26 ਜਨਵਰੀ ਨੂੰ ਦੁਪਹਿਰ ਡੇ 1. ਵਜੇ ਹੋਈ ਸੀ। ਅਗਲੇ ਤਿੰਨ ਘੰਟੇ ਦੌਰਾਨ ਕੋਈ ਵੀ ਪੁਲਿਸ ਅਧਿਕਾਰੀ ਸਾਮ ਕਰੀਬ ਸਾਢੇ ਚਾਰ ਵਜੇ, ਇੱਕ ਪੁਲਿਸ ਦੀ ਇਕ ਟੁਕੜੀ ਪਹੁੰਚੀ ਪਰ ਉਸਨੇ ਆਂਧਰਾ ਐਜੂਕੇਸਨ ਸੁਸਾਇਟੀ ਦੀ ਇਮਾਰਤ ਦੀ ਸੀਸੀਟੀਵੀ ਫੁਟੇਜ ਹੀ ਹਾਸਲ ਕੀਤੀ ਅਤੇ ਪਿਛਲੇ ਲੰਘੇ ਰਸਤੇ ਵਿੱਚੋਂ ਇਮਾਰਤ ਤੋਂ ਬਾਹਰ ਚਲੀ ਗਈ। ਸੁਸਾਇਟੀ ਦੇ ਬਾਹਰ ਸੜਕ 'ਤੇ ਖੂਨ ਡੁੱਲ੍ਹਿਆ ਗਿਆ ਸੀ, ਪਰ ਜਗ੍ਹਾ ਨੂੰ ਅਜੇ ਵੀ ਸੁਰੱਖਿਅਤ ਨਹੀਂ ਰਖਿਆ ਗਿਆ ਤਾਂ ਜੋ ਸਬੂਤ ਮਿਟਾਏ ਜਾ ਸਕਣ।

ਨਵਰੀਤ ਦੀ ਮੌਤ ਦੀ ਖਬਰ ਤੋਂ ਕੁਝ ਘੰਟਿਆਂ ਬਾਅਦ ਕੁਝ ਪੱਤਰਕਾਰਾਂ ਅਤੇ ਮੀਡੀਆ ਸੰਸਥਾਵਾਂ ਨੇ ਇੱਕ ਸੀਸੀਟੀਵੀ ਕਲਿੱਪ ਜਰੀਏ ਦਿਖਾਇਆ ਜਿਸ ਵਿੱਚ ਟਰੈਕਟਰ ਪਲਟਦਾ ਦਿਖਾਈ ਦੇ ਰਿਹਾ ਸੀ। ਉਸੇ ਸਮੇਂ ਕਈ ਮੀਡੀਆ ਸੰਸਥਾਵਾਂ ਨੇ ਇਸ ਕਲਿੱਪ ਨੂੰ ਚਲਾਉਣਾ ਸੁਰੂ ਕੀਤਾ। ਇਸ ਸਮੇਂ ਤੱਕ ਵੀ, ਦਿੱਲੀ ਪੁਲਿਸ ਨੇ ਮੌਤ ਬਾਰੇ ਕੋਈ ਰਸਮੀ ਬਿਆਨ ਨਹੀਂ ਦਿੱਤਾ ਸੀ ਅਤੇ ਕੋਈ ਪੋਸਟ ਮਾਰਟਮ ਵੀ ਨਹੀਂ ਕੀਤਾ ਸੀ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੁਲੀਸ ਨੇ ਕਨੂੰਨ ਦੀ ਉਲੰਘਣਾ ਕੀਤੀ ਹੈ।

ਐਡਵੋਕੇਟ ਗਰੋਵਰ ਨੇ ਅਦਾਲਤ ਵਿਚ ਕਲਿੱਪ ਬਾਰੇ




ਕਿਹਾ ਕਿ ਪੁਲਿਸ ਨੂੰ ਉਹ ਸੀ.ਸੀ.ਟੀ.ਵੀ ਫੁਟੇਜ ਦਿਖਾਉਣੇ ਚਾਹੀਦੇ ਹਨ ਜੋ ਉਸਨੇ ਸੋਸਾਇਟੀ ਦੀ ਇਮਾਰਤ ਤੋਂ ਹਾਸਲ ਕੀਤੇ ਹਨ ਜਿਸ ਵਿੱਚ ਨਵਰੀਤ ਦੀ ਮੌਤ ਦੀ ਘਟਨਾ ਦਾ ਦ੍ਰਿਸ਼ ਨੇੜਿਓਂ ਦਰਜ ਹੈ। ਗਰੋਵਰ ਨੇ ਅਦਾਲਤ ਨੂੰ ਦੱਸਿਆ ਕਿ ਦਿੱਲੀ ਪੁਲਿਸ ਦੀ ਕਾਰਵਾਈ ਦਿਨੋ ਦਿਨ ਸੱਕੀ ਹੁੰਦੀ ਜਾ ਰਹੀ ਹੈ।

ਨਵਰੀਤ ਦੀ ਮੌਤ ਤੋਂ ਬਾਅਦ ਦੇ ਦਿਨਾਂ ਵਿੱਚ, ਕਈ ਪੱਤਰਕਾਰਾਂ ਅਤੇ ਨਿਊਜ ਅਦਾਰਿਆਂ ਦੇ ਖਿਲਾਫ ਨਵਰੀਤ ਦੀ ਮੌਤ ਦੀ ਰਿਪੋਰਟ ਕਰਨ ਜਾਂ ਟਵੀਟ ਕਰਨ ਲਈ ਐਫਆਈਆਰ ਦਰਜ ਕੀਤੀ ਗਈ ਸੀ। ਇਹ ਕਿੰਨੀ ਖਤਰਨਾਕ ਗਲ ਹੈ ਕਿ ਪੁਲੀਸ ਸਚ ਨੂੰ ਛੁਪਾਕੇ ਮਨੁੱਖੀ ਹਕਾਂ ਤੇ ਕਨੂੰਨ ਦੀਆਂ ਧਜੀਆਂ ਉਡਾ ਰਹੀ ਹੈ। ਮੱਧ ਪ੍ਰਦੇਸ, ਉੱਤਰ ਪ੍ਰਦੇਸ, ਹਰਿਆਣਾ, ਕਰਨਾਟਕ ਅਤੇ ਦਿੱਲੀ ਦੇ ਵੱਖ-ਵੱਖ ਥਾਣਿਆਂ ਵਿਚ 10 ਐਫਆਈਆਰ ਦਰਜ ਕੀਤੀਆਂ ਗਈਆਂ ਸਨ। ਇਨ੍ਹਾਂ ਐਫਆਈਆਰਜ ਵਿੱਚ ਸੱਤ ਵਿਅਕਤੀਆਂ ਦੇ ਨਾਮ ਸਾਮਲ ਹਨ। ਇਨ੍ਹਾਂ ਵਿੱਚ ਦੇਸ ਧ੍ਰੋਹ, ਧਾਰਮਿਕ ਭਾਵਨਾਵਾਂ ਭੜਕਾਉਣ ,ਦੰਗੇ ਫੈਲਾਉਣ ਦੇ ਦੋਸ਼ ਲਗਾਏ ਹਨ ਤਾਂ ਜੋ ਨਵਰੀਤ ਸਿੰਘ ਦੇ ਕਤਲ ਨੂੰ ਛੁਪਾਇਆ ਜਾ ਸਕੇ। ਸੁਪਰੀਮ ਕੋਰਟ ਨੂੰ ਚਾਹੀਦਾ ਹੈ ਕਿ ਇਸ ਕਨੂੰਨੀ ਕਤਲ ਦਾ ਸਖਤ ਨੋਟਿਸ ਲਵੇ ਤੇ ਨਵਰੀਤ ਸਿੰਘ ਦੇ ਕਤਲ ਦਾ ਮੁਦਾ ਉਠਾਉਣ ਵਾਲੇ ਪਤਰਕਾਰਾਂ ਵਿਰੁਧ ਐਫਆਈਆਰਜ ਨੂੰ ਖਾਰਜ ਕਰੇ ।ਨਵਰੀਤ ਸਿੰਘ ਦੇ ਦਾਦਾ ਬਾਬਾ ਹਰਦੀਪ ਸਿੰਘ ਦੀ ਇਹ ਪਟੀਸ਼ਨ ਪੁਲੀਸ ਦੀਆਂ ਕਨੂੰਨ ਵਿਰੋਧੀ ਹਰਕਤਾਂ ਦਾ ਪਰਦਾਫਾਸ਼ ਕਰਦੀ ਹੈ ,ਜਿਸ ਵਿਚ ਉਹ ਕਹਿੰਦੇ ਹਨ ਕਿ "ਮੈਂ ਆਪਣਾ 25 ਸਾਲਾ ਪੋਤਾ ਗੁਆ ਲਿਆ ਹਾਂ ਅਤੇ ਮੈਨੂੰ ਇਹ ਜਾਨਣ ਦਾ ਅਧਿਕਾਰ ਹੈ ਕਿ ਉਸਦੀ ਮੌਤ ਕਿਵੇਂ ਹੋਈ। ਪੁਲਿਸ ਨੇ ਲਗਾਤਾਰ ਮੇਰੇ ਨਾਲ ਗਲਤ ਵਿਵਹਾਰ ਕੀਤਾ ਹੈ ਕਿ ਮੈਂ ਉਨ੍ਹਾਂ 'ਤੇ ਵਿਸਵਾਸ ਨਹੀਂ ਕਰ ਸਕਦਾ। ਪਰ ਮੈਨੂੰ ਸੱਚ ਜਾਣਨ ਦਾ ਅਧਿਕਾਰ ਹੈ ਤੇ ਇਹ ਇਨਸਾਫ ਮੈਂ ਅਦਾਲਤ ਤੋਂ ਮੰਗਦਾ ਹਾਂ। " ਦੂਸਰੇ ਪਾਸੇ ਪੁਲਿਸ ਦੇ ਵਕੀਲ ਮਹਿਰਾ ਦਾ ਕਹਿਣਾ ਹੈ ਕਿ ਨਵਰੀਤ ਦੀ ਮੌਤ ਟਰੈਕਟਰ ਪਲਟ ਜਾਣ ਕਾਰਨ ਹੋਈ ਹੈ। ਸੀਸੀਟੀਵੀ ਫੁਟੇਜ ਸਾਡੇ ਕੋਲ ਸਬੂਤ ਵਜੋਂ ਮੌਜੂਦ ਹਨ। ਨਵਰੀਤ ਦੇ ਦਾਦਾ ਨੇ ਜੋ ਸੁਆਲ ਉਠਾਏ ਹਨ ਕਿ ਨਵਰੀਤ ਦੀ ਲਾਸ ਕਈ ਘੰਟੇ ਆਈ ਟੀ ਓ ਵਿਚ ਪਈ ਸੀ ਅਤੇ ਉਹ ਜਗ੍ਹਾ ਪੁਲਿਸ ਕਮਿਸਨਰ ਦਫਤਰ ਦੇ ਬਹੁਤ ਨੇੜੇ ਸੀ ।ਪਰ ਪੁਲੀਸ ਨਹੀਂ ਪਹੁੰਚੀ। ਨਵਰੀਤ ਸਿੰਘ ਦਾਦਾ ਦਾ ਕਹਿਣਾ ਹੈ ਕਿ ਮੈ ਆਪਣੇ ਪੋਤੇ ਦੀ ਲਾਸ਼ ਨੂੰ ਝੋਲੀ ਵਿਚ ਰਖਿਆ ,ਮਥਾ ਚੁੰਮਿਆ। ਮੈ ਪੋਤੇ ਦੇ ਸਦੀਵੀ ਵਿਛੋੜੇ ਤੋਂ ਦੁਖੀ ਸਾਂ। ਮੇਰੀਆਂ ਅਖਾਂ ਵਿਚ ਹੰਝੂ ਸਨ। ਪਰ ਮੇਰੇ ਪਿਛੋਕੜ ਵਿਚ ਗੁਰੂ ਸਾਹਿਬਾਨ ਤੇ ਮੇਰੇ ਪੁਰਖਿਆ ਦੀ ਸ਼ਹਾਦਤ ਦਾ ਮਹਾਨ ਇਤਿਹਾਸ ਸੀ ,ਜਿਸਨੇ ਮੈਨੂੰ ਅਡੋਲ ਰਖਿਆ ।ਮੈਂ ਇਸ ਸਰਕਾਰੀ ਜੁਲਮ ਖਿਲਾਫ ਲੜਾਂਗਾ। ਅਸੀਂ ਸਮਝਦੇ ਹਾਂ ਕਿ 26 ਜਨਵਰੀ ਨੂੰ ਦਿੱਲੀ ਵਿਚ ਕਿਸਾਨਾਂ ਵੱਲੋਂ ਕੱਢੀ ਗਈ ਟਰੈਕਟਰ ਪਰੇਡ ਦੌਰਾਨ ਹੋਈ ਹਿੰਸਾ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਹੈ। ਉਸ ਦਿਨ ਕਿਸਾਨਾਂ ਨੇ ਨਹੀਂ ਸਗੋਂ ਸਰਕਾਰ ਨੇ ਹਿੰਸਾ ਕੀਤੀ ਸੀ ।ਝੂਠੇ ਕੇਸ ਬਣਾਕੇ ਕਿਸਾਨ ਗ੍ਰਿਫਤਾਰ ਕੀਤੇ ਹਨ। ਇਸੇ ਦੌਰਾਨ ਨਵਰੀਤ ਸਿੰਘ ਦੀ ਮੌਤ ਹੋਈ ਹੈ।

ਅਸੀਂ ਵਿਧਾਇਕ ਖਹਿਰਾ ਨਾਲ ਸਹਿਮਤ ਹਾਂ ਜੋ ਬਾਬਾ ਹਰਦੀਪ ਸਿੰਘ ਨਾਲ ਖੜੇ ਹੋਏ ਹਨ, ਨੇ ਕਿਹਾ ਹੈ ਕਿ ਨਵਰੀਤ ਦੀ ਮੌਤ ਦੇ ਮਾਮਲੇ ਵਿਚ ਕੇਂਦਰ ਸਰਕਾਰ ਤੇ ਦਿੱਲੀ ਪੁਲਿਸ ਦੀ ਕਾਰਗੁਜ਼ਾਰੀ ਨਿੰਦਣਯੋਗ ਹੈ ,ਕਿਉਂਕਿ ਜੇਕਰ ਦਿੱਲੀ ਪੁਲਿਸ ਦੇ ਕਹੇ ਮੁਤਾਬਕ ਇਹ ਮੰਨ ਲਿਆ ਜਾਵੇ ਕਿ ਨਵਰੀਤ ਦੀ ਮੌਤ ਗੋਲੀ ਨਾਲ ਨਹੀਂ ਬਲਕਿ ਹਾਦਸੇ ਕਾਰਨ ਹੋਈ ਹੈ ਤਾਂ ਵੀ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਇੱਥੋਂ ਤਕ ਕਿ 174 ਦੀ ਕਾਰਵਾਈ ਵੀ ਨਹੀਂ ਕੀਤੀ ।ਅਸੀ ਸਮਝਦੇ ਹਾਂ ਕਿ 26 ਜਨਵਰੀ ਨੂੰ ਲਾਲ ਕਿਲ੍ਹੇ 'ਤੇ ਵਾਪਰੇ ਘਟਨਾਕ੍ਰਮ ਦੀ ਮੌਜੂਦਾ ਜੱਜਾਂ ਦੇ ਪੈਨਲ ਕੋਲੋਂ ਨਿਆਂਇਕ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਉਹ 26 ਜਨਵਰੀ ਦੀ ਘਟਨਾ ਤੋਂ ਬਾਅਦ ਲਾਪਤਾ 19 ਨੌਜਵਾਨਾਂ ਤੇ ਜਿਨ੍ਹਾਂ ਉਪਰ ਕੇਸ ਦਰਜ ਕੀਤੇ ਗਏ ਹਨ, ਦੀ ਪੈਰਵੀ ਕਰਨ। ਇਹ ਮਨੁੱਖੀ ਅਧਿਕਾਰਾ ਤੇ ਸੰਵਿਧਾਨਕ ਅਜਾਦੀ ਦੀ ਘੋਰ ਉਲੰਘਣਾ ਹੈ। ਨਿਰਪਖ ਪੜਤਾਲ ਦਾ ਮਤਲਬ ਕਦੀ ਵੀ ਇਹ ਨਹੀਂ ਹੁੰਦਾ ਕਿ ਇਹ ਪੜਤਾਲ ਕੋਈ ਸਰਕਾਰੀ ਏਜੰਸੀ ਕਰੇ ਜਾਂ ਕਿਸੇ ਜਜ ਕੋਲੋ ਹੀ ਕਰਵਾਈ ਜਾਵੇ। ਨਿਰਪਖ ਜਾਂਚ ਦਾ ਮਤਲਬ ਹੁੰਦਾ ਹੈ ਕਿ ਕੋਈ ਵੀ ਧਿਰ ਜਿਸਦੀ ਲੋਕਾਂ ਵਿਚ ਚੰਗੀ ਜਾਂ ਨਿਰਪਖ ਹੋਣ ਦੀ ਸਾਖ ਬਣੀ ਹੋਵੇ, ਉਹ 26 ਜਨਵਰੀ ਦੀਆਂ ਘਟਨਾਵਾਂ ਦੀ ਵਧ ਤੋਂ ਵਧ ਤਥਾਂ ਦੇ ਆਧਾਰ ਉਤੇ ਲੜੀਵਾਰ ਵਿਆਖਿਆ ਕਰੇ ਅਤੇ ਉਸ ਨੂੰ ਲੋਕਾਂ ਦੇ ਸਾਹਮਣੇ ਰਖੇ ਤਾਂ ਕਿ ਲੋਕਾਂ ਨੂੰ ਅਸਲੀਅਤ ਦਾ ਪਤਾ ਲਗ ਸਕੇ। ਨਿਰਪਖ ਜਾਂਚ ਦਾ ਮਤਲਬ ਹੁੰਦਾ ਹੈ ਕਿ ਘਟਨਾਵਾਂ ਦੇ ਦਿਤੇ ਜਾ ਰਹੇ ਪੁਲਸੀ ਜਾਂ ਸਰਕਾਰੀ ਬਿਰਤਾਂਤ ਦਾ ਅਸਲੀ ਵਾਪਰੀਆ ਘਟਨਾਵਾਂ ਦੇ ਆਧਾਰ ਉਤੇ ਖੰਡਨ ਕਰਨਾ।

ਮਿਸਾਲ ਦੇ ਤੌਰ ਉਤੇ ਨਵੰਬਰ 1984 ਵਿਚ ਹੋਏ ਸਿਖ ਕਤਲੇਆਮ ਦੀ ਬਾਅਦ ਵਿਚ ਭਾਵੇਂ ਕਈ ਕਮਿਸ਼ਨਾਂ ਨੇ ਜਾਂਚ ਕੀਤੀ ਪਰ ਮੁਢ ਵਿਚ ਜਿਹੜੀ ਜਾਂਚ ਤਿੰਨ ਮਨੁਖੀ ਅਧਿਕਾਰ ਸੰਗਠਨਾਂ ਨੇ ਰਲ ਕੇ ਕੀਤੀ ਅਤੇ 'ਦੋਸ਼ੀ ਕੌਣ' ਦੇ ਨਾਂ ਹੇਠ ਜਿਹੜੀ ਰਿਪੋਰਟ ਉਹਨਾਂ ਨੇ ਜਾਰੀ ਕੀਤੀ, ਉਸ ਨੇ ਸਰਕਾਰੀ ਬਿਰਤਾਂਤ ਦਾ ਖੰਡਨ ਕਰ ਕੇ ਅਸਲੀਅਤ ਨੂੰ ਲੋਕਾਂ ਸਾਹਮਣੇ ਨਸ਼ਰ ਕਰ ਦਿਤਾ। ਬਾਅਦ ਦੇ ਸਾਰੇ ਸਰਕਾਰੀ ਕਮਿਸ਼ਨਾਂ ਨੇ ਭਾਵੇਂ ਇਸ ਬਿਰਤਾਂਤ ਦਾ ਖੰਡਨ ਕਰਨ ਉਤੇ ਜੋਰ ਲਾਇਆ ਪਰ ਉਹ ਆਪਣੀਆ ਇਹਨਾਂ ਕੋਸ਼ਿਸ਼ਾਂ ਵਿਚ ਅਸਫਲ ਰਹੇ। ਦੁਸ਼ਿਅੰਤ ਦਵੇ ਵਰਗੇ ਕੁਛ ਵਕੀਲ ਸਾਹਿਬਾਨ ਤੇ ਸਾਬਕਾ ਜਜਾਂ ਉਤੇ ਆਧਾਰਿਤ ਇਕ ਕਮਿਸ਼ਨ ਬਣਾ ਕੇ ਇਹਨਾਂ ਘਟਨਾਵਾਂ ਦੀ ਜਾਂਚ ਕਰਵਾਉਣ ਦਾ ਐਲਾਨ ਕਿਸਾਨ ਜਥੇਬੰਦੀਆਂ ਵਲੋਂ ਕਰਨਾ ਚਾਹੀਦਾ ਹੈ ਤਾਂ ਜੋ ਸਰਕਾਰੀ ਝੂਠੇ ਬਿਰਤਾਤਾਂ ਦਾ ਪਰਦਾਫਾਸ਼ ਕੀਤਾ ਜਾ ਸਕੇ।


**ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ**

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ






ਅਜਮੇਰ ਸਿੰਘ

# ਸਾਕਾ ਨਨਕਾਣਾ ਸਾਹਿਬ ਬਾਰੇ ਵਿਸ਼ੇਸ਼ ਜਾਣਕਾਰੀ

**ਅਵਤਾਰ ਸਿੰਘ ਮਿਸ਼ਨਰੀ**
**(5104325827)**

ਸਾਕਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਸ਼ਕ-ਸੰਮਤ ਅਤੇ ਸਾਕੇ ਬਹੁ ਵਚਨ ਸ਼ਬਦ ਹੈ। ਸਾਕਾ ਤੋਂ ਭਾਵ ਹੈ ਕਿ ਕੋਈ ਐਸਾ ਕਰਮ ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਲਾਇਕ ਹੋਵੇ। ਸਿੱਖਾਂ ਤੋਂ ਪਹਿਲੇ ਵੀ ਸਾਕੇ ਵਰਤੇ ਹਨ ਹਰੇਕ ਸੱਚ ਦੇ ਪੁਜਾਰੀ ਨਾਲ ਕੋਈ ਨਾ ਕੋਈ ਸਾਕਾ ਵਰਤਿਆ ਹੀ ਹੈ ਜਿਵੇਂ ਮਨਸੂਰ, ਸਰਮਦ ਅਤੇ ਗੇਲੀਲੀਓ ਵਰਗੇ ਉੱਚ-ਕੋਟੀ ਦੇ ਸੂਫ਼ੀ ਅਤੇ ਵਿਗਿਆਨੀ ਇਸ ਦੀ ਢੁਕਵੀਂ ਮਿਸਾਲ ਹਨ। ਪਰ ਜੋ ਛੋਟੀ ਜਿਹੀ ਸਿੱਖ ਕੌਮ ਨੇ ਲਾਸਾਨੀ ਸਾਕੇ ਵਰਤਾਏ ਅਤੇ ਹੰਢਾਏ ਉਹ ਬੇਹੱਦ ਲਾ ਮਿਸਾਲ ਹਨ। ਸਿੱਖ ਧਰਮ ਦੇ ਬਾਨੀ ਗੁਰੂ ਬਾਬਾ ਨਾਨਕ ਜੀ ਨੇ ਪੁਜਾਰੀਵਾਦ, ਬ੍ਰਾਹਮਣੀ ਕਰਮਕਾਂਡ, ਅਖੌਤੀ ਰੀਤਾਂ ਰਸਮਾਂ, ਸਰਕਾਰੀ ਜ਼ੁਲਮ ਅਤੇ ਅਨਿਆਂ ਵਿਰੁੱਧ ਉੱਠ ਖੜੇ ਹੋਣ ਦਾ ਸਾਕਾ ਵਰਤਾਇਆ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਸ਼ਬਦ ਗੁਰੂ ਦੀ ਸ਼ਾਨ ਅਤੇ 'ਸਭੇ ਸਾਂਝੀਵਾਲ ਸਦਾਇਨਿ' ਦੇ ਸਿਧਾਂਤ ਲਈ ਸ਼ਹੀਦੀ ਸਾਕਾ ਵਰਤਾਇਆ। ਗੁਰੂ ਤੇਗ ਬਹਾਦਰ ਜੀ ਨੇ ਮਜ਼ਲੂਮਾਂ ਦਾ ਧਰਮ ਬਚਾਉਣ ਲਈ ਆਪਾ ਵਾਰਿਆ, ਸਿੱਖ ਦੇਗਾਂ ਵਿੱਚ ਉੱਬਲੇ ਅਤੇ ਆਰਿਆਂ ਨਾਲ ਚੀਰੇ ਗਏ, ਇਉਂ ਸਾਕਿਆਂ ਦੀ ਲੜੀ ਚੱਲ ਪਈ। ਗੁਰੂ ਗੋਬਿੰਦ ਸਿੰਘ ਜੀ ਦੇ ਲਖ਼ਤੇ ਜਿਗਰ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਚਾਰੇ ਸਾਹਿਬਜ਼ਾਦਿਆਂ ਨੇ ਕ੍ਰਮਵਾਰ ਚਮਕੌਰ ਸਾਹਿਬ ਅਤੇ ਸਰਹਿੰਦ ਵਿਖੇ ਲਾਮਿਸਾਲ ਸਾਕੇ ਵਰਤਾ, ਵਿਲੱਖਣ ਇਤਿਹਾਸ ਸਿਰਜ ਦਿੱਤਾ। ਕਰੀਬ 91 ਸਾਲ ਪਹਿਲੇ ਇਸੇ ਇਤਿਹਾਸ ਦੇ ਵਾਰਸਾਂ ਦੇ ਨਾਲ 21 ਫਰਵਰੀ, 1921 ਨੂੰ ਗੁਰੂ ਨਾਨਕ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਇਹ ਦਰਦਨਾਕ ਸ਼ਹੀਦੀ ਸਾਕਾ 'ਸਾਕਾ ਨਨਕਾਣਾ ਸਾਹਿਬ' ਵਾਪਰਿਆ।

ਸਾਕਾ ਨਨਕਾਣਾ ਸਾਹਿਬ ਦਾ ਪਿਛੋਕੜ-ਗੁਰੂ ਕਾਲ ਸਮੇਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਅਤੇ ਪ੍ਰਬੰਧ ਦਾ ਕੰਮ ਗੁਰੂ ਸਾਹਿਬਾਨ ਦੀ ਆਪਣੀ ਨਿਗਰਾਨੀ ਹੇਠ ਹੁੰਦਾ ਸੀ ਜਾਂ ਉਨਾਂ ਵੱਲੋਂ ਨੀਯਤ ਕੀਤੇ ਹੋਏ ਕਹਿਣੀ ਤੇ ਕਰਨੀ ਦੇ ਸੂਰੇ ਸਿੱਖਾਂ ਸੇਵਕਾਂ ਦੇ ਹੱਥ ਹੋਇਆ ਕਰਦਾ ਸੀ। ਜਿਵੇਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਆਦਿਕ। ਇਸ ਸਮੇਂ ਗੁਰਦੁਆਰਾ ਪ੍ਰਬੰਧ ਵਿੱਚ ਕੋਈ ਢਿੱਲ ਨਹੀਂ ਆਈ। ਗੁਰਮਤਿ ਪ੍ਰਚਾਰ ਦੇ ਇਹ ਸੋਮੇ ਸਿੱਖ ਕੌਮ ਦੀ ਅਗਵਾਈ ਕਰਦੇ ਰਹੇ ਅਤੇ ਕੌਮ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੀ। ਸੰਨ 1617 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜਦੋਂ ਸਿੱਖ ਪੰਥ ਉੱਪਰ ਮੁਗ਼ਲ ਹਕੂਮਤ ਨੇ ਸਖ਼ਤੀ ਦਾ ਦੌਰ ਆਰੰਭ ਕੀਤਾ ਤਾਂ ਗੁਰੂ ਕੇ ਸਿੰਘ ਆਪਣੇ ਘਰ-ਘਾਟ ਤਿਆਗ ਕੇ ਪਹਾੜਾਂ, ਜੰਗਲਾਂ, ਰੇਗਿਸਤਾਨਾਂ ਅਤੇ ਹੋਰ ਸੁਰੱਖਿਅਤ ਥਾਵਾਂ ਤੇ ਜਾ ਆਪਣੀ ਦਿਨ-ਕਟੀ ਕਰਨ ਲੱਗੇ। ਉਸ ਬਿਖੜੇ ਸਮੇਂ ਸਿੱਖ ਪੰਥ ਆਪਣੇ ਪਵਿੱਤਰ ਗੁਰਧਾਮਾਂ ਦਾ ਪ੍ਰਬੰਧ ਨਾ ਕਰ ਸਕਿਆ ਤੇ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਨਿਰਮਲੇ ਅਤੇ ਉਦਾਸੀ ਸੰਪਰਦਾਇ ਦੇ ਮਹੰਤਾਂ ਕੋਲ ਚਲੀ ਗਈ। ਸ਼ੁਰੂ-ਸ਼ੁਰੂ ਵਿੱਚ ਇਨਾਂ ਮਹੰਤਾਂ ਨੇ ਬੜੇ ਸੁਚੱਜੇ ਢੰਗ ਨਾਲ ਗੁਰਧਾਮਾਂ ਦੀ ਸੇਵਾ-ਸੰਭਾਲ ਕੀਤੀ, ਪਰ ਹੌਲੀ ਹੌਲੀ ਇਨਾਂ ਨੇ ਗੁਰਦੁਆਰਿਆਂ ਅੰਦਰ ਮੰਦਰਾਂ ਵਾਂਗ ਹਿੰਦੂ ਰਹੁ-ਰੀਤੀਆਂ ਪ੍ਰਚੱਲਿਤ ਕਰ ਦਿੱਤੀਆਂ ਤੇ ਗੁਰਬਾਣੀ ਨੂੰ ਹਿੰਦੂ ਮਿਥਿਹਾਸਕ ਕਥਾ-ਕਹਾਣੀਆਂ ਦੀ ਰੰਗਤ ਦੇ ਕੇ ਪੇਸ਼ ਕਰਦੇ ਰਹੇ ਤੇ ਕਈ ਗੁਰਦੁਆਰਿਆਂ ਅੰਦਰ ਮੂਰਤੀਆਂ ਵੀ ਲਿਆ ਰੱਖੀਆਂ। ਗੁਰਦੁਆਰਿਆਂ ਵਿੱਚੋਂ ਗੁਰਮਤਿ ਦਾ ਪ੍ਰਚਾਰ ਅਤੇ ਸਿੱਖੀ-ਮਾਣ-ਮਰਯਾਦਾ ਹੌਲੀ-ਹੌਲੀ ਅਲੋਪ ਹੁੰਦੀ ਗਈ ਅਤੇ ਕਰਮਕਾਂਡਾ ਦਾ ਸਿਲਸਿਲਾ ਸ਼ੁਰੂ ਹੋ ਗਿਆ ।

ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਸ਼ਕਤੀਸ਼ਾਲੀ ਖ਼ਾਲਸਾ ਰਾਜ ਕਾਇਮ ਹੋਇਆ। ਇਸ ਸਮੇਂ ਦੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਸਰਦਾਰਾਂ ਨੇ ਇਤਿਹਾਸਕ ਗੁਰਦੁਆਰਿਆਂ ਦੇ ਨਾਮ ਜਗੀਰਾਂ, ਜਾਇਦਾਦਾਂ ਲਗਵਾਈਆਂ ਤਾਂ ਕਿ ਇਨਾਂ ਦੀ ਆਮਦਨ ਦੇ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਇਆ ਜਾ ਸਕੇ। ਨਵੀਆਂ ਇਮਾਰਤਾਂ ਦੀ ਉਸਾਰੀ ਵੀ ਕੀਤੀ ਗਈ ਪਰ ਸਿੱਖ ਸਰਦਾਰਾਂ ਨੇ ਗੁਰਦੁਆਰਿਆਂ ਦੀ ਅੰਦਰੂਨੀ ਮਾਣ-ਮਰਯਾਦਾ ਅਤੇ ਪ੍ਰਬੰਧ ਵਲ ਕੋਈ ਉਚੇਚਾ ਧਿਆਨ ਨਾ ਦਿੱਤਾ। ਸਿੱਖ ਸਰਦਾਰਾਂ ਦੀ ਇਸ ਲਾਪ੍ਰਵਾਹੀ ਕਾਰਨ, ਗੁਰਦੁਆਰਿਆਂ ਅੰਦਰ ਗੁਰਮਤਿ ਪ੍ਰਚਾਰ ਅਤੇ ਸਿੱਖੀ-ਕਦਰਾਂ ਕੀਮਤਾਂ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ।

ਸਿੱਖ ਰਾਜ ਦੇ ਪਤਨ ਤੋਂ ਬਾਅਦ ਜਦ 1849 ਈ. ਵਿੱਚ ਪੰਜਾਬ ਦੀ ਧਰਤੀ ਉੱਪਰ ਅੰਗਰੇਜ ਕਾਬਜ ਹੋ ਗਏ ਤਾਂ ਉਨਾਂ ਨੇ ਸਿੱਖ ਧਰਮ ਨੂੰ ਖ਼ਤਮ ਕਰਨ ਲਈ ਅਤੇ ਈਸਾਈ ਧਰਮ ਦੇ ਪ੍ਰਚਾਰ ਲਈ ਕਈ ਤਰਾਂ ਦੇ ਕੋਝੇ ਯਤਨ ਆਰੰਭ ਕਰਨੇ ਸ਼ੁਰੂ ਕਰ ਦਿੱਤੇ ਜਿਨਾਂ ਵਿੱਚੋਂ ਇੱਕ ਸਿੱਖ ਪੰਥ ਦੇ ਸਿੱਖੀ ਵਿਸ਼ਵਾਸ ਨੂੰ ਕਮਜ਼ੋਰ ਕਰਨਾ ਵੀ ਸੀ। ਉਨਾਂ ਦੀ ਕੋਸ਼ਿਸ਼ ਸੀ ਕਿ ਸਿੱਖਾਂ ਨੂੰ ਸਿੱਖੀ ਦੇ ਮੂਲ ਸੋਮੇ, ਗੁਰਦੁਆਰਿਆਂ ਨਾਲੋਂ ਤੋੜਿਆ ਜਾਵੇ, ਜਿਸ ਲਈ ਉਨਾਂ ਨੇ ਪੁਜਾਰੀ ਸ਼੍ਰੇਣੀ ਦੀ ਪਿੱਠ ਪੂਰਨੀ ਸ਼ੁਰੂ ਕਰ ਦਿੱਤੀ ਤਾਂ ਕਿ ਉਹ ਗੁਰਦੁਆਰਿਆਂ ਵਿੱਚ ਗੁਰਮਤਿ ਦੀ ਜਗਾ ਮਨਮੱਤ ਦਾ ਬੋਲ-ਬਾਲਾ ਕਰ ਦੇਣ।

ਗੁਰਦੁਆਰਿਆਂ ਦੀ ਪੁਜਾਰੀ ਸ਼੍ਰੇਣੀ ਜੋ ਕਿ ਲੰਬੇ ਸਮੇਂ ਤੋਂ ਪੀੜੀ ਦਰ ਪੀੜੀ, ਗੁਰਧਾਮਾਂ ਦੀ ਸੇਵਾ-ਸੰਭਾਲ ਕਰ ਰਹੀ ਸੀ, ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲਗ ਪਈ। ਉਨਾਂ ਦੇ ਆਚਰਨ ਵਿੱਚ ਗਿਰਾਵਟ ਆਉਣੀ ਸ਼ੁਰੂ ਹੋ ਗਈ। ਉਹ ਸ਼ਰਾਬੀ ਅਤੇ ਅਯਾਸ਼ ਹੋ ਗਏ ਜਿਸਦੇ ਮੁੱਖ ਕਾਰਨ ਚੌਖੀ ਆਮਦਨ ਅਤੇ ਅੰਗਰੇਜ਼ ਸਰਕਾਰ ਦੀ ਪੂਰੀ ਹਮਾਇਤ ਸੀ। ਗੁਰਦੁਆਰੇ ਸਿੱਖੀ ਜੀਵਨ ਜਾਚ ਦੇ ਕੇਂਦਰ ਨਾ ਰਹਿ ਕੇ ਅਯਾਸ਼ੀ ਦੇ ਅੱਡੇ ਬਣਾ ਦਿੱਤੇ ਗਏ। ਇੱਥੇ ਦਰਸ਼ਨ ਕਰਨ ਆਈਆਂ ਸੰਗਤਾਂ ਦੀ ਬੇਪਤੀ ਹੁੰਦੀ, ਔਰਤਾਂ ਦਾ ਸ਼ੋਸ਼ਣ ਕੀਤਾ ਜਾਂਦਾ, ਹੋਲੀ ਹੋਲੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਅਤੇ ਹੋਰ ਮਨਮਤਾਂ ਹੋਣੀਆਂ ਸ਼ੁਰੂ ਹੋ ਗਈਆਂ। ਗੁਰਦੁਆਰਿਆਂ ਨੂੰ ਚਰਚ ਵਿੱਚ ਬਦਲਣ ਲਈ ਪੁਜਾਰੀ ਸ਼੍ਰੇਣੀ ਗੁਰਦੁਆਰਿਆਂ ਨੂੰ ਈਸਾਈਆਂ ਕੋਲ ਵੇਚਣ ਲਈ ਵੀ ਤਿਆਰ ਹੋ ਗਏ। ਇਹ ਵੀ ਐਲਾਨ ਹੋਣ ਲੱਗ ਪਿਆ ਕਿ ਸਿੱਖੀ ਛੇਤੀ ਹੀ ਦੁਨੀਆ ਤੋਂ ਖ਼ਤਮ ਹੋ ਕੇ ਅਜਾਇਬ ਘਰਾਂ ਦੀਆਂ ਤਸਵੀਰਾਂ ਅਤੇ ਲਾਇਬ੍ਰੇਰੀ ਦੀਆਂ ਪੁਸਤਕਾਂ ਤੱਕ ਸੀਮਤ ਰਹਿ ਜਾਵੇਗੀ।

ਭਾਵੇਂ 19ਵੀਂ ਸਦੀ ਦੇ ਅਖੀਰ ਵਿੱਚ ਸਿੱਖ ਪੰਥ ਨੂੰ ਪ੍ਰਫੁੱਲਿਤ ਕਰਨ ਲਈ ਨਾਮਧਾਰੀ, ਨਿਰੰਕਾਰੀ ਅਤੇ ਸਿੰਘ ਸਭਾ ਆਦਿਕ ਲਹਿਰਾਂ ਚੱਲੀਆਂ ਅਤੇ ਇਨਾਂ ਦੇ ਯਤਨਾਂ ਸਦਕਾ ਸਿੱਖੀ ਦੀ ਹੋਂਦ ਬਰਕਰਾਰ ਵੀ ਹੋਈ। ਨਾਮਧਾਰੀ (ਕੂਕੇ) ਬਾਬਾ ਰਾਮ ਸਿੰਘ ਤੱਕ ਠੀਕ ਰਹੇ ਪਰ ਸਮਾਂ ਪਾ ਕੇ ਇਨਾਂ 'ਚੋਂ ਨਾਮਧਾਰੀ ਤੇ ਨਕਲੀ ਨਿਰੰਕਾਰੀ ਗੁਰੂ ਦੇ ਗੱਦੀਦਾਰ ਸ਼ਰੀਕ ਬਣ ਗਏ। ਨਿਰੰਕਾਰੀਆਂ 'ਚੋਂ ਬਾਬਾ ਦਿਆਲ ਸਿੰਘ ਵਾਲੇ ਜਿਨਾਂ ਅਨੰਦ ਕਾਰਜ ਦੀ ਰਸਮ ਸ਼ੁਰੂ ਕੀਤੀ ਉਹ ਗੁਰਮਤਿਧਾਰੀ ਸਨ ਤੇ ਹਨ। ਇਸ ਤੋਂ ਪਿੱਛੋਂ ਜਦ ਪੰਥ ਦਰਦੀ ਸਿੱਖਾਂ ਨੇ 5 ਅਕਤੂਬਰ ਸੰਨ 1920 ਈ. ਨੂੰ ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ ਤਾਂ ਸਿੱਖ ਪੰਥ ਵਿੱਚ ਇੱਕ ਨਵੀਂ ਜਾਗ੍ਰਿਤੀ ਪੈਦਾ ਹੋਈ, ਜੋ ਗੁਰਦੁਆਰਾ ਸੁਧਾਰ ਲਹਿਰ ਦੇ ਨਾਮ ਹੇਠ ਸੰਨ 1925 ਈ. ਵਿੱਚ ਗੁਰਦੁਆਰਾ ਐਕਟ ਬਣ ਜਾਣ ਤੱਕ ਚੱਲੀ। ਛੇਤੀ ਹੀ ਇੱਕ ਤੋਂ ਬਾਅਦ ਇੱਕ ਗੁਰਦੁਆਰਾ ਸਾਹਿਬਾਨ ਸਿੱਖ ਪੰਥ ਦੇ ਪ੍ਰਬੰਧ ਹੇਠ ਆਉਣੇ ਸ਼ੁਰੂ ਹੋ ਗਏ ਜਿਵੇਂ ਗੁਰਦੁਵਾਰਾ ਚੁਮਾਲਾ ਸਾਹਿਬ ਲਾਹੌਰ, ਗੁਰਦੁਵਾਰਾ ਭਾਈ ਜੋਗਾ ਸਿੰਘ ਪਿਸ਼ਾਵਰ, ਗੁਰਦੁਵਾਰਾ ਖਰਾ ਸੌਦਾ ਚੂਹੜਕਾਣਾ, ਗੁਰਦੁਵਾਰਾ ਪੰਜਾ ਸਾਹਿਬ ਅਤੇ ਗੁਰਦੁਵਾਰਾ ਦਰਬਾਰ ਸਾਹਿਬ ਤਰਨ ਤਾਰਨ ਆਦਿਕ।

ਇਸ ਵੇਲੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ 'ਚ ਆਏ ਜਿਸ ਨਾਲ ਸਿੱਖ ਪੰਥ ਨੂੰ ਮਜ਼ਬੂਤ ਜਥੇਬੰਦੀ ਪ੍ਰਾਪਤ ਹੋਈ ਅਤੇ ਮਹੰਤ ਸ਼੍ਰੇਣੀ ਅੰਦਰ ਇਹ ਡਰ ਪੈਦਾ ਹੋ ਗਿਆ ਕਿ ਛੇਤੀ ਹੀ ਗੁਰਦੁਆਰਿਆਂ ਦਾ ਪ੍ਰਬੰਧ ਉਨਾਂ ਤੋਂ ਖੁੱਸ ਜਾਵੇਗਾ ਕਿਉਂਕਿ ਉਹ ਤਾਂ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਅਤੇ ਆਮਦਨ ਦੇ ਸਾਧਨ ਸਮਝਦੇ ਸਨ। ਸਿੱਖ ਪੰਥ ਨੂੰ ਗੁਰਦੁਆਰਿਆਂ ਦੀ ਸੇਵਾ-ਸੰਭਾਲ ਆਪਣੇ ਹੱਥਾਂ ਵਿੱਚ ਲੈਣ ਲਈ ਕਾਫੀ ਘਾਲਣਾ ਘਾਲਣੀ ਅਤੇ ਕਈ ਕੁਰਬਾਨੀਆਂ ਦੇਣੀਆਂ ਪਈਆਂ।

ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸੰਨ 1920 ਵਿੱਚ ਮਹੰਤ ਨਰਾਇਣ ਦਾਸ ਕੋਲ ਸੀ ਜੋ ਅਤਿ ਦਰਜੇ ਦਾ ਸ਼ਰਾਬੀ, ਨਸ਼ਈ, ਅਯਾਸ਼ੀ ਅਤੇ ਭੈੜੇ ਆਚਰਣ ਵਾਲਾ ਹੈਵਾਨ ਸੀ। ਉਸ ਨੇ ਪਵਿੱਤਰ ਗੁਰਧਾਮ ਨੂੰ ਅਯਾਸ਼ੀ ਦਾ ਅੱਡਾ ਤੇ ਸ਼ਰਾਬੀਆਂ, ਭੰਗੀਆਂ, ਪੋਸਤੀਆਂ ਦੀ ਪਾਲਨਗਾਹ ਬਣਾ ਕੇ ਰੱਖਿਆ ਹੋਇਆ ਸੀ। ਗੁਰਦੁਆਰੇ ਅੰਦਰ ਸ਼ਰੇਆਮ ਸ਼ਰਾਬ ਦੇ ਦੌਰ ਚਲਦੇ ਤੇ ਉਸ ਨੇ 1917 ਈ. ਵਿੱਚ ਗੁਰਦੁਆਰੇ ਅੰਦਰ ਵੇਸਵਾ ਦਾ ਨਾਚ ਕਰਾਇਆ। ਮਹੰਤ ਦੀ ਇਸ ਹਰਕਤ ਨੇ ਸਿੱਖ ਜਗਤ ਅੰਦਰ ਉਸ ਦੇ ਖ਼ਿਲਾਫ਼ ਗ਼ੁੱਸੇ ਦੇ ਭਾਂਬੜ ਬਾਲ ਦਿੱਤੇ। ਅਖ਼ਬਾਰਾਂ, ਸਿੰਘ ਸਭਾਵਾਂ ਤੇ ਸੰਗਤਾਂ ਨੇ ਇਸ ਦੇ ਖ਼ਿਲਾਫ਼ ਮਤੇ ਪਾਸ ਕੀਤੇ। ਸਰਕਾਰ ਨੂੰ ਵੀ ਖ਼ਬਰ ਕੀਤੀ ਗਈ ਪਰ ਕੋਈ ਕਾਰਵਾਈ ਨਾ ਹੋਈ।

ਸੰਨ 1918 ਨੂੰ ਇੱਕ ਰਿਟਾਇਰਡ ਸਿੰਧੀ ਅਫ਼ਸਰ ਜਦ ਆਪਣੇ ਪਰਵਾਰ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਤਾਂ ਉਸ ਦੀ 13 ਸਾਲਾ ਲੜਕੀ ਦਾ ਮਹੰਤ ਦੇ ਚੇਲੇ ਨੇ ਬਲਾਤਕਾਰ ਕੀਤਾ। ਉਸੇ ਸਾਲ ਹੀ ਜ਼ਿਲਾ ਲਾਇਲਪੁਰ ਤੋਂ ਦਰਸ਼ਨਾਂ ਲਈ ਆਈਆਂ ਛੇ ਬੀਬੀਆਂ ਦਾ ਵੀ ਮਹੰਤ ਦੇ ਚੇਲਿਆਂ ਨੇ ਇਹੋ ਹਸ਼ਰ ਕੀਤਾ। ਜਦ ਕੁਝ ਸਿੱਖਾਂ ਨੇ ਮਹੰਤ ਕੋਲ ਇਸ ਗੱਲ ਦਾ ਰੋਸ ਕੀਤਾ ਤਾਂ ਅੱਗੋਂ ਉਸ ਨੇ ਇਹ ਕਿਹਾ ਕਿ ਗੁਰਦੁਆਰਾ ਸਾਡਾ ਨਿੱਜੀ ਬਿਜ਼ਨਸ ਹੈ, ਇੱਥੇ ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ। ਇਸ ਮਹੰਤ ਦੀ ਵੱਧ ਰਹੀ ਗੁੰਡਾਗਰਦੀ ਨੂੰ ਵੇਖਦੇ ਹੋਏ 26 ਜਨਵਰੀ, 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਦੀ ਅਗਵਾਈ ਹੇਠ ਗੁਰਮਤਾ ਪਾਸ ਕੀਤਾ ਗਿਆ ਕਿ 4, 5 ਅਤੇ 6 ਮਾਰਚ, 1921 ਈ. ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਪੰਥ ਦਾ ਇੱਕ ਭਾਰੀ ਇਕੱਠ ਕੀਤਾ ਜਾਵੇ ਜਿਸ ਵਿੱਚ ਗੁਰਦੁਆਰਿਆਂ ਦੇ ਸਹੀ ਪ੍ਰਬੰਧ ਤੇ ਮਹੰਤਾਂ ਬਾਰੇ ਵਿਚਾਰ ਹੋਵੇਗੀ ਖ਼ਾਸ ਕਰਕੇ ਗੁ. ਨਨਕਾਣਾ ਸਾਹਿਬ ਦੇ ਮਹੰਤ ਬਾਰੇ।

ਜਦ ਮਹੰਤ ਨਰੈਣ ਦਾਸ ਨੂੰ ਇਸ ਫ਼ੈਸਲੇ ਦੀ ਸੂਹ ਮਿਲੀ ਤਾਂ ਉਸ ਨੇ ਵੀ ਇੱਕ ਸਨਾਤਨ ਸਿੱਖ ਕਾਨਫਰੰਸ ਲਾਹੌਰ ਵਿਖੇ 1921, 20 ਅਤੇ 21 ਫਰਵਰੀ ਨੂੰ ਬਾਬਾ ਕਰਤਾਰ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਸੱਦ ਲਈ, ਜਿਸ ਵਿੱਚ ਬਹੁਤ ਸਾਰੇ ਗੁਰਦੁਆਰਿਆਂ ਦੇ ਮਹੰਤਾਂ ਅਤੇ ਸਰਬਰਾਹਾਂ ਨੂੰ ਸੱਦਾ ਦਿੱਤਾ ਗਿਆ ਜਿਸ ਵਿਚ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਦੇਣ ਤੋਂ ਇਨਕਾਰ ਕਰਦਿਆਂ ਸਾਧੂਆਂ ਤੇ ਮਹੰਤਾਂ ਦੀ ਆਪਣੀ ਵੱਖਰੀ ਕਮੇਟੀ ਕਾਇਮ ਕਰਨ ਦਾ ਮੁੱਦਾ ਰੱਖਦੇ 'ਸੰਤ ਸੇਵਕ' ਇਕ ਅਖ਼ਬਾਰ ਕੱਢਣ ਦਾ ਨਿਰਨਾ ਵੀ ਕੀਤਾ। ਇਸ ਦੇ ਨਾਲ ਹੀ ਉਸ ਨੇ ਮਾਰਚ ਵਿੱਚ ਆਉਣ ਵਾਲੇ ਸਿੱਖ ਪੰਥ ਦੇ ਆਗੂਆਂ ਨੂੰ ਖ਼ਤਮ ਕਰਨ ਲਈ ਇਲਾਕੇ ਦੇ ਰਾਂਝੇ ਅਤੇ ਰੀਹਾਨੇ ਵਰਗੇ ਚੋਟੀ ਦੇ ਬਦਮਾਸ਼ਾਂ, ਗੁੰਡਿਆਂ ਨੂੰ ਇਕੱਠਾ ਕਰ ਲਿਆ ਤੇ ਗੁਰਦੁਵਾਰੇ ਅੰਦਰ ਛਵੀਆਂ, ਗੰਡਾਸੇ, ਬੰਦੂਕਾਂ, ਪਿਸਤੌਲਾਂ ਆਦਿ ਹਥਿਆਰ ਤੇ ਭਾਰੀ ਗਿਣਤੀ ਵਿੱਚ ਗੋਲੀ ਸਿੱਕਾ, ਮਿੱਟੀ ਦਾ ਤੇਲ ਅਤੇ ਲੱਕੜਾਂ ਦਾ ਜ਼ਖ਼ੀਰਾ ਜਮਾਂ ਕਰ ਲਿਆ।

ਭਾਈ ਵਰਿਆਮ ਸਿੰਘ ਜੋ ਸੂਹੀਏ ਦੇ ਤੌਰ ਤੇ ਮਹੰਤ ਕੋਲ ਛੱਡਿਆ ਹੋਇਆ ਸੀ ਦੇ ਰਾਹੀਂ ਭਾਈ ਕਰਤਾਰ ਸਿੰਘ ਝੱਬਰ ਹੋਰਾਂ ਨੂੰ ਜਦ ਇਸ ਗੱਲ ਦੀ ਖ਼ਬਰ ਲੱਗੀ ਤਾਂ ਉਸ ਨੇ ਇਲਾਕੇ ਦੇ ਮੁਖੀ ਸਿੰਘਾਂ ਜਿਵੇਂ ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਬੂਟਾ ਸਿੰਘ ਲਾਇਲਪੁਰੀ ਆਦਿ ਨਾਲ ਸਲਾਹ ਕੀਤੀ ਕਿ ਮਾਰਚ ਦੀ ਸਿੱਖ ਕਾਨਫਰੰਸ ਤੋਂ ਪਹਿਲਾਂ ਹੀ ਮਹੰਤ ਨਾਲ ਸਿੱਝ ਲਿਆ ਜਾਵੇ। ਫਰਵਰੀ 17, 1921 ਈ. ਨੂੰ ਗੁਰਦੁਵਾਰਾ ਖਰਾ ਸੌਦਾ ਚੂਹੜਕਾਣਾ 'ਚ ਫ਼ੈਸਲਾ ਹੋਇਆ ਜਿਸਦੇ ਅਨੁਸਾਰ ਕੁੱਝ ਜੋਸ਼ੀਲੇ ਸਿੱਖਾਂ ਨੇ ਸਲਾਹ ਬਣਾਈ ਕਿ ਮਾਰਚ ਦੀ ਮੀਟਿੰਗ ਤੱਕ ਉਡੀਕ ਕਰਨੀ ਦੂਰ ਦੀ ਗੱਲ ਹੈ ਜਦੋਂ ਮਹੰਤ 19, ਫਰਵਰੀ ਨੂੰ ਸਿੱਖ ਸਨਾਤਨ ਕਾਨਫਰੰਸ ਲਈ ਲਾਹੌਰ ਜਾਵੇਗਾ, ਅਸੀਂ ਗੁਰਦੁਆਰੇ 'ਤੇ ਕਬਜ਼ਾ ਕਰ ਲਵਾਂਗੇ ਤੇ ਜਦ ਉਹ ਆਏਗਾ ਜੋ ਹੋਵੇਗਾ ਦੇਖੀ ਜਾਵੇਗੀ।

19 ਫਰਵਰੀ ਨੂੰ ਭਾਈ ਲਛਮਣ ਸਿੰਘ ਡੇਢ ਕੁ ਸੌ ਸਿੰਘਾਂ ਦਾ ਜਥਾ ਅਤੇ ਭਾਈ ਕਰਤਾਰ ਸਿੰਘ ਝੱਬਰ ਨੇ ਵੀ ਗੁਰਦੁਆਰਾ ਖਰਾ ਸੌਦਾ ਵਿਖੇ 2200 ਸਿੰਘਾਂ ਦਾ ਜਥਾ ਇਕੱਠਾ ਕਰ ਲਿਆ। ਦੂਜੇ ਪਾਸੇ 19 ਫਰਵਰੀ ਨੂੰ ਹੀ ਲਾਹੌਰ ਵਿਖੇ ਅਕਾਲੀ ਅਖ਼ਬਾਰ ਦੇ ਦਫ਼ਤਰ ਵਿੱਚ ਪੰਥਕ ਮੁਖੀਆਂ ਦੀ ਇਕੱਤਰਤਾ ਹੋਣੀ ਸੀ, ਜਿਸ ਵਿੱਚ ਮਾਸਟਰ ਤਾਰਾ ਸਿੰਘ, ਸ੍ਰ. ਤੇਜਾ ਸਿੰਘ ਸਮੁੰਦਰੀ, ਸ੍ਰ. ਹਰਚਰਨ ਸਿੰਘ, ਗਿਆਨੀ ਸਰਦੂਲ ਸਿੰਘ ਕਵੀਸਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ੍ਰ. ਜਸਵੰਤ ਸਿੰਘ ਝਬਾਲ ਅਤੇ ਭਾਈ ਦਲੀਪ ਸਿੰਘ ਇਕੱਠੇ ਹੋਏ ਸਨ। ਉੱਥੇ ਪੰਥਕ ਆਗੂਆਂ ਨੂੰ ਭਾਈ ਕਰਤਾਰ ਸਿੰਘ ਝੱਬਰ ਹੋਰਾਂ ਦੇ ਫ਼ੈਸਲੇ ਦਾ ਪਤਾ ਲੱਗਾ ਤਾਂ ਉਨਾਂ ਨੇ ਦੋਨੋਂ ਜਥਿਆਂ ਨੂੰ ਸਨੇਹਾ ਭੇਜਿਆ ਕਿ ਮਿਥੇ ਹੋਏ ਪ੍ਰੋਗਰਾਮ ਤੋਂ ਪਹਿਲੋਂ ਕੋਈ ਵੀ ਜਥਾ ਗੁ. ਨਨਕਾਣਾ ਸਾਹਿਬ ਨਾ ਭੇਜਿਆ ਜਾਵੇ। ਭਾਈ ਕਰਤਾਰ ਸਿੰਘ ਜੀ ਇਸ ਸ਼ਰਤ ਤੇ ਮੰਨ ਗਏ ਕੀ ਭਾਈ ਲਛਮਣ ਸਿੰਘ ਦੇ ਜਥਿਆਂ ਨੂੰ ਵੀ ਰਾਹ ਵਿਚੋਂ ਰੋਕਿਆ ਜਾਏ ਤਾਂਕਿ ਉਨਾਂ ਨਾਲ ਕੋਈ ਅਣਹੋਣੀ ਨਾ ਹੋ ਜਾਏ। ਵਰਿਆਮ ਸਿੰਘ, ਦਲੀਪ ਸਿੰਘ ਤੇ ਹੋਰ ਸਿੰਘਾਂ ਨੇ ਬਥੇਰੀ ਕੋਸ਼ਿਸ਼ ਕੀਤੀ ਭਾਈ ਲਛਮਣ ਸਿੰਘ ਦੇ ਜਥੇ ਦੀ ਭਾਲ ਕਰਨ ਦੀ ਤੇ ਅੰਤ ਨੂੰ ਜਦ ਇਹ ਜਥਾ ਮਿਲਿਆ ਤਾਂ ਭਾਈ ਲਛਮਣ ਸਿੰਘ ਹੋਰੀਂ ਨੇ ਮੁੜ ਵਾਪਸ ਜਾਣ ਤੋਂ ਨਾਂਹ ਕਰ ਦਿੱਤੀ। ਉਹ ਕਹਿਣ ਲੱਗੇ ਅਸੀਂ ਗੁਰਦੁਆਰਾ ਨਨਕਾਣਾ ਸਾਹਿਬ ਜਨਮ ਅਸਥਾਨ ਨੂੰ ਮਹੰਤ ਕੋਲੋਂ ਅਜ਼ਾਦ ਕਰਾਉਣ ਲਈ ਅਰਦਾਸਾ ਸੋਧ ਕੇ ਤੁਰੇ ਹਾਂ ਹੁਣ ਵਾਪਸ ਨਹੀਂ ਮੁੜ ਸਕਦੇ ਚਾਹੇ ਸਿੱਟਾ ਕੁਝ ਵੀ ਹੋਵੇ। ਅਰਦਾਸਾ ਸੋਧ ਕੇ ਪਿੱਛੇ ਹਟਣਾ ਕਾਇਰਾਂ ਦਾ ਕੰਮ ਹੈ, ਸ਼ੇਰਾਂ ਦਾ ਨਹੀਂ, ਇਹ ਕਹਿ ਕੇ ਜਥਾ ਅੱਗੇ ਚੱਲ ਪਿਆ।

20 ਫਰਵਰੀ ਨੂੰ ਸਵੇਰੇ ਛੇ ਵਜੇ ਭਾਈ ਲਛਮਣ ਸਿੰਘ ਦਾ ਜਥਾ ਸ਼ਬਦ ਪੜਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਦਾਖਲ ਹੋਇਆ। ਭਾਈ ਲਛਮਣ ਸਿੰਘ ਜੀ 'ਸ਼ਬਦ ਗੁਰੂ ਗ੍ਰੰਥ ਸਾਹਿਬ' ਦੀ ਤਾਬਿਆ ਬੈਠ ਗਏ ਅਤੇ ਆਸਾ ਕੀ ਵਾਰ ਦਾ ਕੀਰਤਨ ਆਰੰਭ ਕਰ ਦਿੱਤਾ। ਕੁਝ ਸਮੇਂ ਬਾਅਦ ਮਹੰਤ ਆਪਣੇ ਗੁੰਡਿਆਂ ਸਮੇਤ ਸ਼ਰਾਬੀ ਹਾਲਤ ਵਿੱਚ ਆਇਆ। ਉਸ ਨੇ ਸਿੰਘਾਂ ਦਾ ਘਾਣ ਕਰਨ ਲਈ ਪਹਿਲਾਂ ਹੀ ਪੂਰੀ ਤਿਆਰੀ ਕੀਤੀ ਹੋਈ ਸੀ, ਨੇ ਦਰਸ਼ਨੀ ਡਿਉਢੀ ਦਾ ਮੇਨ ਗੇਟ ਬੰਦ ਕਰਵਾ ਦਿੱਤਾ ਅਤੇ ਆਪਣੇ ਗੁੰਡਿਆਂ ਪਾਸੋਂ ਰੱਬੀ ਪਿਆਰ ਵਿੱਚ ਜੁੜੇ ਸ਼ਾਂਤਮਈ ਸਿੰਘਾਂ ਉੱਪਰ ਗੋਲੀਆਂ ਦੀ ਬੁਛਾੜ ਕਰਵਾ ਦਿੱਤੀ। ਸਿੰਘ ਸ਼ਾਂਤਮਈ ਰਹਿੰਦੇ ਹੋਏ ਸ਼ਹੀਦੀ ਪਾ ਰਹੇ ਸਨ। ਗੋਲੀਆਂ ਦੀ ਬੁਛਾੜ ਬੰਦ ਕਰਕੇ ਗੁੰਡੇ ਟਕੂਏ, ਕ੍ਰਿਪਾਨਾਂ, ਛਵੀਆਂ ਤੇ ਗੰਡਾਸੇ ਆਦਿ ਲੈ ਕੇ ਸਿੰਘਾਂ ਉੱਪਰ ਵਾਰ ਕਰਨ ਲੱਗ ਪਏ ਤੇ ਕਈਆਂ ਸਿੰਘਾਂ ਨੂੰ ਬਰਛਿਆਂ ਅਤੇ ਗੰਡਾਸਿਆਂ ਨਾਲ ਵੱਡਟੁੱਕ ਦਿੱਤਾ। ਸ਼ਹੀਦਾਂ ਅਤੇ ਜ਼ਖ਼ਮੀਆਂ ਦੇ ਢੇਰ ਇਕੱਠੇ ਕਰਕੇ ਤੇਲ ਪਾ ਕੇ ਸਾੜ ਦਿੱਤੇ ਗਏ। ਕਈਆਂ ਨੂੰ ਜਿਊਂਦਿਆਂ ਹੀ ਅੱਗ 'ਚ ਸੁੱਟ ਦਿੱਤਾ ਗਿਆ। ਭਾਈ ਲਛਮਣ ਸਿੰਘ ਨੂੰ ਜੰਡ ਨਾਲ ਪੁੱਠਾ ਲਟਕਾ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਏਨਾ ਦਿਲ-ਕੰਬਾਊ ਦ੍ਰਿਸ਼ ਸੀ ਜਿਸ ਨੇ ਔਰੰਗਜ਼ੇਬ, ਨਾਦਰ ਸ਼ਾਹ ਅਬਦਾਲੀ ਅਤੇ ਮੀਰ ਮਨੂੰ ਵਰਗਿਆਂ ਦੇ ਜ਼ੁਲਮ ਵੀ ਮਾਤ ਪਾ ਦਿੱਤੇ।

ਭਾਈ ਦਲੀਪ ਸਿੰਘ ਨੇ, ਜਦੋਂ ਗੋਲੀਆਂ ਦੀ ਆਵਾਜ਼ ਸੁਣੀ ਤਾਂ ਉਹ ਇਹ ਕਹਿ ਕੇ ਗੁਰਦੁਆਰਾ ਸਾਹਿਬ ਵੱਲ ਦੌੜ ਪਏ ਕਿ ਲੱਗਦੇ ਕਿ ਮਹੰਤ ਨੇ ਕਾਰਾ ਕਰ ਦਿੱਤਾ ਹੈ। ਜਦ ਉਹ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਮਹੰਤ ਆਪਣੇ ਗੁੰਡਿਆਂ ਪਾਸੋਂ ਸਿੰਘਾਂ ਦਾ ਘਾਣ ਕਰਵਾ ਰਿਹਾ ਸੀ। ਭਾਈ ਦਲੀਪ ਸਿੰਘ ਨੇ ਮਹੰਤ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਮਹੰਤ ਦੇ ਗੁੰਡਿਆਂ ਨੇ ਉਸ ਨੂੰ ਅਕਾਲੀ ਅਕਾਲੀ ਕਹਿ ਕੇ ਬਲਦੀ ਭੱਠੀ ਵਿੱਚ ਸੁੱਟ ਸ਼ਹੀਦ ਕਰ ਦਿੱਤਾ। ਇਹ ਸਾਰਾ ਕਾਰਾ ਕਰਨ ਤੋਂ ਬਾਅਦ ਮਹੰਤ ਨੇ ਲੱਕੜਾਂ ਦੇ ਢੇਰ ਲਗਾ ਉੱਪਰ ਮਿੱਟੀ ਦਾ ਤੇਲ ਪਾਇਆ ਅਤੇ ਉਸ 'ਤੇ ਸ਼ਹੀਦ ਹੋ ਚੁੱਕੇ ਅਤੇ ਜ਼ਖ਼ਮੀ ਸਿੰਘਾਂ ਨੂੰ ਸੁੱਟ ਕੇ ਅੱਗ ਲਗਾ ਦਿੱਤੀ।

ਇਸ ਖ਼ੂਨੀ ਸਾਕੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਦੇਸ਼ ਵਿੱਚ ਫੈਲ ਗਈ। ਕੁੱਝ ਹੀ ਘੰਟਿਆਂ ਵਿੱਚ ਸਭ ਪਾਸਿਆਂ ਤੋਂ ਸਿੱਖਾਂ ਨੇ ਨਨਕਾਣਾ ਸਾਹਿਬ ਵਲ ਵਹੀਰਾਂ ਪਾ ਦਿੱਤੀਆਂ। ਇਹ ਖ਼ਬਰ ਪੰਜਾਬ ਦੇ ਗਵਰਨਰ, ਕਮਿਸ਼ਨਰ, ਡੀ.ਸੀ. ਅਤੇ ਸ਼੍ਰੋਮਣੀ ਕਮੇਟੀ ਆਦਿ ਨੂੰ ਵੀ ਤਾਰਾਂ ਦੁਆਰਾ ਭੇਜੀ ਗਈ। ਡੀ. ਸੀ. ਮਿਸਟਰ ਕੈਰੀ ਜਦ ਗੁਰਦੁਆਰਾ ਨਨਕਾਣਾ ਸਾਹਿਬ ਪੁੱਜਾ ਤਾਂ ਉਸ ਸਮੇਂ ਮਹੰਤ ਦੇ ਆਦਮੀ ਲਾਸ਼ਾਂ ਨੂੰ ਸਾੜ ਫੂਕ ਰਹੇ ਸਨ, ਇਹ ਜ਼ੁਲਮੀ ਕਾਰਾ ਉਸ ਦੇ ਪਹੁੰਚਣ ਤੋਂ ਡੇਢ ਘੰਟੇ ਬਾਅਦ ਵੀ ਚੱਲਦਾ ਰਿਹਾ। ਮਹੰਤ ਨੂੰ ਅਜਿਹਾ ਕਰਨ ਤੋਂ ਕਿਸੇ ਨੇ ਵੀ ਨਾ ਰੋਕਿਆ। ਰਾਤ ਨੌਂ ਵਜੇ ਦੇ ਕਰੀਬ ਲਾਹੌਰ ਤੋਂ ਸਪੈਸ਼ਲ ਟਰੇਨ ਰਾਹੀਂ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਆਪਣੇ ਨਾਲ ਸੌ ਦੇ ਕਰੀਬ ਅੰਗਰੇਜ਼ ਅਫ਼ਸਰਾਂ ਅਤੇ ਸਿਪਾਹੀਆਂ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਪਹੁੰਚਿਆ ਤਾਂ ਉਸ ਵੇਲੇ ਵੀ ਮਹੰਤ ਦੇ ਹੱਥ ਵਿੱਚ ਬੰਦੂਕ ਸੀ। ਸਰਕਾਰ ਨੇ ਮਹੰਤ ਅਤੇ ਉਸ ਦੇ 26 ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਘਰੋਂ ਕਾਫੀ ਅਸਲਾ ਹਥਿਆਰ ਆਦਿਕ ਬਰਾਮਦ ਕਰ ਲਏ ਅਤੇ ਗੁਰਦੁਆਰੇ ਪਰ ਸਰਕਾਰ ਨੇ ਕਬਜ਼ਾ ਕਰ ਲਿਆ।

ਨਨਕਾਣਾ ਸਾਹਿਬ ਦੇ ਸਾਕੇ ਵੇਲੇ ਸਰਦਾਰ ਬਹਾਦਰ ਮਹਿਤਾਬ ਸਿੰਘ ਸਰਕਾਰੀ ਵਕੀਲ ਅਤੇ ਪੰਜਾਬ ਕੌਂਸਲ ਦੇ ਡਿਪਟੀ ਚੀਫ਼ ਵੀ ਮੌਜੂਦ ਸਨ। 140 ਤੋਂ ਵੱਧ ਸਿੱਖਾਂ ਦਾ ਕਾਤਲ ਮਹੰਤ ਨਰੈਣੂ ਸਰਕਾਰੀ ਅਫ਼ਸਰਾਂ ਨਾਲ ਨੇੜਤਾ ਰੱਖਦਾ ਸੀ। ਇਸ ਕਰਕੇ ਪੁਲਿਸ ਉਸ ਦਾ ਕੇਸ ਕਮਜ਼ੋਰ ਰੱਖ ਕੇ ਉਸ ਨੂੰ ਬਚਾਉਣਾ ਚਾਹੁੰਦੀ ਸੀ। ਸਰਕਾਰੀ ਸਾਜ਼ਿਸ਼ਾਂ ਨੂੰ ਵੇਖ ਕੇ ਸਰਦਾਰ ਬਹਾਦਰ ਮਹਿਤਾਬ ਸਿੰਘ ਨੇ ਸਰਕਾਰੀ ਵਕੀਲ ਦੇ ਅਹੁਦੇ ਤੋਂ ਅਤੇ ਪੰਜਾਬ ਕੌਂਸਲ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ। ਅੰਗਰੇਜ਼ਾਂ ਨੂੰ ਮਜਬੂਰ ਹੋ ਕੇ 20 ਫਰਵਰੀ ਦੀ ਰਾਤ ਨੂੰ ਹੀ ਮਹੰਤ ਅਤੇ ਉਸ ਦੇ ਸਾਥੀ ਕਾਤਲਾਂ ਨੂੰ ਲਾਹੌਰ ਸੈਂਟਰਲ ਜੇਲ ਭੇਜਣਾ ਪਿਆ।

ਅਗਲੇ ਦਿਨ 21 ਫਰਵਰੀ ਨੂੰ ਸ੍ਰ. ਮਹਿਤਾਬ ਸਿੰਘ, ਸ੍ਰ. ਹਰਬੰਸ ਸਿੰਘ ਅਟਾਰੀ ਆਦਿ ਆਗੂ ਅਤੇ ਹੋਰ ਸੰਗਤਾਂ ਵੀ ਗੁ. ਨਨਕਾਣਾ ਸਾਹਿਬ ਪਹੁੰਚ ਗਈਆਂ ਅਤੇ 21 ਫਰਵਰੀ, 1921 ਨੂੰ ਸ਼ਾਮ ਵੇਲੇ ਤੱਕ ਜਥੇਦਾਰ ਕਰਤਾਰ ਸਿੰਘ ਝੱਬਰ ਵੀ 2200 ਸਿੰਘਾਂ ਦਾ ਸ਼ਹੀਦੀ ਜਥਾ ਲੈ ਕੇ ਨਨਕਾਣਾ ਸਾਹਿਬ ਪਹੁੰਚ ਗਿਆ। ਉੱਧਰ ਪੁਲਿਸ ਨੇ ਗੁਰਦੁਆਰੇ ਨੂੰ ਤਾਲਾ ਲਾ ਕੇ ਫ਼ੌਜੀ ਨਾਕਾਬੰਦੀ ਕੀਤੀ ਹੋਈ ਸੀ।

**ਬਾਕੀ ਸਫ਼ਾ 30 'ਤੇ**

# 26 ਜਨਵਰੀ ਤੋਂ ਬਾਅਦ ਕਿਸਾਨ ਅੰਦੋਲਨ ਤੇ ਕਿਸਾਨ ਆਗੂਆਂ ਦੀ ਸਮਝ



**ਰਣਜੀਤ ਸਿੰਘ ਕੁਕੀ**

ਮੌਜੂਦਾ ਸਮੇਂ ਵਿਚ ਸ਼ਾਸਕ ਜਮਾਤ ਨੇ ਲੋਕ-ਕੇਂਦਰਿਤ ਸੱਤਾ ਨੂੰ ਤਿਲਾਂਜਲੀ ਦੇ ਦਿੱਤੀ ਹੈ। ਇਸ ਦੇ ਨਾਲ ਨਿਆਂ ਵਿਵਸਥਾ ਅਤੇ ਮੀਡੀਆ ਨੇ ਆਪਣੇ ਅਧਿਕਾਰਾਂ ਦੀ ਉਲੰਘਣਾ ਕਰਦੇ ਹੋਏ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਕੀਤਾ ਹੈ। ਸ਼ਾਂਤੀਪੂਰਵਕ ਢੰਗ ਨਾਲ ਅੰਦੋਲਨ ਕਰ ਰਹੇ ਕਿਸਾਨਾਂ ਦੀ ਸ਼ਕਤੀ ਅਸਲ ਵਿਚ ਸ਼ਾਸਨ ਅਤੇ ਸਰਕਾਰ ਦਾ ਫਾਸ਼ੀਵਾਦੀ ਚਿਹਰਾ ਵੀ ਨੰਗਾ ਕਰ ਰਹੀ ਹੈ।ਲੋਕਾਂ ਦਾ ਭਾਈਚਾਰਾ ਅਤੇ ਏਕਤਾ ਸ਼ਾਸਕਾਂ ਲਈ ਚੁਣੌਤੀਆਂ ਪੈਦਾ ਕਰ ਰਿਹਾ ਹੈ।

26 ਜਨਵਰੀ ਤੋਂ ਪਹਿਲਾਂ ਅਤੇ ਬਾਅਦ ਵਿਚ ਕਿਸਾਨ ਆਗੂ ਸ਼ਾਸਕਾਂ ਦੁਆਰਾ ਨਿਰਦੇਸ਼ਿਤ ਬਿਆਨਾਂ ਨੂੰ ਹੀ ਮੰਨਦੇ ਰਹੇ ਅਤੇ ਮੁੱਖਧਾਰਾ ਦਾ ਮੀਡੀਆ ਵੀ ਇਸੇ ਨੂੰ ਦੁਹਰਾਉਂਦਾ ਰਿਹਾ।ਸਮੇਂ ਦੀ ਲੋੜ ਇਹ ਹੈ ਕਿ ਸ਼ਾਸਕ ਅਤੇ ਮੀਡੀਆ ਦਾ ਬਿਰਤਾਂਤ ਕਿਸਾਨ ਆਗੂਆਂ ਦੇ ਵਿਚਾਰਾਂ ਅਤੇ ਵਿਚਾਰਧਾਰਾ ਨੂੰ ਪ੍ਰਭਾਵਿਤ ਨਾ ਕਰੇ ਅਤੇ ਉਹ ਮੀਡੀਆ ਦੁਆਰਾ ਫੈਲਾਏ ਜਾ ਰਹੇ ਰਾਸ਼ਟਰਵਾਦੀ ਅਤੇ ਸੰਪ੍ਰਦਾਇਕ ਪ੍ਰਚਾਰ ਤੋਂ ਆਪਣੇ ਆਪ ਨੂੰ ਅਲਹਿਦਾ ਰੱਖਣ।ਕਿਸੇ ਵੀ ਅੰਦੋਲਨ ਜਾਂ ਸੰਘਰਸ਼ ਦੀ ਵਿਚਾਰ ਪ੍ਰੀਕਿਰਿਆ ਸਰਕਾਰ ਅਤੇ ਉਸ ਦੇ ਸ਼ਾਸਕਾਂ ਦੁਆਰਾ ਪ੍ਰਚਾਰੇ ਜਾਂਦੇ ਇਤਿਹਾਸਕ, ਸਮਾਜਿਕ, ਸੱਭਿਆਚਾਰਕ, ਰਾਜਨੀਤਕ ਅਤੇ ਭੌਤਿਕ ਬਿਰਤਾਤਾਂ ਤੋਂ ਅਜ਼ਾਦ ਹੋਣੀ ਚਾਹੀਦੀ ਹੈ ਕਿਉਂਕਿ ਰਾਜਨੀਤਿਕ ਜਮਾਤ ਸੱਤਾ ਹਾਸਿਲ ਕਰਨ ਅਤੇ ਲੋਕਾਂ ਨੂੰ ਭਰਮਾਉਣ ਲਈ ਲੋਕਵਾਦ ਦੇ ਅਨੇਕਾਂ ਰੂਪਕ ਵਰਤਦੀ ਹੈ। ਉਨਾਂ ਦੀਆਂ ਲੋਕ-ਭਰਮਾਊ ਨੀਤੀਆਂ ਇਕਦਮ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਉਨਾਂ ਦੇ ਵਿਚਾਰਾਂ ਉੱਪਰ ਪਰਦਾ ਪਾ ਦਿੰਦੀਆਂ ਹਨ। ਕਿਸੇ ਵੀ ਸੰਘਰਸ਼ ਜਾਂ ਅੰਦੋਲਨ ਦੇ ਆਗੂਆਂ ਨੂੰ ਇਸ ਤਰਾਂ ਦੇ ਲੋਕ-ਭਰਮਾਊ ਵਿਚਾਰਾਂ ਤੋਂ ਆਪਣੇ ਆਪ ਨੂੰ ਅਜ਼ਾਦ ਰੱਖ ਕੇ ਚੇਤੰਨ ਦਿਮਾਗ ਨਾਲ ਆਪਣੀ ਵਿਚਾਰਧਾਰਾ ਉੱਪਰ ਖੜੇ ਰਹਿੰਦੇ ਹੋਏ ਉਸ ਸ਼ਾਸਨ ਖਿਲ਼ਾਫ ਚੁਣੌਤੀ ਬਣਨਾ ਚਾਹੀਦਾ ਹੈ ਜਿਸ ਦਾ ਉਨਾਂ ਦੇ ਮੁੱਦਿਆਂ ਨਾਲ ਕੋਈ ਸਰੋਕਾਰ ਨਹੀਂ। ਉਹੀ ਸੰਘਰਸ਼ ਆਪਣੀ ਛਾਪ ਛੱਡਣ ਵਿਚ ਕਾਮਯਾਬ ਹੁੰਦੇ ਹਨ ਜੋ ਮਜਬੂਤ ਅਤੇ ਯੋਜਨਾਬੱਧ ਵਿਚਾਰਧਾਰਾ ਉੱਪਰ ਚੱਲਦੇ ਹਨ ਅਤੇ ਸੰਘਰਸ਼ ਦੇ ਆਗੂ ਤਤਕਾਲੀਨ ਬਿਰਤਾਤਾਂ ਤੋਂ ਪਾਰ ਦੇਖ ਸਕਣ ਦੀ ਸਮਰੱਥਾ ਰੱਖਦੇ ਹਨ ਅਤੇ ਭਰਮਾਊ ਵਿਚਾਰਧਾਰਾ ਦੇ ਜਾਲ ਵਿਚ ਨਹੀਂ ਫਸਦੇ।ਪਰ ਕਿਸਾਨ ਆਗੂ ਮੀਡੀਆ ਦੇ ਪ੍ਰਚਾਰ ਥੱਲੇ ਦਬ ਗਏ।ਇਥੋਂ ਤੱਕ ਕਿ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਵਾਲੇ ਦਿਨ ਭਾਰਤੀ ਰਾਜਨੀਤਕ ਕੈਦੀਆਂ ਨਾਲ ਇਕਜੁੱਟਤਾ ਦਿਖਾਉਣ ਦੇ ਮੁੱਦੇ 'ਤੇ ਉਨਾਂ ਨੇ ਆਪਣੇ ਹੀ ਸੰਘਰਸ਼ ਦੇ ਇਕ ਹਿੱਸੇ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ।

ਮੌਜੂਦਾ ਸ਼ਾਸਨ ਨੇ ਆਪਣੀ ਭਰਮ ਪੈਦਾ ਕਰਨ ਵਾਲੀ ਸੱਤਾ ਦੁਆਰਾ ਇਕ ਅਜਿਹਾ ਰਾਜਨੀਤਿਕ ਢਾਂਚਾ ਸਿਰਜਿਆ ਜਿਸ ਨੇ ਲੋਕਾਂ ਉੱਪਰ ਡਰ ਨੂੰ ਆਪਣੀ ਪ੍ਰਮੁੱਖ ਸ਼ਕਤੀ ਬਣਾ ਲਿਆ ਹੈ।ਕੱਟੜ-ਰਾਸ਼ਟਰਵਾਦ ਦੀ ਸ਼ਕਤੀ ਨੇ ਹੋਰ ਸਭ ਪੱਖਾਂ ਦੇ ਨਾਲ-ਨਾਲ ਕਾਨੂੰਨ ਅਤੇ ਨਿਆਂ ਵਿਵਸਥਾ ਦੀਆਂ ਸਾਰੀਆਂ ਏਜੰਸੀਆਂ ਉੱਪਰ ਆਪਣਾ ਪਰਛਾਵਾਂ ਗੂੜਾ ਕਰ ਦਿੱਤਾ ਹੈ ਤਾਂ ਜੋ ਉਹ ਸਰਕਾਰੀ ਏਜੰਡਾ ਤਹਿਤ ਹੀ ਆਪਣੀਆਂ ਨੀਤੀਆਂ ਬਣਾ ਸਕਣ।ਇਸ ਨੇ ਕਿਸਾਨ ਆਗੂਆਂ ਉੱਪਰ ਵੀ ਆਪਣਾ ਪ੍ਰਭਾਵ ਪਾਇਆ ਹੈ ਜੋ ਹੁਣ ਸੰਪ੍ਰਦਾਇਕ ਕੱਟੜ-ਰਾਸ਼ਟਰਵਾਦ ਵਿਚ ਘਿਰ ਗਏ ਹਨ ਕਿਉਂਕਿ ਉਨਾਂ ਦੀ ਸੋਚਣ-ਪ੍ਰੀਕਿਰਿਆ ਅਤੇ ਵਿਚਾਰਧਾਰਾ ਅਜਿਹਾ ਹੀ ਦਿਖਾ ਰਹੀ ਹੈ।ਉਨਾਂ ਦੀ ਅਜਿਹੀ ਸੋਚ ਸਪੱਸ਼ਟਤਾ ਅਤੇ ਮੁੱਢਲ਼ੀ ਵਿਚਾਰਧਾਰਕ ਸਮਝ ਤੋਂ ਸੱਖਣੀ ਹੈ ਜੋ ਕਿਸੇ ਵੀ ਅੰਦੋਲਨ ਜਾਂ ਸੰਘਰਸ਼ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਪ੍ਰਸ਼ਾਸਨ ਦੀ ਅਜਿਹੀਆਂ ਭਰਮਾਉਣ ਵਾਲੀਆਂ ਚਾਲਾਂ ਅਤੇ ਮੀਡੀਆ ਪਰਵਕਤਾ ਦਾ ਸਾਹਮਣਾ ਕਰਨ ਲਈ ਕਿਸਾਨ ਆਗੂਆਂ ਨੂੰ ਇਸ ਅੰਦੋਲਨ ਨੂੰ ਬਚਾਉਣ ਲਈ ਆਪਣੀ ਵਿਚਾਰਧਾਰਕ ਸਮਝ ਨੂੰ ਸਥਿਰ ਵਿਚਾਰਾਂ ਨਾਲ ਪੱਕਿਆਂ ਕਰਨਾ ਪਵੇਗਾ।

ਤਿੰਨ ਖੇਤੀ ਕਾਨੂੰਨਾਂ ਨੂੰ ਲਾਗੂ ਕਰਨਾ ਅਤੇ ਸ਼ਾਸਨ ਦਾ ਲੋਕ-ਕਲਿਆਣ ਤੋਂ ਪੂੰਜੀਵਾਦ ਵੱਲ ਮੁੜਨਾ ਦਿਖਾਉਂਦਾ ਹੈ ਕਿ ਇਹ ਸਮਾਵੇਸ਼ੀ ਸ਼ਾਸਨ ਨਹੀਂ ਹੈ।ਭਾਰਤੀ ਅਰਥ ਵਿਵਸਥਾ ਵਿਚ ਖੇਤੀ ਹੀ ਅਜਿਹਾ ਇਕੋ ਇਕ ਖੇਤਰ ਹੈ ਜਿਸ ਵਿਚ ਹੋਰ ਖੇਤਰਾਂ ਦੇ ਮੁਕਾਬਲੇ ਦੀਰਘਕਾਲੀਨ ਵਿਕਾਸ ਹੁੰਦਾ ਹੈ।ਭਾਰਤ ਅਤੇ ਵਿਦੇਸ਼ਾਂ ਵਿਚੋਂ ਪੂੰਜੀਪਤੀ ਵੱਡੇ ਪੱਧਰ ਤੇ ਇਸ ਵਿਚ ਨਿਵੇਸ਼ ਕਰਨਾ ਚਾਹੁੰਦੇ ਹਨ।ਇਹ ਸਭ ਤੋਂ ਜਿਆਦਾ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਪ੍ਰਭਾਵਿਤ ਕਰੇਗਾ।ਖੇਤੀ ਖੇਤਰ ਇਕ ਅਸੰਗਠਿਤ ਖੇਤਰ ਹੈ ਜੋ ਕਿ ਇਸ ਨੂੰ ਅਸਾਨੀ ਨਾਲ ਪੂੰਜੀਵਾਦੀ ਸ਼ੋਸ਼ਣ ਦੀ ਚਪੇਟ ਵਿਚ ਲੈ ਆਉਂਦਾ ਹੈ।ਕਿਸਾਨ ਅੰਦੋਲਨ ਦੀ ਅਗਵਾਈ ਕਰ ਰਹੇ ਨੇਤਾਵਾਂ ਨੂੰ ਸ਼ਾਸਨ ਅਧਾਰਿਤ ਰਾਸ਼ਟਰਵਾਦ 'ਤੇ ਵਿਰਲਾਪ ਕਰਨ ਦੀ ਬਜਾਇ ਜਿਆਦਾ ਇਕਰਾਰੀ ਹੋਣਾ ਚਾਹੀਦਾ ਹੈ ਅਤੇ ਦਿਖਾਉਣਾ ਚਾਹੀਦਾ ਹੈ ਕਿ ਸਰਕਾਰੀ ਖਰੀਦ ਦੀ ਮੁੱਖ ਏਜੰਸੀ ਉੱਪਰ 3.81ਖਰਬ ਦਾ ਕਰਜ਼ਾ ਹੈ ਜਿਸ ਤੋਂ ਮੌਜੂਦਾ ਸਰਕਾਰ ਭੱਜ ਰਹੀ ਹੈ।ਭਾਵੇਂ ਯਥਾਪੂਰਵਕ ਸਥਿਤੀ ਵਿਚ ਬਦਲਾਅ ਆ ਰਿਹਾ ਹੈ, ਸਰਕਾਰੀ ਖਰੀਦ ਦਾ ਢਾਂਚਾ ਵੀ ਲੰਮੇ ਸਮੇਂ ਲਈ ਚੱਲ ਨਹੀਂ ਪਾਵੇਗਾ।ਇਸ ਤੋਂ ਇਲਾਵਾ ਸਿੰਚਾਈ ਵਿਵਸਥਾ, ਕਰਜ਼ਾ, ਬੀਮਾ ਅਤੇ ਭੂਮੀ ਦਾ ਉਪਜਾਊਪਣ ਅਣਸੁਲਝੇ ਸੁਆਲ ਹਨ।

ਇਹ ਦਿਖਾਉਂਦਾ ਹੈ ਕਿ ਕਿਸਾਨ ਆਗੂ ਹੁਣ ਤੱਕ ਸੱਤਾ ਦੇ ਨਸ਼ੇ ਵਿਚ ਹੰਕਾਰੇ ਪ੍ਰਸ਼ਾਸਨ ਨੂੰ ਸੰਬੋਧਿਤ ਹੋ ਰਹੇ ਸਨ ਜਿਸ ਦਾ ਸਾਰਾ ਝੁਕਾਅ ਇਕੋ ਇਕ ਵਿਕਾਸ-ਕੇਂਦਰਿਤ ਖੇਤਰ ਨੂੰ ਬਦਲ ਕੇ ਘੋਰ ਪੂੰਜੀਵਾਦ ਲੈ ਕੇ ਆਉਣ ਵੱਲ ਹੈ।ਸ਼ਹਿਰੀ ਵਰਗ ਸਰਕਾਰ ਦੀਆਂ ਇਨਾਂ ਨੀਤੀਆਂ ਪ੍ਰਤੀ ਅਤਿਅੰਤ ਨਿਸ਼ਠਾ ਦਿਖਾ ਰਿਹਾ ਹੈ।26 ਜਨਵਰੀ ਨੂੰ ਹੋਈਆਂ ਘਟਨਾਵਾਂ ਸਪੱਸ਼ਟ ਰੂਪ ਵਿਚ ਪਰਿਭਾਸ਼ਿਤ ਕਰਦੀਆਂ ਹਨ ਕਿ ਮੌਜੂਦਾ ਸ਼ਾਸਨ ਦੀ ਮਾਨਸਿਕਤਾ ਤੁਰਕੀ ਦੇ ਐਰਡੋਗਨ ਅਤੇ ਕੁਲੀਨਤੰਤਰੀ ਰੂਸ ਦੇ ਪੁਤਿਨ ਦੀ ਇਕ ਕਿਸਮ ਹੈ ਜੋ ਕਿ ਸਮਾਜਿਕ ਵੰਡਾਂ ਪਾ ਕੇ ਦਮਨ ਕਰਨ ਦੇ ਮੌਕੇ ਲੱਭਦੀ ਹੈ।ਕੱਟੜ ਰਾਸ਼ਟਰਵਾਦ ਦੇ ਏਜੰਡੇ ਨੂੰ ਅੱਗੇ ਵਧਾਉਣ ਲਈ ਡਰ ਦੇ ਤੰਤਰ ਨੂੰ ਕਾਰਗਰ ਬਣਾਇਆ ਜਾ ਰਿਹਾ ਹੈ।ਇਹ ਸ਼ਾਸਨ ਕਿਸਾਨਾਂ ਦੇ ਅੰਦੋਲਨ ਨੂੰ ਬਦਨਾਮ ਕਰਨ ਅਤੇ ਉਨਾਂ ਨੂੰ ਬੇਮੁਹਾਰੀ ਭੀੜ ਸਾਬਿਤ ਕਰਨ ਲਈ 26 ਜਨਵਰੀ ਦੀ ਘਟਨਾ ਨੂੰ ਰਾਸ਼ਟਰ ਦਾ ਅਪਮਾਨ ਅਤੇ ਸੁਰੱਖਿਆ ਲਈ ਖਤਰਾ ਦੱਸ ਰਿਹਾ ਹੈ।ਹੋਰ ਅੰਦੋਲਨਾਂ ਵਾਂਗ ਕਿਸਾਨਾਂ ਦੇ ਅੰਦੋਲਨ ਨੂੰ ਦਬਾਉਣ ਲਈ ਸ਼ਾਸਨ ਦੀ ਅਸਹਿਸ਼ੀਲਤਾ ਨੂੰ ਨੰਗਾ ਕਰਦਾ ਹੈ ਜਿੱਥੇ ਕਿਸੇ ਵੀ ਤਰਾਂ ਦੀ ਬੋਲਣ ਦੀ ਅਜ਼ਾਦੀ, ਸੱਤਾ ਵਿਰੁੱਧ ਆਪਣੀ ਅਸਹਿਮਤੀ ਦਰਜ ਕਰਨ ਨੂੰ ਵੱਖਵਾਦੀ ਗਤੀਵਿਧੀ ਗਰਦਾਨ ਦਿੱਤਾ ਜਾਂਦਾ ਹੈ।ਸੰਵਿਧਾਨਿਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਇਸ ਤਰਾਂ ਦੀ ਅਸਹਿਮਤੀ ਨੂੰ ਗੈਰ-ਵਾਜਿਬ ਢੰਗਾਂ ਨਾਲ ਦਬਾਇਆ ਜਾ ਰਿਹਾ ਹੈ।ਇਸ ਵਿਚ ਸਵਾਮੀ ਭਗਤ ਮੀਡੀਆ ਪਖਵਕਤਾ ਵੀ ਆਪਣਾ ਰੋਲ ਨਿਭਾਉਣ 'ਚ ਪਿੱਛੇ ਨਹੀ ਹਨ ਜੋ ਕਿਸਾਨਾਂ ਦੇ ਅੰਦੋਲਨ ਨੂੰ ਦਬਾਉਣ ਲਈ ਵਰਤੇ ਜਾ ਰਹੇ ਬੇਰਹਿਮ ਤਰੀਕਿਆਂ ਨੂੰ ਨਜ਼ਰਅੰਦਾਜ਼ ਕਰਕੇ ਦਿਨ-ਪੁਰ ਰਾਤ ਰਾਜਨੀਤਿਕ ਸੱਤਾ ਦਾ ਗੁਣਗਾਨ ਕਰਦੇ ਹਨ।

ਕਿਸਾਨਾਂ ਦੇ ਅੰਦੋਲਨ ਨੂੰ ਬਦਨਾਮ ਕਰਨ ਲਈ ੨੬ ਜਨਵਰੀ ਨੂੰ ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਝੁਲਾਉਣ ਵਾਲੀ ਘਟਨਾ ਨੂੰ ਵਾਰ-ਵਾਰ ਦੁਹਰਾਇਆ ਜਾ ਰਿਹਾ ਹੈ ਜਦੋਂ ਕਿ ਹਿੰਦੂਵਾਦੀ ਤਾਕਤਾਂ ਦੁਆਰਾ ਸੰਪ੍ਰਦਾਇਕ ਨਫਰਤ ਫੈਲਾਉਣ, ਸੰਸਦ ਜਿਹੀਆਂ ਸੰਵਿਧਾਨਿਕ ਸੰਸਥਾਵਾਂ ਨੂੰ ਗੈਰ-ਮਹੱਤਵਪੂਰਨ ਬਣਾਉਣ ਅਤੇ ਸਰਵਉੱਚ ਅਦਾਲਤ ਦੁਆਰਾ ਆਪਣੀਆਂ ਸੰਵਿਧਾਨਿਕ ਜ਼ਿੰਮੇਵਾਰੀਆਂ ਤੋਂ ਭੱਜਣ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।ਲੋਕਤੰਤਰੀ ਅਧਿਕਾਰਾਂ ਜਿਵੇਂ ਬੋਲਣ ਦੀ ਅਜ਼ਾਦੀ, ਹਾਸਰਸ ਪ੍ਰਗਟਾਵਾ ਅਤੇ ਮੁਹੱਬਤ ਕਰਨ ਦੀ ਅਜ਼ਾਦੀ ਨੂੰ ਅਪਰਾਧਿਕ ਘੋਸ਼ਿਤ ਕਰਨਾ ਵੀ ਇਸ ਸ਼ਾਸਨ ਦੀ ਇਕ ਹੋਰ ਝਲਕ ਹੈ।ਬੋਲਣ ਦੀ ਅਜ਼ਾਦੀ ਅਤੇ ਲੋਕਤੰਤਰੀ ਅੰਦੋਲਨ ਅਸਲ ਵਿਚ ਲੋਕਾਂ ਵਿਚ ਮੁੱਦਿਆਂ, ਕਿਸਾਨੀ ਅੰਦੋਲਨ ਇਸੇ ਦੀ ਹੀ ਉਦਾਹਰਣ ਹੈ, ਨੂੰ ਲੈ ਕੇ ਚੇਤਨਾ ਅਤੇ ਸਰੋਕਾਰ ਪੈਦਾ ਕਰਦੇ ਹਨ।ਪਰ ਇਸ ਨੂੰ ਦਬਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ।

ਨੀਤੀ ਘਾੜਿਆਂ ਅਤੇ ਲੋਕਾਂ ਵਿਚਕਾਰ ਵਿਸ਼ਵਾਸ ਦਾ ਆਪਸੀ ਪਾੜਾ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਨੀਤੀ ਘਾੜੇ ਇਕਹਰਾ ਏਜੰਡਾ ਲੈ ਕੇ ਚੱਲਦੇ ਹਨ ਅਤੇ ਨੀਤੀਆਂ ਬਣਾਉਣ ਵਿਚ ਲੋਕਾਂ ਦੀ ਭਾਗੀਦਾਰੀ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਅਜਿਹਾ ਹੀ ਖੇਤੀ ਕਾਨੂੰਨਾਂ ਦੇ ਸੰਬੰਧ ਵਿਚ ਹੋਇਆ ਹੈ। ਉਹ ਅਜਿਹੀ ਰਣਨੀਤੀ ਅਪਣਾਉਂਦੇ ਹਨ ਜਿਸ ਵਿਚ ਨੀਤੀਆਂ ਬਣਾਉਣ ਨੂੰ ਜਨਤਕ ਕਦਰਾਂ-ਕੀਮਤਾਂ ਸਿਰਜਣ ਲਈ ਨਹੀਂ, ਬਲਕਿ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ। ਇਸ ਪ੍ਰੀਕਿਰਿਆ ਵਿਚ ਇਸ ਨਾਲ ਸੰਬੰਧਿਤ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਨਹੀਂ ਰੱਖਿਆ ਜਾਂਦਾ। ਇਹ ਯੋਗ ਅਤੇ ਸੰਤੁਲਿਤ ਸ਼ਾਸਨ ਲਈ ਜਰੂਰੀ ਜਨਤਕ ਸੰਸਥਾਵਾਂ ਵਿਚ ਕੁਸ਼ਲਤਾ ਦੀ ਘਾਟ ਨੂੰ ਦਰਸਾਉਂਦਾ ਹੈ। ਰਾਜ ਦੇ ਅਧਿਕਾਰਾਂ ਦੀ ਉਲੰਘਣਾ ਕਰਦੇ ਹੋਏ ਖੇਤੀ ਕਾਨੂੰਨਾਂ ਨੂੰ ਜਲਦਬਾਜ਼ੀ ਨਾਲ ਪਾਸ ਕੀਤਾ ਗਿਆ ਜੋ ਕਿ ਕੇਂਦਰੀਕਰਨ ਦੀ ਪ੍ਰਵਿਰਤੀ ਨੂੰ ਬਲ ਦਿੰਦਾ ਹੈ।

ਕਿਸਾਨੀ ਅੰਦੋਲਨ ਦੇ ਅਨੇਕਾਂ ਆਗੂਆਂ ਨੇ ਪੇਂਡੂ ਖੇਤਰ ਨਾਲ ਜੁੜੇ ਲੋਕਾਂ ਦੇ ਸਮਰਥਨ ਅਤੇ ਜੋਸ਼ ਨੂੰ ਦੇਖਦਿਆਂ ਹੋਇਆਂ ਕਿਸੇ ਯੋਜਨਾਬੱਧ ਤਿਆਰੀ ਤੋਂ ਬਿਨਾਂ ਟਰੈਕਟਰ ਪਰੇਡ ਲਈ ਸੱਦਾ ਦਿੱਤਾ। ਇਸ ਸਾਰੇ ਜੋਸ਼ ਦੇ ਦਰਮਿਆਨ ਉਨਾਂ ਨੇ ਖਾਸ ਕਰਕੇ ਨੌਜਵਾਨਾਂ ਵਿਚ ਫੈਲੇ ਆਵੇਗ, ਜਨੂੰਨ ਅਤੇ ਵਿਰੋਧ ਦਾ ਅੰਦਾਜ਼ਾ ਨਹੀਂ ਲਗਾਇਆ। ਜਦੋਂ ਇਹ ਜਨੂੰਨੀ ਮਾਹੌਲ ਨੇ ਕਿਸਾਨ ਆਗੂਆਂ ਉੱਪਰ ਭਾਰੀ ਹੋ ਗਿਆ ਤਾਂ ਉਨਾਂ ਆਪਣੇ ਕਵਚ ਵਿਚ ਸ਼ਰਣ ਲੈ ਲਈ ਅਤੇ ਦਾਨਿਸ਼ਮੰਦ ਲੀਡਰਾਂ ਦੀ ਤਰਾਂ ਖੜਨ ਦੀ ਬਜਾਇ ਇਕ ਦੂਜੇ 'ਤੇ ਦੋਸ਼ ਮੜਨੇ ਸ਼ੁਰੂ ਕਰ ਦਿੱਤੇ।ਉਹ ਨਵ-ਉਦਾਰਵਾਦੀਆਂ ਦਾ ਸਮਰਥਨ ਪ੍ਰਾਪਤ ਸਰਕਾਰ ਦੇ ਬਿਰਤਾਤਾਂ ਅਤੇ ਮੀਡੀਆ ਪਖਵਕਤਾ ਦੁਆਰਾ ਪ੍ਰਚਾਰੇ ਰਾਸ਼ਟਰਵਾਦੀ ਪ੍ਰਵਾਹ ਵਿਚ ਵਹਿ ਗਏ। ਇਸ ਦਾ ਨਤੀਜਾ ਕਿਸਾਨ ਆਗੂਆਂ ਦੇ ਪ੍ਰਭਾਵ ਵਿਚ ਕਮੀ, ਸ਼ਾਸਨ ਦੁਆਰਾ ਸੁਰੱਖਿਆ ਇੰਤਜ਼ਾਮ ਪੁਖਤਾ ਕਰਨ, ਵੱਡੀ ਗਿਣਤੀ ਵਿਚ ਨੌਜਵਾਨਾਂ ਦੀ ਗ੍ਰਿਫਤਾਰੀ ਅਤੇ ਕਿਸਾਨ ਆਗੂਆਂ ਉੱਪਰ ਦੇਸ਼ ਧ੍ਰੋਹ ਦੇ ਪਰਚਿਆਂ ਦੇ ਰੂਪ ਵਿਚ ਨਿਕਲਿਆ।ਸੰਘਰਸ਼ ਦੀ ਮੁੱਖ ਮੰਚ ਪੰਜਾਬ ਦੇ ਆਗੂਆਂ ਤੋਂ ਬਦਲ ਕੇ ਰਾਕੇਸ਼ ਟਿਕੈਤ ਦੀ ਅਗਵਾਈ ਵਿਚ ਗਾਜ਼ੀਪੁਰ ਤਬਦੀਲ ਹੋ ਗਈ ਜਿਸ ਦੇ ਹਉਕਿਆਂ ਨੇ ਲੋਕਾਂ ਨੂੰ ਦੁਬਾਰਾ ਜੋੜਨ ਦਾ ਕੰਮ ਕੀਤਾ।ਇਸ ਸਮੇਂ ਦੌਰਾਨ ਹੀ ਸ਼ਾਂਤੀਪੂਰਵਕ ਢੰਗ ਨਾਲ ਅੰਦੋਲਨ ਕਰ ਰਹੇ ਕਿਸਾਨਾਂ ਦੁਆਲੇ ਸੁਰੱਖਿਆ ਘੇਰਾ ਭਾਰੀ ਕੰਢਿਆਂ ਵਾਲੀ ਦੀਵਾਰ ਵਿਚ ਤਬਦੀਲ ਹੋ ਗਿਆ ਜਿਸ ਨੇ ਸੰਘਰਸ਼ ਕਰ ਰਹੇ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਜਿਵੇਂ ਪਾਣੀ ਅਤੇ ਆਸ-ਪਾਸ ਜਾਣ ਤੋਂ ਵਾਂਝੇ ਕਰ ਦਿੱਤਾ। ਪੰਜਾਬ ਦੇ ਆਗੂਆਂ ਤੋਂ ਇਕੋਂ ਇਕ ਆਗੂ ਤੱਕ ਸੰਘਰਸ਼ੀ ਦ੍ਰਿਸ਼ ਦਾ ਇਸ ਤਰਾਂ ਤਬਦੀਲ ਹੋਣਾ ਚਿੰਤਾ ਵੀ ਖੜੀ ਕਰਦਾ ਹੈ ਕਿਉਂਕਿ ਇਹ ਲੀਡਰਸ਼ਿਪ ਆਪਣੇ ਹਿੰਦੂਵਾਦੀ ਝੁਕਾਅ ਕਰਕੇ ਵੀ ਜਾਣੀ ਜਾਂਦੀ ਹੈ।

ਇਹ ਵੀ ਖਦਸ਼ਾ ਹੈ ਕਿ ਇਹ ਅੰਦੋਲਨ ਅੰਨਾ ਹਜ਼ਾਰੇ ਅੰਦੋਲਨ ਵਾਲਾ ਮੋੜ ਨਾ ਲੈ ਲਵੇ ਜਿਸ ਵਿਚੋਂ ਕਿਸਾਨਾਂ ਦੀਆਂ ਮੰਗਾਂ ਨੂੰ ਪਾਸੇ ਕਰਦਾ ਹੋਇਆ ਇਕ ਹੋਰ ਕੇਜਰੀਵਾਲ ਪੈਦਾ ਹੋਵੇ।ਖੇਤੀ ਕਾਨੂੰਨਾਂ ਦਾ ਵਿਰੋਧ ਸਰਕਾਰ ਅਤੇ ਸੰਗਠਿਤ ਸੰਸਥਾਵਾਂ ਦੀ ਭਾਈਵਾਲੀ ਦਾ ਵਿਰੋਧ ਵੀ ਹੈ ਜਿਸ ਦਾ ਉਦੇਸ਼ ਖੇਤੀ ਖੇਤਰ ਨੂੰ ਕੁਝ ਕੁ ਲੋਕਾਂ ਦੇ ਹੱਥਾਂ ਵਿਚ ਕੇਂਦਰਿਤ ਕਰਨਾ ਹੈ। ਇਸ ਨੇ ਲੱਖਾਂ ਲੋਕਾਂ ਨੂੰ ਉਦਯੋਗਿਕ ਖੇਤਰ ਦੇ ਰਹਿਮ 'ਤੇ ਛੱਡ ਦੇਣਾ ਹੈ ਜਿਸ ਵਿਚ ਪਹਿਲਾਂ ਹੀ ਖੜੋਤ ਆ ਗਈ ਹੈ। ਕਿਸਾਨ ਆਗੂਆਂ ਨੂੰ ਉਨਾਂ ਸੰਗਠਿਤ ਸੰਗਠਨਾਂ ਦਾ ਸਾਹਮਣਾ ਕਰਨ ਵਿਸਤਰਿਤ ਰੂਪਰੇਖਾ ਪੇਸ਼ ਕਰਨੀ ਪਵੇਗੀ ਜੋ ਕਿ ਵਾਤਾਵਰਣ ਨੂੰ ਤਬਾਹ ਕਰਨ ਦੀ ਕੀਮਤ ਤੇ ਇਕ-ਫਸਲੀ ਚੱਕਰ ਨੂੰ ਵਧਾਵਾ ਦਿੰਦੇ ਹਨ।ਇਸ ਨੇ ਹੀ ਪੰਜਾਬ ਦੇ ਪਾਣੀਆਂ ਅਤੇ ਧਰਤੀ ਨੂੰ ਪਹਿਲਾਂ ਹੀ ਜ਼ਹਿਰੀਲਾ ਕਰ ਦਿੱਤਾ ਹੈ। ਇਕ-ਫਸਲੀ ਚੱਕਰ ਦਾ ਇਤਿਹਾਸ ਦੱਸਦਾ ਹੈ ਕਿ ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਵਿਚ ਇਸ ਦੇ ਭਿਆਨਕ ਨਤੀਜੇ ਨਿਕਲੇ। ਪੰਜਾਬ ਵਿਚ ਵੀ ਝੋਨੇ ਅਤੇ ਕਣਕ ਦੇ ਫਸਲ਼ੀ ਚੱਕਰ ਨੇ ਕੁਦਰਤੀ ਸੰਤੁਲਨ ਨੂੰ ਬਹੁਤ ਭਿਆਨਕ ਰੂਪ ਨਾਲ ਪ੍ਰਭਾਵਿਤ ਕੀਤਾ।ਉਦੇਸ਼ਹੀਣ ਪਰੇਡ ਉੱਪਰ ਸੰਸਾਧਨ ਅਤੇ ਊਰਜਾ ਖਰਚ ਕਰਨ ਨਾਲੋਂ ਸੰਘਰਸ਼ ਨੂੰ ਮਜਬੂਤੀ ਦੇਣ ਲਈ ਇਹ ਮੁੱਦੇ ਅਤੇ ਸਰੋਕਾਰ ਮੁੱਖ ਕੇਂਦਰ ਬਿੰਦੂ ਹੋਣੇ ਚਾਹੀਦੇ ਹਨ। 2004 ਵਿਚ ਰੋਮ ਵਿਚ ਹੋਏ ਤੀਹ ਲੱਖ ਲੋਕਾਂ ਦੇ ਯੁੱਧ-ਵਿਰੋਧੀ ਮਾਰਚ ਜਿਹਾ ਮਾਰਚ ਕਰਨ ਦੀ ਲੋੜ ਹੈ ਜੋ ਕਿ ਹੁਣ ਤੱਕ ਦਾ ਸਭ ਤੋਂ ਸ਼ਾਂਤੀਪੂਰਵਕ ਇਕੱਠ ਸੀ ਅਤੇ ਆਪਣੀ ਸਫਲਤਾ ਲਈ ਜਾਣਿਆ ਜਾਂਦਾ ਹੈ। ਨਾਕਾਬੰਦੀ ਅਤੇ ਬੰਦ ਦੀ ਰਾਜਨੀਤੀ ਨੂੰ ਤਰਜ਼ੀਹ ਨਹੀਂ ਦੇਣੀ ਚਾਹੀਦੀ।

ਕਿਸਾਨ ਆਗੂਆਂ ਦਾ ਸਾਹਮਣਾ ਰਾਸ਼ਟਰਵਾਦੀ ਜੋਸ਼ ਅਤੇ ਹਿੰਦੂਵਾਦੀ ਵਿਚਾਰਾਂ ਨਾਲ ਪ੍ਰੇਰਿਤ ਮਜਬੂਤ ਸ਼ਾਸਨ ਨਾਲ ਹੋ ਰਿਹਾ ਹੈ ਜੋ ਸਿੱਕਾ ਉਛਾਲਣ ਦੀ ਰਣਨੀਤੀ ਵਿਚ ਯਕੀਨ ਰੱਖਦਾ ਹੈ। ਇਹ ਮੰਨਦਾ ਹੈ ਕਿ ਅਗਰ ਸਿੱਕੇ ਦਾ ਸਾਹਮਣੇ ਵਾਲਾ ਸਿਰਾ ਆਉਂਦਾ ਹੈ ਤਾਂ ਅਸੀ ਜਿੱਤਾਂਗੇ ਅਤੇ ਅਗਰ ਪਿਛਲਾ ਸਿਰਾ ਆਉਂਦਾ ਹੈ ਤਾਂ ਤੁਸੀ ਹਾਰ ਜਾਓਂਗੇ।ਇਸ ਤਰਾਂ ਦੀ ਰਣਨੀਤੀ ਤਹਿਤ ਉਨਾਂ ਦੇ ਨੇਤਾ ਕਦੇ ਮੁੱਦੇ 'ਤੇ ਨਹੀਂ ਆਉਂਦੇ ਅਤੇ ਅੰਦੋਲਨ ਨੂੰ ਬਿਖੇਰ ਕੇ ਮਜਬੂਤ ਰਿਆਸਤ ਨੂੰ ਪ੍ਰੋਤਸਾਹਿਤ ਕਰਨਾ ਚਾਹੁੰਦੇ ਹਨ।ਇਸ ਤਰਾਂ ਦੇ ਬਿਰਤਾਂਤ ਨਾਲ ਉਹ ਸੁਰੱਖਿਆ ਉਪਕਰਨ ਵਰਤ ਕੇ ਰਿਆਸਤ ਦੀ ਸੱਤਾ ਨੂੰ ਪੂਰਣ ਰੂਪ ਵਿਚ ਸਥਾਪਿਤ ਕਰਨਾ ਚਾਹੁੰਦੇ ਹਨ ਤਾਂ ਜੋ ਸਾਰੀਆਂ ਔਕੜਾਂ ਦੇ ਬਾਵਜੂਦ ਰਾਸ਼ਟਰਵਾਦ ਦੇ ਰਾਖਿਆਂ ਦੇ ਤੌਰ ਤੇ ਆਪਣੇ ਆਪ ਨੂੰ ਪੇਸ਼ ਕਰ ਸਕਣ। ਇਸ ਤਰਾਂ ਹੀ ਉਨਾਂ ਨੇ ਹੋਰ ਲੋਕਤੰਤਰੀ ਅੰਦੋਲਨਾਂ ਨੂੰ ਦਬਾ ਕੇ ਕੀਤਾ ਹੈ।ਸਰਕਾਰ ਦੀਆਂ ਇਨਾਂ ਗਤੀਵਿਧੀਆਂ ਨੂੰ ਪ੍ਰਸਿੱਧ ਕਵੀ ਦੇ ਸ਼ਬਦਾਂ ਵਿਚ ਇਸ ਤਰਾਂ ਬਿਆਨਿਆ ਜਾ ਸਕਦਾ ਹੈ, 'ਤੁਮ ਸਿਆਸਤ ਮੇਂ ਹੋ ਜੋ ਚਾਹੇ ਨਿਆਂ ਕਰਤੇ ਰਹੋ।' ਜਦੋਂ ਕਿ ਕਿਸਾਨ ਆਗੂ ਇਸ ਦਵੰਧ ਨਾਲ ਜੂਝ ਰਹੇ ਹਨ, 'ਨਈ ਮੁਸ਼ਕਿਲ ਕੋਈ ਦਰਪੇਸ਼, ਹਰ ਮੁਸ਼ਕਿਲ ਸੇ ਆਗੇ ਹੈ।' ਝੰਡਾ ਝੁਲਾਉਣ ਵਾਲੀ ਘਟਨਾ ਤੋਂ ਬਾਅਦ ਦਾ ਦ੍ਰਿਸ਼ ਉਨਾਂ ਨੂੰ ਕਠਿਆਈ ਵਿਚ ਲੈ ਆਇਆ ਹੈ। ਇਸ ਸੰਦਰਭ ਵਿਚ ਕਿਹਾ ਜਾ ਸਕਦਾ ਹੈ:

ਗਮ-ਏ-ਆਸ਼ਕੀ ਸੇ ਕਹਿ ਦੋ ਰਹੇ ਆਮ ਤੱਕ ਨਾ ਪਹੁੰਚੇ
ਮੁਝੇ ਖੌਫ਼ ਹੈ ਕਿ ਤੋਹਮਤ ਤੇਰੇ ਨਾਮ ਤੱਕ ਨਾ ਪਹੁੰਚੇ
ਨਈ ਸੁਬਾ ਪਰ ਨਜ਼ਰ ਹੈ, ਮਗਾ ਯੇਹ ਭੀ ਡਰ ਹੈ
ਯੇਹ ਸ਼ਹਿਰ ਭੀ ਰਫ਼ਤਾ ਰਫ਼ਤਾ ਕਹੀਂ ਸ਼ਾਮ ਤੱਕ ਨਾ ਪਹੁੰਚੇ

ਭਾਰਤੀ ਸੱਤਾ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਪੈਣ ਵਾਲੇ ਹੋਰ ਪ੍ਰਭਾਵਾਂ ਤੋਂ ਪੂਰੀ ਤਰਾਂ ਜਾਣੂ ਸੀ। ਇਸ ਕਰਕੇ ਉਨਾਂ ਨੇ ਸਾਰੀ ਵਿਉਂਤਬੰਦੀ ਇਸ ਢੰਗ ਨਾਲ ਕੀਤੀ ਕਿ ਸਾਰੀ ਸਥਿਤੀ ਕਿਸਾਨ ਆਗੂਆਂ ਦੇ ਵਸੋਂ ਬਾਹਰ ਹੋ ਗਈ। ਉਹ ਅੱਗੇ ਹੋਣ ਵਾਲੀਆਂ ਘਟਨਾਵਾਂ ਅਤੇ ਹੁਕਮ-ਅਦੂਲੀ ਦੇ ਮਾਹੌਲ ਦਾ ਅੰਦਾਜ਼ਾ ਨਹੀਂ ਲਗਾ ਸਕੇ। ਇਸ ਤੋਂ ਬਾਅਦ ਕਿਸਾਨ ਆਗੂਆਂ ਦੀਆਂ ਪ੍ਰਤੀਕਿਰਿਆਵਾਂ ਨੂੰ ਮਸ਼ਹੂਰ ਬੁੱਧੀਜੀਵੀ ਥਾਮਸ ਪੇਨ ਦੁਆਰਾ ਐਡਮੰਡ ਬਰਕ ਨੂੰ ਲਿਖੇ ਇਨਾਂ ਸ਼ਬਦਾਂ ਰਾਹੀ ਸਮਝਿਆ ਜਾ ਸਕਦਾ ਹੈ, 'ਅਸੀ ਪੰਛੀ ਦੇ ਖੰਭਾਂ ਨਾਲ ਤਾਂ ਹਮਦਰਦੀ ਰੱਖਦੇ ਹਾਂ, ਪਰ ਮਰ ਰਹੇ ਪੰਛੀ ਨੂੰ ਭੁੱਲ ਜਾਂਦੇ ਹਾਂ।' ਸ਼ਾਸਨ ਦਾ ਰਵੱਈਆ ਅਤੇ ਮਨਸੂਬੇ ਨਿਆਂ ਵਿਵਸਥਾ ਜਾਂ ਝੰਡੇ ਨੂੰ ਲੈ ਕੇ ਨਹੀਂ ਸਨ, ਪਰ ਝੰਡਾ ਝੁਲਾਉਣ ਪਿੱਛੇ ਕੰਮ ਕਰ ਰਹੀ ਭਾਸ਼ਾ ਰਾਹੀ ਕਿਸਾਨ ਅੰਦੋਲਨ ਨੂੰ ਦਬਾਉਣ ਲਈ ਲੋਕਾਂ ਨੂੰ ਆਪਸ ਵਿਚ ਵੰਡਣਾ ਸੀ ਤਾਂ ਕਿ ਉਨਾਂ ਉੱਪਰ ਹੋ ਰਹੇ ਜ਼ੁਲਮ ਨੂੰ ਜਾਇਜ਼ ਠਹਿਰਾਇਆ ਜਾ ਸਕੇ ਅਤੇ ਸਰਕਾਰ ਆਪਣੀ ਸਥਿਤੀ ਮਜਬੂਤ ਕਰ ਸਕੇ। ਇਸ ਦਾ ਮਕਸਦ ਸੰਵਿਧਾਨਿਕ ਕਦਰਾਂ-ਕੀਮਤਾਂ ਦਾ ਅਪਮਾਨ ਕਰਨਾ ਸੀ। ਕਥਿਤ ਰੂਪ ਵਿਚ ਉਦਾਰਵਾਦੀ ਕਹਾਉਣ ਵਾਲੇ ਆਪਣੀ ਚੇਤੰਨਤਾ ਨੂੰ ਛੱਡ ਸਰਕਾਰੀ ਜ਼ਬਰ, ਘੋਰ ਪੂੰਜੀਵਾਦ, ਸੰਪ੍ਰਦਾਇਕਤਾ, ਵਿਰੋਧ ਨੂੰ ਅਪਰਾਧ ਘੋਸ਼ਿਤ ਕਰਨਾ, ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਅਤੇ ਅਜ਼ਾਦ ਸੰਸਥਾਵਾਂ ਦੀ ਬਰਬਾਦੀ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਸੱਚਾਈ ਇਹ ਹੈ ਕਿ ਸਮਾਜ ਵਿਚ ਮਹੱਤਵਪੂਰਨ ਰੁਤਬਾ ਰੱਖਣ ਵਾਲੇ ਵਕੀਲ, ਅਕਾਦਮਿਕ ਮੈਂਬਰ, ਮੀਡੀਆ ਘਰਾਣੇ ਅਤੇ ਨੌਕਰਸ਼ਾਹੀ ਸਭ ਮੌਜੂਦਾ ਸ਼ਾਸਨ ਸਾਹਮਣੇ ਗੋਡੇ ਟੇਕ ਰਹੇ ਹਨ। ਤਾਨਾਸ਼ਾਹੀ ਅਤੇ ਸੰਪ੍ਰਦਾਇਕ ਪ੍ਰਵਿਰਤੀ ਵਾਲੇ ਸ਼ਾਸਨ ਦਾ ਸਾਥ ਦੇ ਕੇ ਉਹ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਕਰ ਰਹੇ ਹਨ।ਜਦੋਂ ਕਿਸਾਨ ਆਗੂਆਂ ਦਾ ਸਾਹਮਣਾ ਅਜਿਹੇ ਸ਼ਾਸਕਾਂ ਨਾਲ ਹੋ ਰਿਹਾ ਹੈ ਤਾਂ ਉਨਾਂ ਕੋਲ ਇੰਨੀ ਦੂਰ-ਅੰਦੇਸ਼ੀ ਚਾਹੀਦੀ ਹੈ ਕਿ ਉਹ ਵਿਛੀ ਬਿਸਾਤ ਤੋਂ ਪਾਰ ਦੀ ਬਾਜ਼ੀ ਖੇਡਣ ਅਤੇ ਅੰਧ-ਰਾਸ਼ਟਰਵਾਦ ਦੇ ਜਾਲ ਵਿਚ ਨਾ ਫਸਣ।

9 ਅਗਸਤ 1946 ਨੂੰ ਸੰਵਿਧਾਨਿਕ ਅਸੈਂਬਲੀ ਵਿਚ ਬੋਲਦੇ ਹੋਏ ਸਰਦਾਰ ਉੱਜਲ ਸਿੰਘ ਨੇ ਕਿਹਾ ਸੀ ਕਿ ਸਿੱਖਾਂ ਵਿਚ ਅਜ਼ਾਦੀ ਦੀ ਅੱਗ ਹੈ ਅਤੇ ਉਨਾਂ ਨੇ ਇਸ ਲਈ ਲੰਮਾ ਸਮਾਂ ਸੰਘਰਸ਼ ਕੀਤਾ ਹੈ। ਇਹ ਇੱਛਾ ਅਜੇ ਵੀ ਮੌਜੂਦ ਹੈ ਪਰ ਇਸ ਨੂੰ ਵਿਅਕਤ ਕਰਨ ਦੀ ਭਾਵਨਾ ਬਦਲ ਗਈ ਹੈ। 26 ਜਨਵਰੀ ਦੀ ਘਟਨਾ ਅਸੱਭਿਅਕ ਲੱਗ ਸਕਦੀ ਹੈ ਜਿਸ ਵਿਚ ਕੁਝ ਵਿਅਕਤੀ ਨੇ ਕਿਸਾਨਾਂ ਦੇ ਭੇਸ ਵਿਚ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ, ਪਰ ਇਹ ਅਜ਼ਾਦੀ ਦਾ ਇਜ਼ਹਾਰ ਵੀ ਸੀ। ਉਨਾਂ ਖੇਤੀ ਕਾਨੂੰਨਾਂ ਤੋਂ ਵੀ, ਜਿਨਾਂ ਨੂੰ ਕਿਸਾਨ ਇਹ ਮੰਨਦੇ ਹਨ ਕਿ ਇਹ ਉਨਾਂ ਦੀਆਂ ਜ਼ਿੰਦਗੀਆਂ ਨੂੰ ਤਬਾਹ ਕਰ ਦੇਣਗੇ। ਚੀਨੀ ਦਾਰਸ਼ਨਿਕ ਕਨਫਿਊਸ਼ੀਅਸ ਨੇ ਕਿਹਾ ਸੀ ਕਿ ਤੁਸੀ ਭਾਵੀ ਘਟਨਾਵਾਂ ਲਈ ਤਿਆਰ ਰਹਿ ਸਕਦੇ ਹੋ, ਪਰ ਅਚਾਨਕ ਪੈਦਾ ਹੋਈਆਂ ਪ੍ਰਸਥਿਤੀਆਂ ਲਈ ਤਿਆਰ ਰਹਿਣਾ ਹੀ ਤੁਹਾਡੀ ਅਸਲ ਪ੍ਰੀਖਿਆ ਹੈ। ਪੰਜਾਬ ਦੇ ਕਿਸਾਨ ਆਗੂਆਂ ਨੇ ਇਸ ਸਮਝ ਦੀ ਘਾਟ ਨੂੰ ਦਰਸਾਇਆ ਹੈ। ਕਿਸੇ ਵੀ ਸੰਘਰਸ਼ ਵਿਚ ਆਗੂਆਂ ਦੀ ਦੂਰ-ਅੰਦੇਸ਼ੀ ਅਤੇ ਬੁੱਧੀਮਤਾ ਹੀ ਸੰਘਰਸ਼ ਦੇ ਪ੍ਰਵਾਹ ਨੂੰ ਅੱਗੇ ਤੋਰਦੀ ਹੈ।

# ਮੋਦੀ ਸਾਬ, ਇਤਿਹਾਸ ਦੀ ਕੰਧ 'ਤੇ ਲਿਖਿਆ ਪੜ੍ਹੋ !

## ਕਿੱਥੇ ਕੁ ਖੜ੍ਹਾ ਹੈ 'ਕਿਸਾਨ ਮੋਰਚਾ' ?

**ਜਗਰੂਪ ਸਿੰਘ ਜਰਖੜ**
**ਫੋਨ ਨੰਬਰ 9814300722**







'ਮਿਠਤੁ ਨੀਵੀਂ ਨਾਨਕਾ, ਗੁਣ ਚੰਗਿਆਈਆ ਤੱਤ' ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਅਤੇ ਗੁਰਬਾਣੀ ਦਾ ਫੁਰਮਾਨ ਹੈ ਅਤੇ ਇਤਿਹਾਸ ਵੀ ਗਵਾਹ ਹੈ ਕਿ ਨਿਮਰਤਾ ਅਤੇ ਸੱਚ ਨਾਲ ਚੱਲਣ ਵਾਲੇ ਬੰਦਿਆਂ ਨੇ ਹਮੇਸ਼ਾ ਹੀ ਜੱਸ ਖੱਟਿਆ ਹੈ ਅਤੇ ਆਪਣੀਆਂ ਸਿਆਸੀ ਕਿੜਾਂ ਕੱਢਣ ਵਾਲਿਆਂ ਨੇ ਇਤਿਹਾਸ ਵਿੱਚੋਂ ਹਮੇਸ਼ਾ ਲਾਹਨਤਾਂ ਅਤੇ ਬਦਨਾਮੀ ਨੂੰ ਹੀ ਖੱਟਿਆ ਹੈ, ਜ਼ਿੱਦ ਭਾਵੇਂ ਆਮ ਬੰਦੇ ਦੀ ਹੋਵੇ ਭਾਵੇਂ ਸਿਆਸਤਦਾਨਾਂ ਦੀ ਹੋਵੇ ਉਸ ਨੇ ਹਮੇਸ਼ਾ ਤਬਾਹੀ ਹੀ ਦੇਣੀ ਹੁੰਦੀ ਹੈ। ਇਸ ਮੌਕੇ ਦੇਸ਼ ਦਾ ਹੁਕਮਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਇਸ ਜ਼ਿੱਦ ਉੱਤੇ ਬੈਠਾ ਹੈ ਕਿ ਉਹ ਮੁਲਕ ਦੇ ਅੰਨਦਾਤੇ ਦੀਆਂ ਮੰਗਾਂ ਨਹੀਂ ਮੰਨੇਗਾ ਅਤੇ ਖੇਤੀਬਾੜੀ ਸਬੰਧੀ ਬਣਾਏ ਤਿੰਨ ਕਾਲੇ ਕਾਨੂੰਨ ਵਾਪਸ ਨਹੀਂ ਲਵੇਗਾ ਤਾਂ ਇਹ ਉਸ ਦੀ ਵੱਡੀ ਜਿੱਤ ਹੋ ਜਾਵੇਗੀ ਪਰ ਮੋਦੀ ਸਾਹਿਬ ਨੂੰ ਬਹੁਤ ਵੱਡਾ ਭੁਲੇਖਾ ਹੈ ਕਿ ਇਹ ਜ਼ਿੱਦ, ਇਹ ਜਿੱਤ, ਉਸ ਦੇ ਇਖ਼ਲਾਕ ਦੀ ਵੀ ਉਸਦੇ ਕਿਰਦਾਰ ਦੀ ਵੀ ਅਤੇ ਭਾਰਤ ਦੇ ਇਤਿਹਾਸ ਦੀ ਵੀ ਵੱਡੀ ਹਾਰ ਹੋਵੇਗੀ ।

ਮੋਦੀ ਸਾਹਿਬ ਇਤਿਹਾਸ ਕੀ ਕਹਿੰਦਾ ਹੈ। ਮੁਗ਼ਲ ਰਾਜ ਦੇ ਸੂਬਾ ਸਰਹਿੰਦ ਦੇ ਵਜ਼ੀਰ ਖਾਨ ਨੇ ਤੇਰੇ ਨਾਲੋਂ ਵੀ ਵੱਡੀ ਜਿਦ ਅਤੇ ਵੱਡੀ ਸਿਆਸੀ ਗਲਤੀ ਕੀਤੀ ਸੀ ਉਸ ਨੂੰ ਇਹ ਵੱਡਾ ਭੁਲੇਖਾ ਹੋ ਗਿਆ ਸੀ ਕਿ ਉਂਹ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਉਨਾਂ ਦੇ ਚਾਰ ਸਾਹਿਬਜ਼ਾਦਿਆਂ, ਪਰਿਵਾਰ ਅਤੇ ਹੋਰ ਸਿੰਘਾਂ ਨੂੰ ਖਤਮ ਕਰਕੇ ਪਤਾ ਨਹੀਂ ਕਿੰਨਾ ਕੁ ਵੱਡਾ ਮਹਾਂਰਥੀ ਬਣ ਜਾਵੇਗਾ, ਵਜ਼ੀਰ ਖਾਨ ਨੂੰ ਵੀ ਉਸ ਵੇਲੇ ਦੇ ਅੰਬਾਨੀ ਅਡਾਨੀ ਵਰਗੇ ਪੈਸੇ ਦੇ ਬਣੇ ਪੁੱਤ ਪਹਾੜੀ ਰਾਜਿਆਂ ਨੇ ਇਸ ਸਲਾਹ ਮਸ਼ਵਰਾ ਦਿੱਤਾ ਸੀ, ਪਰ ਹੁਕਮਰਾਨ ਵਜ਼ੀਰ ਖ਼ਾਨ ਨੂੰ ਉਸ ਦੀ ਬੇਗਮ ਨੇ ਇਕ ਕਾਲਾ ਕਾਰਨਾਮਾ ਕਰਨ ਤੋਂ ਰੋਕਿਆ ਸੀ ਪਰ ਉਸ ਨੇ ਕਿਸੇ ਦੀ ਨਾ ਮੰਨੀ ਅੱਜ ਵਜ਼ੀਰ ਖ਼ਾਨ ਕਿੱਥੇ ਐ, ਸਿੱਖ ਕੌਮ ਦਾ ਸਿਰਜਿਆ ਮਾਣਮੱਤਾ ਇਤਿਹਾਸ ਚਮਕੌਰ ਦੀ ਗੜ੍ਹੀ ਵਿੱਚ ਸਰਹਿੰਦ ਵਿੱਚੋਂ, ਅਤੇ ਖਿਦਰਾਣੇ ਦੀ ਢਾਬ ਵਿੱਚੋਂ ਗੁਜ਼ਰਦਾ ਹੋਇਆ ਮੁਗਲ ਰਾਜ ਦੇ ਹੋਏ ਮਲੀਆਮੇਟ ਅਤੇ ਖੋਜ ਖੁਰੇ ਦੇ ਸਮਾਪਤੀ ਦੀ ਦਾਸਤਾਨ ਦੀ ਕਹਾਣੀ ਪਾਉਂਦਾ ਅੱਗੇ ਹਜ਼ੂਰ ਸਾਹਿਬ ਤੱਕ ਵਜ਼ੀਰ ਖਾਨ ਦੀਆਂ ਕਰਤੂਤਾਂ ਨੂੰ ਲਾਹਨਤਾਂ ਪਾਉਂਦਾ ਜਾ ਰਿਹਾ ਹੈ । ਦੁਨੀਆਂ ਵਿੱਚ ਦਸਮੇਸ਼ ਪਿਤਾ ਦੇ ਅਤੇ ਉਸ ਦੇ ਸਿੰਘਾਂ ਦੀਆਂ ਕੁਰਬਾਨੀਆਂ ਦੇ ਅੱਜ ਵੀ ਝੰਡੇ ਝੂਲਦੇ ਹਨ। ਹੁਕਮਰਾਨ ਵਜ਼ੀਰ ਖਾਨ ਦਾ ਖੋਜ ਖੁਰਾ ਵੀ ਨਹੀਂ ਲੱਭਦਾ। ਜਿੱਤ ਸਿਆਸੀ ਜਿੱਦਾਂ ਦੀ ਨੀਂ ਹੁੰਦੀ ਜਿੱਤ ਹਮੇਸ਼ਾ ਇਖ਼ਲਾਕ ਦੀ ਹੁੰਦੀ ਹੈ। ਇੰਦਰਾ ਗਾਂਧੀ ਨੇ ਵੀ 1984 ਵਿਚ ਇਕ ਵੱਡੀ ਸਿਆਸੀ ਭੁੱਲ ਕੀਤੀ ਸੀ ਉਹ ਵੀ ਕਹਿੰਦੀ ਸੀ ਕਿ ਮੈਂ ਦਰਬਾਰ ਸਾਹਿਬ ਤੇ ਹਮਲਾ ਕਰਕੇ ਆਪਣਾ ਸਿਆਸੀ ਪੈਂਤੜਾ ਜਿੱਤ ਜਾਵੇਗੀ , ਸਿੱਖ ਕੌਮ ਦਾ ਮੱਕਾ ਢਾਹੁਣ ਤੋਂ ਬਾਅਦ ਉਸਦੇ ਚਾਪਲੂਸਾਂ ਨੇ ਬੀਬੀ ਇੰਦਰਾ ਨੂੰ ਦੁਰਗਾ ਮਾਤਾ ਦੇ ਖਿਤਾਬ ਵੀ ਦਿੱਤੇ, ਫੇਰ 4 ਮਹੀਨੇ ਬਾਅਦ ਕਿੱਥੇ ਗਈ ਦੁਰਗਾ ਮਾਤਾ, ਕਿਸੇ ਦੇ ਸਰੀਰ ਦੇ ਮਰਨ ਨਾਲ ਮੌਤ ਨਹੀਂ ਹੁੰਦੀ, ਮੌਤ ਤਾਂ ਜੋ ਆਪਣੀ ਜ਼ਮੀਰ ਦੇ ਮਰਨ ਜਾਂ ਮਾਰਨ ਨਾਲ ਹੁੰਦੀ ਹੈ। ਮਰੀ ਜ਼ਮੀਰ ਵਾਲੇ ਵੱਡੇ ਵੱਡੇ ਹੁਕਮਰਾਨਾਂ, ਰਾਜਿਆਂ ਮਹਾਰਾਜਿਆਂ ਦੀ ਪਹਿਚਾਣ ਇਤਿਹਾਸ ਵਿੱਚੋਂ ਪਹਿਲਾਂ ਵੀ ਮਨਫੀ ਹੋਈ ਹੈ, ਅੱਗੇ ਵੀ ਹੋਵੇਗੀ।

ਮੋਦੀ ਸਾਹਿਬ, ਇਹ ਉਹੀ ਕਿਸਾਨ ਹਨ ਜਿਨਾਂ ਦੇ ਪਿਓ ਦਾਦਿਆਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਜਿਨਾਂ ਨੇ 1962 -65 ,1971 ਦੀਆਂ ਜੰਗਾਂ ਲੜੀਆਂ ਜਿਨਾਂ ਨੇ ਮਰਹੂਮ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਦੇ ਦਿੱਤੇ ਨਾਹਰੇ ਤੇ ਦੇਸ਼ ਦੇ ਵਿੱਚ ਹਰੀ ਕ੍ਰਾਂਤੀ ਲਿਆਂਦੀ, ਤੇਰੇ ਅੰਬਾਨੀ ਅਡਾਨੀ ਬਿਰਲੇ ਟਾਟੇ ਕਿਹੜੇ ਬਾਰਡਰ ਤੇ ਲੜੇ ਨੇ, ਜਿਨਾਂ ਕਰਕੇ ਦੇਸ਼ ਦਾ ਅੰਨਦਾਤਾ ਕਿਸਾਨ ਸੜਕਾਂ ਤੇ ਉਤੇ ਬਾਰਡਰਾਂ ਉੱਤੇ ਆਪਣੇ ਹੱਕ ਅਤੇ ਇਨਸਾਫ਼ ਦੀ ਭੀਖ ਮੰਗ ਰਿਹਾ ਹੈ। ਤੇਰੀ ਇਹ ਜ਼ਿੱਦ ਅਤੇ ਅੜੀਅਲ ਵਤੀਰਾ ਦੇਸ਼ ਨੂੰ ਡੋਬੇਗਾ, ਜਦਕਿ ਕਿਸਾਨਾਂ ਦਾ ਹੱਠ ਅਤੇ ਤਪੱਸਿਆ ਦੇਸ਼ ਵਿੱਚ ਇੱਕ ਨਵੀਂ ਕ੍ਰਾਂਤੀ ਤੇ ਇਕ ਨਵਾਂ ਇਤਿਹਾਸ ਸਿਰਜੇਗੀ । ਕਿਸਾਨ ਇਖ਼ਲਾਕ ਦੇ ਤੌਰ 'ਤੇ, ਕਿਰਦਾਰ ਦੇ ਤੌਰ 'ਤੇ, ਸੱਚ ਦੇ ਤੌਰ ਤੇ, ਇਤਿਹਾਸ ਦੇ ਤੌਰ 'ਤੇ ਅਤੇ ਆਪਣੀ ਹੋਂਦ ਦੇ ਤੌਰ ਤੇ ਬਾਜ਼ੀ ਜਿੱਤ ਚੁੱਕਾ ਹੈ। ਸਿਰਫ਼ ਮੋਰਚਾ ਫਤਹਿ ਹੋਣਾ ਬਾਕੀ ਹੈ, ਹੁਣ ਤੇਰੇ ਘਟੀਆ ਇਖ਼ਲਾਕ ਅਤੇ ਕਿਰਦਾਰ ਦੀ ਹਾਰ ਯਕੀਨੀ ਹੈ ਕਿਉਂਕਿ ਤੂੰ ਇਤਿਹਾਸ ਤੋਂ ਨਿਗੂਣਾ ਹੈ, 'ਇਤਿਹਾਸ ਦੀ ਕੰਧ ਉੱਤੇ ਲਿਖਿਆ ਪੜ' ਕਿ ਕੌਮਾਂ ਦੀਆਂ ਕੁਰਬਾਨੀਆਂ ਨਾ ਕਦੇ ਅਜਾਈਂ ਗਈਆਂ ਨੇ ਅਤੇ ਨਾਂ ਹੀ ਕਦੇ ਅਜਾਈਂ ਜਾਣਗੀਆਂ। ਜਿਹੜੇ 100 ਦੇ ਕਰੀਬ ਕਿਸਾਨ ਇਸ ਮੋਰਚੇ ਵਿੱਚ ਸ਼ਹੀਦ ਹੋਏ ਹਨ ਉਨਾਂ ਦੀ ਕੁਰਬਾਨੀ ਕਿਸਾਨ ਮੋਰਚੇ ਦੀ ਜਿੱਤ ਦਾ ਮੁੱਢ ਬੰਨੇਗੀ। ਤੇਰੀ ਜ਼ਿੱਦ ਨੂੰ, ਤੇਰੇ ਹੰਕਾਰ ਨੂੰ, ਤੇਰੇ ਝੂਠ ਨੂੰ, ਤੇਰੀ ਆਕੜ ਨੂੰ ਲੱਖ ਲੱਖ ਲਾਹਨਤਾਂ, ਕਿਸਾਨਾਂ ਦਾ ਰੱਬ ਰਾਖਾ।

---

# ਕਿਸਾਨ ਮੋਰਚੇ ਨੇ ਇਤਿਹਾਸ ਨੂੰ ਦਿੱਤਾ ਮੋੜਾ



**- ਰਣਜੀਤ ਸਿੰਘ ਦਮਦਮੀ ਟਕਸਾਲ**
**(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)**
**88722-93883**

ਕਾਲ਼ੇ ਕਾਨੂੰਨਾਂ ਖ਼ਿਲਾਫ਼ ਮੋਰਚੇ ਦੌਰਾਨ ਇਹ ਗੱਲ ਅਕਸਰ ਸੁਣਦੇ ਹਾਂ ਕਿ ਓਨਾ ਪ੍ਰਚਾਰ ਤਾਂ ਸ਼੍ਰੋਮਣੀ ਕਮੇਟੀ ਨੇ ਪਿਛਲੇ ਵੀਹ ਸਾਲਾਂ ਵਿੱਚ ਨਹੀਂ ਕੀਤਾ, ਜਿੰਨਾ ਸਿੱਖੀ ਦਾ ਪ੍ਰਚਾਰ ਕਿਸਾਨ ਮੋਰਚੇ ਨੇ ਕਰ ਦਿੱਤਾ। ਦਰਅਸਲ ਇਸ ਮੋਰਚੇ ਨੇ ਸਿੱਖਾਂ ਬਾਰੇ ਜੋ ਭਰਮ ਭੁਲੇਖੇ ਪਾਏ ਹੋਏ ਸੀ ਉਨਾਂ ਨੂੰ ਦੂਰ ਕਰਨ, ਅਕਸ ਸੁਧਾਰਨ ਤੇ ਪੰਜਾਬ ਨੂੰ ਦੂਜਿਆਂ ਦੇ ਨੇੜੇ ਲਿਆਉਣ ਵਿੱਚ ਬੜੀ ਕਾਰਗਰ ਭੂਮਿਕਾ ਨਿਭਾਈ ਹੈ। ਹਰਿਆਣੇ ਦੇ ਲੋਕਾਂ ਪ੍ਰਤੀ ਆਮ ਪੰਜਾਬੀਆਂ ਨੂੰ ਇਹੀ ਜਾਪਦਾ ਸੀ ਕਿ ਉਹ ਦਰਿਆਈ ਪਾਣੀਆਂ ਦੇ ਮੁੱਦੇ ਤੇ ਹੋਰ ਕਈ ਕਾਰਨਾਂ ਕਰਕੇ ਪੰਜਾਬ ਦੇ ਲੋਕਾਂ ਨੂੰ ਦੁਸ਼ਮਣ ਸਮਝਦੇ ਨੇ। ਹਰਿਆਣਾ ਅਤੇ ਪੰਜਾਬ ਬਣਨ ਤੋਂ ਬਾਅਦ ਦੋਹਾਂ ਸੂਬਿਆਂ ਦੇ ਲੋਕ ਬੇਸ਼ੱਕ ਦਿੱਲੀ ਦਰਬਾਰ ਦੀ ਕੋਝੀ ਸਿਆਸਤ ਦੇ ਇੱਕੋ ਜਿਹੇ ਸ਼ਿਕਾਰ ਰਹੇ ਹੋਣ, ਪਰ ਪੰਜਾਬ ਵਿੱਚ ਇਹੀ ਸਮਝਿਆ ਜਾਂਦਾ ਰਿਹਾ ਹੈ ਕਿ ਹਰਿਆਣੇ ਵਿੱਚ ਤਾਂ ਕੇਂਦਰ ਸਰਕਾਰ ਦੀ ਨਜ਼ਰ ਸਵੱਲੀ ਰਹਿੰਦੀ ਹੈ, ਪਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਹੈ। ਹਰਿਆਣੇ ਵਿੱਚ ਧਰਮ ਯੁੱਧ ਮੋਰਚੇ ਦੌਰਾਨ ਏਸ਼ੀਆਈ ਖੇਡਾਂ ਮੌਕੇ 1982 ਵਿੱਚ ਜਿਵੇਂ ਪੰਜਾਬ ਦੇ ਸਿੱਖਾਂ ਨੂੰ ਜ਼ਲੀਲ ਕੀਤਾ ਗਿਆ ਸੀ ਉਸ ਦੀ ਘਿਨਾਉਣੀ ਯਾਦ ਦਾ ਪਰਛਾਵਾਂ ਕਿਸੇ ਨਾ ਕਿਸੇ ਬਹਾਨੇ ਉਭਰਦਾ ਰਹਿੰਦਾ ਹੈ। ਹਰਿਆਣੇ ਵਿੱਚ ਹੋਣ ਵਾਲੇ ਅੰਦੋਲਨਾਂ ਮੌਕੇ ਪੰਜਾਬੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਖ਼ਬਰਾਂ ਲੋਕਾਂ ਨੂੰ ਖਾੜਕੂਵਾਦ ਦੇ ਵੇਲ਼ਿਆਂ ਨਾਲ ਜੋੜਦੀਆਂ ਹਨ ਜਦ ਹਰਿਆਣੇ ਦੇ ਸਿੱਖ ਹਰ ਵੇਲੇ ਹਰਿਆਣਵੀ ਦਹਿਸ਼ਤ ਦੇ ਖ਼ਤਰੇ ਹੇਠ ਰਹਿੰਦੇ ਸਨ। ਹੋ ਸਕਦਾ ਹੈ ਕਿ ਹਰਿਆਣੇ ਦੇ ਲੋਕਾਂ ਨੂੰ ਵੀ ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਪ੍ਰਤੀ ਇਹੋ ਜਿਹੇ ਖਿਆਲ ਹੋਣ ਭਾਵੇਂ ਇਹ ਸਭ ਕੁਝ ਦਿੱਲੀ ਦੀ ਸਿਆਸਤ ਕਰਕੇ ਵਾਪਰਦਾ ਹੈ ਪਰ ਭੋਗਦੇ ਦੋਹਾਂ ਸੂਬਿਆਂ ਦੇ ਲੋਕ ਹਨ। ਆਮ ਪੰਜਾਬੀ ਲੋਕਾਂ ਦੇ ਮਨਾਂ ਵਿਚ ਹਰਿਆਣਵੀ ਲੋਕਾਂ ਪ੍ਰਤੀ ਅਪਣੱਤ ਵਾਲਾ ਰਿਸ਼ਤਾ ਨਹੀਂ ਸਗੋਂ ਵਿਰੋਧ ਤੇ ਖੜੋਤ ਤੇ ਕੁੜੱਤਣ ਹੀ ਭਾਰੂ ਰਹੀ ਹੈ ਪਰ ਇਸ ਅੰਦੋਲਨ ਦੌਰਾਨ ਨਵੇਂ ਸਮੀਕਰਨ ਬਣ ਗਏ ਹਨ। ਹਰਿਆਣੇ ਦੇ ਲੋਕਾਂ ਨੇ ਪੰਜਾਬੀਆਂ ਦਾ ਦਿਲ ਖੋਲ ਕੇ ਸਵਾਗਤ ਕੀਤਾ ਹੈ। ਹਰਿਆਣੇ ਦੇ ਬਜ਼ੁਰਗਾਂ ਤੇ ਜਵਾਨਾਂ ਨਾਲ ਪੰਜਾਬੀ ਸਿੱਖਾਂ ਦੀ ਸਾਂਝ ਨੇੜਤਾ, ਅਪਣੱਤ ਨੇ ਉਨਾਂ ਸਿਆਸੀ ਲੋਕਾਂ ਨੂੰ ਬੇਹੱਦ ਤਕਲੀਫ ਦਿੱਤੀ ਹੈ ਜੋ ਦਹਾਕਿਆਂ ਤੋਂ ਦੋਹਾਂ ਸੂਬਿਆਂ ਦੇ ਲੋਕਾਂ ਨੂੰ ਦਬਾ ਕੇ ਆਪਣੀ ਸਿਆਸਤ ਚਲਾ ਰਹੇ ਹਨ। ਹਰਿਆਣੇ ਨਾਲ ਪੰਜਾਬੀ ਬੋਲਦੇ ਇਲਾਕੇ ਅਤੇ ਹੋਰ ਕਈ ਮੁੱਦਿਆਂ ਉੱਤੇ ਪੰਜਾਬ ਦੀ ਟੱਕਰ ਲੱਗੀ ਰਹੀ ਹੈ, ਪਰ ਹੁਣ ਵਾਲੀ ਪੀੜੀ ਜਾਣ ਗਈ ਹੈ ਕਿ ਇਸ ਤਰਾਂ ਦੇ ਕਲੇਸ਼ਾਂ ਲਈ ਆਮ ਹਰਿਆਣਵੀ ਜਾਂ ਆਮ ਪੰਜਾਬੀ ਲੋਕਾਂ ਦਾ ਕੋਈ ਕਸੂਰ ਨਹੀਂ ਇਹ ਸਭ ਕੁਝ ਕੋਝੀ ਸਿਆਸਤ ਕਰਕੇ ਹੋਇਆ ਹੈ। ਗੱਲ ਕੇਵਲ ਹਰਿਆਣੇ ਦੀ ਨਹੀਂ, ਰਾਜਸਥਾਨ ਨਾਲ ਵੀ ਪੰਜਾਬ ਦਾ ਦਰਿਆਈ ਪਾਣੀਆਂ ਕਰਕੇ ਵਿਵਾਦ ਹੈ ਪਰ ਹੁਣ ਜਦ ਗੋਦੀ ਮੀਡੀਆ ਨੇ ਸੰਘਰਸ਼ ਨੂੰ ਭੰਡਣ ਲਈ ਖ਼ਾਲਿਸਤਾਨੀ ਹੋਣ ਦਾ ਪ੍ਰਚਾਰ ਕੀਤਾ ਤਾਂ ਹਰਿਆਣੇ ਅਤੇ ਰਾਜਸਥਾਨ ਦੇ ਲੋਕ ਮੀਡੀਆ ਸਾਹਮਣੇ ਹਿੱਕ ਠੋਕ ਕੇ ਕਹਿੰਦੇ ਰਹੇ ਕਿ ਜੇ ਆਪਣੇ ਹੱਕਾਂ ਲਈ ਲੜਨਾ ਖਾਲਿਸਤਾਨੀਆਂ ਦਾ ਕੰਮ ਹੈ ਤਾਂ ਅਸੀਂ ਵੀ ਖਾਲਿਸਤਾਨੀ ਹਾਂ। ਕਿਸੇ ਵੇਲੇ ਸਾਰੇ ਭਾਰਤੀਆਂ ਨੂੰ ਨਫਰਤ ਸੀ ਕਿ ਸਿੱਖ ਖ਼ਾਲਿਸਤਾਨ ਮੰਗਦੇ ਹਨ, ਕਿਸੇ ਵੇਲੇ ਸਾਰੇ ਭਾਰਤੀ ਲੋਕ ਹਕੂਮਤੀ ਮੀਡੀਏ ਦੇ ਅਸਰ ਹੇਠ ਪੰਜਾਬੀਆਂ ਤੇ ਸਿੱਖਾਂ ਨੂੰ ਦੇਸ਼ ਦੇ ਦੁਸ਼ਮਣ ਸਮਝ ਕੇ ਵਿਰੋਧ ਕਰਦੇ ਸੀ, ਲੋਕ ਤਾਂ ਹਰੇਕ ਸਿੱਖ ਨੂੰ ਖ਼ੂਨੀ ਦਰਿੰਦਾ ਸਮਝਦੇ ਸਨ ਕਿ ਪੰਜਾਬ ਵਿੱਚ ਇਨਾਂ ਸਿੱਖਾਂ ਕੋਲ ਪਾਕਿਸਤਾਨ ਤੋਂ ਅਥਾਹ ਅਸਲਾ ਮਿਲ ਰਿਹਾ ਹੈ ਤੇ ਇਹ ਲੋਕ ਹਰ ਰੋਜ਼ ਸਵੇਰ ਤੋਂ ਸ਼ਾਮ ਤਕ ਪੰਜਾਬ ਵਿੱਚ ਵਸਦੇ ਹਿੰਦੂਆਂ ਤੇ ਹੋਰ ਗੈਰ-ਸਿੱਖਾਂ ਦੇ ਕਤਲ ਕਰਦੇ ਰਹਿੰਦੇ ਨੇ, ਧਨ ਦੌਲਤ ਲੁੱਟਦੇ ਰਹਿੰਦੇ ਨੇ, ਬਗੈਰ ਕਿਸੇ ਦੋਸ਼ ਤੋਂ ਲੋਕਾਂ ਦਾ ਕਤਲੇਆਮ ਕਰਦੇ ਫਿਰਦੇ ਹਨ। ਭਾਰਤੀ ਮੀਡੀਆ ਨੇ ਹਰੇਕ ਸਿੱਖ ਨੂੰ ਸਿਰਫਿਰੇ, ਕਾਤਲ, ਦਹਿਸ਼ਤਗਰਦ ਅਤੇ ਅੱਤਵਾਦੀ ਵਜੋਂ ਬਦਨਾਮ ਕੀਤਾ ਹੋਇਆ ਸੀ, ਇਸ ਕੂੜ ਪ੍ਰਚਾਰ ਨੇ ਪੰਜਾਬ ਦੇ ਸਿੱਖਾਂ ਤੇ ਬਾਕੀ ਭਾਰਤੀਆਂ ਦੇ ਰਿਸ਼ਤੇ ਬੜੇ ਨਫ਼ਰਤ ਤੇ ਵੈਰ-ਵਿਰੋਧ ਵਾਲੇ ਬਣਾਏ ਹੋਏ ਸਨ। ਪੰਜਾਬ ਦੇ ਨਾਲ ਲਗਦੇ ਹਰਿਆਣਾ,



ਰਾਜਸਥਾਨ, ਹਿਮਾਚਲ ਅਤੇ ਦਿੱਲੀ ਦੇ ਲੋਕਾਂ ਲਈ ਤਾਂ ਪੰਜਾਬ ਦੇ ਸਿੱਖ ਬਹੁਤ ਹੀ ਖ਼ਤਰਨਾਕ ਸੀ ਪਰ ਹੁਣ ਦੂਜਿਆਂ ਸੂਬਿਆਂ ਦੇ ਲੋਕਾਂ ਨੂੰ ਪੰਜਾਬ ਦੇ ਸਿੱਖ ਮਸੀਹਾ ਜਾਪਦੇ ਨੇ, ਨਾਲ ਲਗਦੇ ਸੂਬਿਆਂ ਨੂੰ ਤਾਂ ਵੱਡੇ ਭਰਾ ਜਾਪਦੇ ਨੇ। ਇਹ ਲੋਕ ਇਉਂ ਦਰਸਾ ਰਹੇ ਨੇ ਜਿਵੇਂ ਮੋਦੀ ਕੋਈ ਬੇਹੱਦ ਖੌਫਨਾਕ ਬਦਮਾਸ਼ ਹੋਵੇ ਜੀਹਦੇ ਜ਼ੁਲਮਾਂ ਤੋਂ ਡਰੇ ਹੋਏ ਲੋਕਾਂ ਨੂੰ ਬਚਾਉਣ ਲਈ ਪੰਜਾਬ ਖੜਾ ਹੋ ਗਿਆ ਹੋਵੇ, ਲੋਕ ਸ਼ਰੇਆਮ ਕਹਿੰਦੇ ਨੇ ਕਿ ਇਹ ਪੰਜਾਬ ਹੀ ਹੈ ਜੋ ਡਟ ਗਿਆ, ਬਾਕੀ ਭਾਰਤ ਤਾਂ ਬਿਲਕੁਲ ਢੇਰੀ ਹੋ ਚੁੱਕਾ ਸੀ। ਹਰਿਆਣੇ ਵਾਲ਼ੇ ਤਾਂ ਸ਼ਰੇਆਮ ਕਹਿੰਦੇ ਨੇ ਕਿ ਜੇ ਪੰਜਾਬ ਦੇ ਲੋਕ ਨਾ ਉੱਠਦੇ ਤਾਂ ਸਾਡੀ ਵੀ ਬੱਸ ਸੀ, ਇਸ ਅੰਦੋਲਨ ਨੇ ਪੰਜਾਬ ਦੀ ਬਹਾਦਰੀ ਤੇ ਹੱਕ ਸੱਚ ਲਈ ਲੜਨ, ਅੜਨ ਤੇ ਮਰਨ ਦੀ ਧਾਂਕ ਪਾ ਦਿੱਤੀ ਹੈ। ਪੰਜਾਬੀਆਂ ਦੀ ਦਲੇਰੀ, ਜਾਂਬਾਜ਼ੀ, ਬਹਾਦਰੀ, ਨਿਡਰਤਾ, ਨਿਰਭੈਅਤਾ ਦੇ ਕਾਇਲ ਹੋ ਚੁੱਕੇ ਲੋਕ ਸਿਫ਼ਤਾਂ ਕਰਦੇ ਨਹੀਂ ਥੱਕਦੇ। ਦਰਅਸਲ ਪਿਛਲੇ ਲੰਮੇ ਅਰਸੇ ਤੋਂ ਮੋਦੀ ਸਰਕਾਰ ਨੇ ਸਾਰੇ ਭਾਰਤੀਆਂ ਦੇ ਦਿਲ ਦਿਮਾਗ ਵਿੱਚ ਆਪਣਾ ਅਕਸ ਇਹੋ ਜਿਹਾ ਬਣਾ ਧਰਿਆ ਹੈ ਕਿ ਸਾਡੇ ਸਾਹਮਣੇ ਤਾਂ ਸਾਰੇ ਮੁਲਕ ਵਿਚ ਕੋਈ ਉੱਚੀ ਸਾਹ ਨਹੀਂ ਲੈਂਦਾ। ਹਿੰਦੂ ਕੱਟੜਵਾਦ ਦੇ ਰੱਥ ਉੱਤੇ ਸਵਾਰ ਹੋ ਕੇ ਭਾਜਪਾ ਨੇ ਮੁਲਕ ਵਿੱਚ ਆਪਣੀ ਠੋਕ ਕੇ ਚੜਤ ਬਣਾਈ ਹੋਈ ਹੈ ਜੋ ਵੀ ਵਿਰੋਧ ਕਰਦਾ ਹੈ, ਉਸ ਨੂੰ ਪਾਕਿਸਤਾਨ ਦਾ ਏਜੰਟ ਜਾਂ ਕੋਈ ਹੋਰ ਇਲਜ਼ਾਮ ਲਾ ਕੇ ਲੋਕਾਂ ਵਿਚਕਾਰ ਖਲਨਾਇਕ ਬਣਾ ਧਰਦੇ ਹਨ। ਪੰਜਾਬ ਤੋਂ ਬਾਹਰਲੇ ਸੂਬਿਆਂ ਵਿੱਚ ਹਿੰਦੂ ਕੱਟੜਵਾਦ ਦੇ ਸਤਾਏ ਲੋਕਾਂ ਨੂੰ ਕੁਝ ਆਸ ਹੀ ਨਹੀਂ ਸੀ, ਉਹ ਲਾਚਾਰ ਬੇਵੱਸ ਅਤੇ ਹਰ ਪਾਸੇ ਤੋਂ ਨਿਰਾਸ਼ ਹੋ ਗਏ ਸਨ, ਉਨਾਂ ਨੂੰ ਜਾਪਦਾ ਸੀ ਕਿ ਭਗਵੇਂ ਝੰਡੇ ਵਾਲਿਆਂ ਤੋਂ ਕੋਈ ਨਹੀਂ ਬਚਾ ਸਕਦਾ। ਯੂ.ਪੀ. ਤੇ ਹੋਰ ਸੂਬਿਆਂ ਵਿੱਚ ਹਿੰਦੂ ਕੱਟੜਵਾਦ ਨਾਲ ਸਬੰਧਤ ਵਾਰਦਾਤਾਂ ਦੀ ਚਰਚਾ ਨਾਂਹਵਾਚਕ ਹੋਣ ਦੀ ਬਜਾਏ ਹਿੰਦੂਤਵੀਆਂ ਦੀ ਚੜਤ ਬਣਾਉਣ ਦੇ ਅੰਦਾਜ ਵਿੱਚ ਹੁੰਦੀ ਰਹੀ। ਪੁਲਿਸ ਪ੍ਰਸ਼ਾਸਨ ਤੇ ਮੀਡੀਆ ਨੂੰ ਹਿੰਦੂ ਕੱਟੜਵਾਦ ਦੇ ਸਾਹਮਣੇ ਝੁਕੇ ਵੇਖ ਕੇ ਆਮ ਲੋਕ ਹਾਰ ਮੰਨ ਚੁੱਕੇ ਸਨ। ਦਹਿਸਤ ਦੇ ਪਰਛਾਵੇਂ ਹੇਠ ਜਿਊਣ ਦੇ ਇਹ ਲੋਕ ਇਸ ਸੰਘਰਸ਼ ਨਾਲ ਰੰਗ ਫੜ ਗਏ ਨੇ। ਉਨਾਂ ਦੇ ਚਿਹਰੇ ਉੱਤੇ ਰੌਣਕ ਹੈ ਕਿ ਵਾਹ ਕੋਈ ਇਸ ਭਗਵੇਂ ਬ੍ਰਿਗੇਡ ਨੂੰ ਵੀ ਚੁਣੌਤੀ ਦੇ ਸਕਦਾ ਹੈ। ਜਿਹੜੇ ਲੋਕ ਹੁਣ ਹਿੰਦੂ ਕੱਟੜਵਾਦ ਦੇ ਸਤਾਏ ਹੋਏ ਨੇ, ਹੋ ਸਕਦਾ ਹੈ ਕਿ ਕਿਸੇ ਵੇਲੇ ਉਨਾਂ ਨੂੰ ਸਿੱਖ ਭਾਰਤੀ ਮੀਡੀਆ ਦੇ ਕੂੜ ਪ੍ਰਚਾਰ ਕਰਕੇ ਹਥਿਆਰਬੰਦ ਵਾਰਦਾਤਾਂ ਕਰਨ ਵਾਲੇ ਖ਼ੂਨੀ ਦਰਿੰਦੇ ਜਾਪਦੇ ਹੋਣ ਪਰ ਹੁਣ ਉਹ ਜਾਣਦੇ ਨੇ ਕਿ ਇਹ ਲੋਕ ਭਾਵ ਸਿੱਖ ਤਾਂ ਆਪਣੇ ਧਰਮ ਉੱਤੇ 1984 'ਚ ਹੋਏ ਹਮਲੇ ਮਗਰੋਂ ਇਸ ਰਾਹ ਪਏ ਸਨ ਤੇ ਇਹੋ ਸੁਭਾਅ ਹੋਣ ਕਰਕੇ ਹੁਣ ਇਹ ਲੋਕ ਬੇਖੌਫ਼ ਹੋ ਕੇ ਮੋਦੀ ਹਕੂਮਤ ਨਾਲ ਟੱਕਰ ਲੈ ਰਹੇ ਹਨ। ਸਾਰੇ ਮੁਲਕ ਵਿਚ ਭਗਵਿਆਂ ਦੇ ਕਹਿਰ ਤੋਂ ਖੌਫਜਦਾ ਭਾਰਤੀਆਂ ਨੂੰ ਸਿੱਖਾਂ ਵਿੱਚ ਉਹ ਰੜਕ ਦਿਸਦੀ ਹੈ ਜੋ ਹੁਣ ਮੋਦੀ ਸਰਕਾਰ ਨੂੰ ਚੁਣੌਤੀ ਦੇ ਰਹੀ ਹੈ। ਇਹ ਲੋਕ ਸੋਚਦੇ ਨੇ ਕਿ ਜੇ ਇਨਾਂ ਦਾੜਿਆਂ-ਦਸਤਾਰਾਂ ਤੇ ਕਿਰਪਾਨਾਂ ਵਾਲਿਆਂ ਵਿੱਚ ਹਿੰਦ ਹਕੂਮਤ ਤੇ ਦਿੱਲੀ ਦਰਬਾਰ ਨਾਲ ਟਕਰਾਉਣ ਦੀ ਜ਼ਰੂਰਤ ਹੈ ਤਾਂ ਹੀ 1984 ਮਗਰੋਂ ਦਸ-ਪੰਦਰਾਂ ਸਾਲ ਸਿੱਧੀ ਟੱਕਰ ਲੈ ਗਏ ਸਨ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਕਿਸਾਨ ਯੂਨੀਅਨ ਪਾਰਲੀਮੈਂਟ ਘੇਰਨ ਦੇ ਮੁਲਤਵੀ ਕੀਤੇ ਪ੍ਰੋਗਰਾਮ ਨੂੰ ਮੁੜ ਸੁਰਜੀਤ ਕਰਨ ਤਾਂ ਜੋ ਸਰਕਾਰ ਦੇ ਹਮਲਿਆਂ ਨੂੰ ਠੱਲਿਆ ਜਾ ਸਕੇ

## ਦੀਪ ਸਿੱਧੂ ਦੀ ਰਿਹਾਈ ਲਈ ਸਿੱਖ ਨੌਜਵਾਨਾਂ ਨੇ ਅੰਮ੍ਰਿਤਸਰ 'ਚ ਕੱਢਿਆ ਵਿਸ਼ਾਲ ਮੋਟਰ ਸਾਇਕਲ ਮਾਰਚ

**ਅੰਮ੍ਰਿਤਸਰ/ਏ.ਟੀ.ਨਿਊਜ਼:** ਕਿਸਾਨ ਸੰਘਰਸ਼ ਦੌਰਾਨ ਮੋਦੀ ਸਰਕਾਰ ਦੇ ਦਬਾਅ ਹੇਠ ਦਿੱਲੀ ਪੁਲਿਸ ਵੱਲੋਂ ਕੀਤੀਆਂ ਗ੍ਰਿਫ਼ਤਾਰੀਆਂ ਵਿਰੁੱਧ ਰੋਹ ਅਤੇ ਰੋਸ ਵਜੋਂ ਅੱਜ ਅੰਮ੍ਰਿਤਸਰ ਦੇ ਸਿੱਖ ਨੌਜਵਾਨਾਂ ਵੱਲੋਂ ਵਿਸ਼ਾਲ ਮੋਟਰ ਸਾਇਕਲ ਮਾਰਚ ਕੱਢਿਆ ਗਿਆ। ਇਹ ਮਾਰਚ ਖਜਾਨਾ ਗੇਟ ਤੋਂ ਅਰੰਭ ਹੋ ਕੇ ਹਾਲ ਗੇਟ ਤੋਂ ਹੁੰਦਾ ਹੋਇਆ ਬਾਰਾਂ ਇਤਿਹਾਸਕ ਦਰਵਾਜ਼ਿਆਂ ਦਾ ਚੱਕਰ ਲਾ ਕੇ ਸੰਤੋਖਸਰ ਸਾਹਿਬ ਸਮਾਪਤ ਹੋਇਆ। ਮਾਰਚ ਵਿੱਚ ਨੌਜਵਾਨਾਂ ਨੇ ਦੀਪ ਸਿੱਧੂ, ਨੌਦੀਪ ਕੌਰ, ਲੱਖਾ ਸਿਧਾਣਾ, ਰਣਜੀਤ ਸਿੰਘ, ਸ਼ਿਵ ਕੁਮਾਰ, ਦਿਸ਼ਾ ਰਾਵੀ ਦੀਆਂ ਤਸਵੀਰਾਂ ਹੱਥਾਂ 'ਚ ਫੜੀਆਂ ਹੋਈਆਂ ਸਨ ਤੇ ਉਨਾਂ ਨੇ ਕਿਸਾਨ ਅੰਦੋਲਨ ਨਾਲ ਸੰਬੰਧਿਤ ਨਜ਼ਰਬੰਦਾਂ ਦੀ ਰਿਹਾਈ ਦੀ ਮੰਗ ਕਰਦਿਆਂ ਮੋਦੀ ਸਰਕਾਰ ਤੇ ਦਿੱਲੀ ਪੁਲਿਸ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕੀਤੀ।

ਦਲ ਖ਼ਾਲਸਾ ਦੇ ਬੁਲਾਰੇ ਸ. ਕੰਵਰਪਾਲ ਸਿੰਘ ਨੇ ਸੰਬੋਧਨ ਹੁੰਦਿਆਂ ਕਿਹਾ ਕਿ ਕਿਸਾਨ ਯੂਨੀਅਨਾਂ ਦੇ ਆਗੂਆਂ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਮੋਦੀ ਸਰਕਾਰ ਉਨਾਂ ਨੂੰ ਤਿੰਨ ਤਰੀਕਿਆਂ ਨਾਲ ਮਾਰ ਰਹੀ ਹੈ। ਉਨਾਂ ਕਿਹਾ ਕਿ ਸਰਕਾਰ ਆਪਣੇ ਪਿੱਠੂਆਂ ਰਾਹੀਂ ਕਿਸਾਨਾਂ ਵਿਚ ਫੁੱਟ ਪਾ ਰਹੀ ਹੈ, ਦੂਜਾ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਰਹੀ ਹੈ ਤੇ ਤੀਜਾ ਇਸ ਸੰਘਰਸ਼ ਨੂੰ ਮਿਲ ਰਹੀ ਕੌਮਾਂਤਰੀ ਹਮਾਇਤ ਨੂੰ ਡਰਾ-ਧਮਕਾ ਕੇ ਰੋਕਣ ਦੇ ਯਤਨ ਕਰ ਰਹੀ ਹੈ। ਉਨਾਂ ਕਿਹਾ ਕਿ




ਸਰਕਾਰ ਦੇ ਬਹੁਪੱਖੀ-ਹਮਲਿਆਂ ਨੂੰ ਰੋਕਣ ਲਈ ਹੁਣ ਕਿਸਾਨਾਂ ਨੂੰ ਤੁਰੰਤ ਸਰਕਾਰ 'ਤੇ ਹਮਲਾਵਰ ਰੁਖ ਅਪਣਾਉਣਾ ਚਾਹੀਦਾ ਹੈ। ਉਨਾਂ ਕਿਹਾ ਕਿ ਕਿਸਾਨ ਆਗੂਆਂ ਨੂੰ 1 ਫਰਵਰੀ ਦੇ ਆਪਣੇ ਪਾਰਲੀਮੈਂਟ ਘੇਰਨ ਦੇ ਮੁਲਤਵੀ ਕੀਤੇ ਪ੍ਰੋਗਰਾਮ ਨੂੰ ਮੁੜ ਸੁਰਜੀਤ ਕਰਕੇ ਨਵੇਂ ਸਿਰਿਉਂ ਅਗਲੀ ਤਰੀਕ ਦਾ ਐਲਾਨ ਕਰਨਾ ਚਾਹੀਦਾ ਹੈ। ਉਨਾਂ ਕਿਹਾ ਕਿ ਕਿਸਾਨ ਆਗੂ ਹਮਲਾਵਰ ਰੁੱਖ ਅਪਣਾਉਂਦਿਆਂ ਸਖ਼ਤ ਪ੍ਰੋਗਰਾਮ ਦੇ ਕੇ ਨੌਜਵਾਨਾਂ 'ਤੇ ਹੋ ਰਹੇ ਜਬਰ ਨੂੰ ਠੱਲ ਪਾ ਸਕਦੇ ਹਨ ਤੇ ਕਾਲ਼ੇ ਖੇਤੀ ਕਾਨੂੰਨਾਂ ਵਿਰੁੱਧ ਸਰਕਾਰ 'ਤੇ ਦਬਾਅ ਬਣਾਇਆ ਜਾ ਸਕਦਾ ਹੈ। ਉਨਾਂ ਕਿਹਾ ਕਿ ਮੋਦੀ ਸਰਕਾਰ ਦੀ ਸੂਈ ਖ਼ਾਲਿਸਤਾਨ 'ਤੇ ਅੜੀ ਹੋਈ ਹੈ ਅਤੇ ਹੁਣ ਉਨਾਂ ਨੇ ਟੂਲਕਿੱਟ ਨੂੰ ਵੀ ਕੈਨੇਡਾ ਦੀ ਜਸਟਿਸ ਫਾਉਂਡੇਸ਼ਨ ਰਾਹੀਂ ਖ਼ਾਲਿਸਤਾਨ ਦੇ ਸੰਘਰਸ਼ ਨਾਲ ਜੋੜਨ ਦੀ ਚਾਲ ਚੱਲੀ ਹੈ।

ਇਸ ਮੌਕੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਦੀਪ ਸਿੱਧੂ ਤੋਂ ਬਾਅਦ ਲੱਖਾ ਸਿਧਾਣਾ ਨੂੰ ਸਰਕਾਰ ਨਿਸ਼ਾਨਾ ਬਣਾਉਣਾ ਚਾਹੁੰਦੀ ਹੈ, ਜਦ ਕਿ ਉਸ ਨੇ ਕੋਈ ਹਿੰਸਾ ਨਹੀਂ ਕੀਤੀ ਪਰ ਸਰਕਾਰ ਉਸ ਨੂੰ ਝੂਠੇ ਕੇਸ ਵਿਚ ਫਸਾਉਣਾ ਚਾਹੁੰਦੀ ਹੈ ਤਾਂ ਜੋ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕੀਤਾ ਜਾ ਸਕੇ।

ਅੱਜ ਦੀ ਰੈਲੀ ਦੇ ਪ੍ਰਬੰਧਕ ਭਾਈ ਭੁਪਿੰਦਰ ਸਿੰਘ (ਛੇ ਜੂਨ) ਸਨ ਜਿਨਾਂ ਨੇ ਸਰਕਾਰ ਦੇ ਜਬਰ ਵਿਰੁੱਧ ਅਤੇ ਗ੍ਰਿਫ਼ਤਾਰ ਨੌਜਵਾਨਾਂ ਦੇ ਹੱਕ ਵਿੱਚ ਖੜਨ ਲਈ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ।

ਇਸ ਮੌਕੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਭੁਪਿੰਦਰ ਸਿੰਘ (ਛੇ ਜੂਨ), ਭਾਈ ਦਿਲਬਾਗ ਸਿੰਘ ਸੁਲਤਾਨਵਿੰਡ, ਭਾਈ ਬਲਬੀਰ ਸਿੰਘ ਮੁੱਛਲ, ਮਨਿੰਦਰ ਕੌਰ ਨੰਗਲੀ, ਹਰਪ੍ਰੀਤ ਸਿੰਘ ਨੀਟੂ, ਤੇਜਿੰਦਰ ਸਿੰਘ ਪਰਦੇਸੀ, ਪਰਮਜੀਤ ਸਿੰਘ ਅਕਾਲੀ, ਜਸਵਿੰਦਰ ਸਿੰਘ ਬਹੋੜੂ, ਪਾਰਸ ਸਿੰਘ, ਗਗਨਦੀਪ ਸਿੰਘ ਸੁਲਤਾਨਵਿੰਡ, ਰਾਜੇਸ਼ ਸਿੰਘ ਬੱਗਾ, ਹਰਪ੍ਰੀਤ ਸਿੰਘ ਬੰਟੀ, ਗੁਰਲਾਲ ਸਿੰਘ, ਜਗਜੀਤ ਸਿੰਘ ਰਿਆੜ, ਮਨਦੀਪ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਯਤਨਸ਼ੀਲ ਸੁਖਦੀਪ ਸਿੰਘ ਮੁਧੱੜ'

**ਤਸਵਿੰਦਰ ਸਿੰਘ ਬੜੈਚ**

ਅਜੋਕੇ ਤੇਜ਼ ਤਰਾਰ ਯੁੱਗ 'ਚ ਕਿਸੇ ਕੋਲ ਵੀ ਵਿਹਲ ਨਹੀਂ ਹੈ। ਹਰ ਇਨਸਾਨ ਆਪਣਾ ਤੋਰੀ ਫੁਲਕਾ ਤੋਰਨ ਲਈ ਕਈ ਤਰਾਂ ਦੇ ਪਾਪੜ ਵੇਲਦਾ ਹੈ, ਪਰ ਫਿਰ ਵੀ ਕਈ ਇਨਸਾਨਾਂ ਨੇ ਆਪਣੇ ਸ਼ੌਕ ਦੀ ਫੁਲਵਾੜੀ ਵਿਚ ਅਨੇਕਾਂ ਤਰਾਂ ਦੇ ਫੁੱਲ ਲਾਏ ਹੋਏ ਹਨ, ਜਿਨਾਂ ਦੀ ਖ਼ੁਸ਼ਬੂ ਉਹ ਆਪ ਵੀ ਮਾਣ ਰਹੇ ਹਨ ਤੇ ਹੋਰਾਂ ਨੂੰ ਵੀ ਵੰਡ ਰਹੇ ਹਨ। ਮੈਂ ਅਜਿਹੇ ਹੀ ਇਕ ਆਪਣੇ ਆਲ਼ੇ ਦੁਆਲੇ ਨੂੰ ਮਹਿਕਾਂ ਵੰਡਣ ਵਾਲੇ ਤੇ ਆਪ ਮਹਿਕਾਂ ਮਾਣਨ ਵਾਲੇ ਵਿਸ਼ੇਸ਼ ਚਿਹਰੇ ਨਾਲ ਤੁਹਾਡਾ ਤੁਆਰਫ ਕਰਵਾ ਰਿਹਾ ਹਾਂ, ਜੋ ਸੁਖਦੀਪ ਸਿੰਘ ਮੁਧੱੜ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਜਿਸ ਕੋਲ ਭਾਰਤੀ ਤੇ ਖ਼ਾਸ ਕਰਕੇ ਪੰਜਾਬੀ ਵਿਰਾਸਤ ਨਾਲ ਸੰਬੰਧਿਤ ਪੁਰਾਤਨ ਵਸਤਾਂ ਦਾ ਅਨਮੋਲ ਖ਼ਜ਼ਾਨਾ ਸਾਂਭਿਆ ਪਿਆ ਹੈ। ਇਸ ਸ਼ਖ਼ਸ ਕੋਲ ਕੁੱਝ ਅਜਿਹੀਆਂ ਪੁਰਾਤਨ ਵਸਤਾਂ ਨੇ ਜਿਨਾਂ ਬਾਰੇ ਤੁਸੀਂ ਸ਼ਾਇਦ ਹੀ ਜਾਣਦੇ ਹੋਵੋਂ। ਜ਼ਿਲਾ ਜਲੰਧਰ ਦੇ ਪਿੰਡ ਧੰਨੋਵਾਲੀ ਦੇ ਬਸ਼ਿੰਦੇ ਤੇ ਪੰਜਾਬੀ ਸਭਿਆਚਾਰ ਦੇ ਇਸ ਸੈਦਾਈ ਕੋਲ ਸੁਰਮੇਦਾਨੀਆਂ, ਜਿੰਦਰੇ, ਪੁਰਾਤਨ ਬਰਤਨ, ਕੰਗਣੀ ਵਾਲੇ ਗਲਾਸ, ਛੰਨੇ, ਸਿਆਹੀ ਦੀਆਂ ਦਵਾਤਾਂ, ਵੱਟੇ ਅੱਧੀ ਛਟਾਂਕ ਤੋਂ ਲੈ ਕੇ ਪੰਜ ਸੇਰ ਤੱਕ, ਸੁਰਮਚੂ, ਪੁਰਾਣੇ ਟਾਇਮ ਪੀਸ, ਲੈਂਪ, ਗ੍ਰਾਮੋਫੋਨ ਮਸ਼ੀਨਾਂ, ਰਿਕਾਰਡ (ਜਿਨਾਂ ਦੀ ਬਾਹਰੀ ਚਮਕ ਜਿਉਂ ਦੀ ਤਿਉਂ ਕਾਇਮ ਹੈ), ਰੋਪੜੀ ਜਿੰਦੇ, ਪੂਣੀਆਂ, ਬੋਹੀਏ, ਟਿਊਬਾਂ ਵਾਲੇ ਰੇਡੀਓ, ਛੱਤ ਵਾਲੇ ਲੱਕੜ ਤੇ ਲੋਹੇ ਦੇ ਪੱਖੇ, ਪਿੱਤਲ ਦੀ ਬਾਲਟੀ, ਪਿੱਤਲ



ਦਾ ਸਟੋਪ, ਜੱਗ, ਗੜਬੇ ਗੜਬੀਆਂ, ਮੁੜੇ, ਲਾਲਟੈਣਾਂ, ਟੇਪ-ਰਿਕਾਰਡਾਂ, ਬਲੈਕ ਐਂਡ ਵਾਈਟ ਟੀਵੀ, ਟੇਬਲ ਫੈਨ ਪੱਖੇ, ਹੱਥ ਕਢਾਈ ਵਾਲੀਆਂ ਫ਼ੋਟੋਆਂ, ਸੰਧਾਰੇ ਵਾਲਾ ਪੀਪਾ, ਟੈਲੀਫ਼ੋਨ, ਡੋਲੀ, ਰੋਟੀ ਰੱਖਣ ਵਾਲੇ ਪਿੱਤਲ ਦੇ ਡੱਬੇ, ਗਹਿਣੇ ਰੱਖਣ ਵਾਲੇ ਪਿੱਤਲ ਦੇ ਡੱਬੇ, ਛੱਜ, ਪੱਖਾ ਪੱਖੀ, ਜੂੜਾ, ਪਿੱਤਲ ਦੀ ਪਤੀਲੀ, ਐਨਟੀਨਾਂ, ਪਿੱਤਲ ਦੀਆਂ ਪਰਾਤਾਂ, ਥਾਲ਼, ਕੌਲੀਆਂ, ਆਰਾਮ ਕੁਰਸੀਆਂ, ਪੀੜਾ, ਕੱਦੂਕਸ, ਮੱਟ, ਝੱਕਰਾ, ਘਿਉ ਵਾਲੇ ਪੁਰਾਣੇ ਡੱਬੇ, ਚੱਕਲਾ ਵੇਲਣਾ, ਪੁਰਾਣੇ ਚੀਨੀ ਤੇ ਕੱਚ ਦੇ ਮਰਤਬਾਨ, ਕੇਤਲੀਆਂ, ਕੱਪੀਆਂ, ਲੋਹੇ ਦੀ ਝਰਨੀ, ਮਧਾਣੀ, ਛਾਲਣੇ, ਬੇਬੇ ਦਾ ਸੰਦੂਕ, ਪੁਰਾਣਾ ਹਰਮੋਨੀਅਮ, ਨਮਾਰੀ ਪਲੰਘ, ਕੱਪੜੇ ਰੱਖਣ ਵਾਲੀ ਟੋਕਰੀ, ਪਣਖਾਂ, ਪੰਜੇ, ਨਾਲੇ ਬੁਣਨ ਵਾਲਾ ਅੱਡਾ, ਅਟੇਰਨਾ ਤੇ ਹੋਰ ਬਹੁਤ ਸਾਰੀਆਂ ਪੰਜਾਬ ਦੇ ਸੱਭਿਆਚਾਰ ਵਿਰਸੇ ਨਾਲ ਸੰਬੰਧਿਤ ਵਸਤਾਂ ਸਾਂਭੀਆਂ ਹੋਈਆਂ ਹਨ। ਜੋ ਉਸ ਨੇ ਪੰਜਾਬ ਦੀਆਂ ਵੱਖ ਵੱਖ ਥਾਵਾਂ ਤੋਂ ਇਕੱਠੀਆਂ ਕੀਤੀਆਂ ਹਨ। ਜੋ ਸਭ ਦੇ ਮਨ ਟੁੰਬ ਦਿੰਦੀਆਂ ਹਨ। ਉਸ ਦੀ ਮਿਹਨਤ ਦਾ ਨਤੀਜਾ ਹੈ ਕਿ ਅੱਜ ਜਦੋਂ ਵਧੇਰੇ ਤੋਂ ਜ਼ਿਆਦਾ ਨੌਜਵਾਨ ਪੀੜੀ ਨੂੰ ਇਨਾਂ ਪੁਰਾਤਨ ਚੀਜ਼ਾਂ ਬਾਰੇ ਉੱਕਾ ਹੀ ਜਾਣਕਾਰੀ ਨਹੀਂ, ਉੱਥੇ ਸੁਖਦੀਪ ਸਿੰਘ ਕੋਲ ਇਸ ਅਨਮੋਲ ਖ਼ਜ਼ਾਨੇ ਦਾ ਵੱਡਾ ਭੰਡਾਰ ਮੌਜੂਦ ਹੈ। ਸੁਖਦੀਪ ਸਿੰਘ ਮੁਧੱੜ ਨੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀਆਂ ਅਲੋਪ ਹੋ ਰਹੀਆਂ ਤੇ ਅਲੋਪ ਹੋ ਚੁੱਕੀਆਂ ਚੀਜ਼ਾਂ ਨੂੰ ਜਿਊਂਦਾ ਜਾਗਦਾ ਰੱਖਣ ਲਈ ਆਪਣੇ ਪੁਰਖਿਆਂ ਦੀ ਪੁਰਾਤਨ ਹਵੇਲੀ ਵਿਚ ਇਕ ਨਿੱਜੀ ਅਜਾਇਬ ਘਰ ਬਣਾਇਆ ਹੋਇਆ ਹੈ। ਜਿਸ 'ਚ ਉਸ ਨੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਇਨਾਂ ਵਸਤਾਂ ਨੂੰ ਖ਼ੂਬਸੂਰਤ ਢੰਗ ਨਾਲ ਸਜਾਇਆ ਹੋਇਆ ਹੈ। ਸੁਖਦੀਪ ਸਿੰਘ ਦਾ ਕਹਿਣਾ ਹੈ ਕਿ ਇਸ ਸ਼ੌਕ ਵਿਚ ਉਸ ਦੇ ਪਰਿਵਾਰ ਦਾ ਉਸ ਨੂੰ ਪੂਰਾ ਸਹਿਯੋਗ ਹੈ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਉਨਾਂ ਨੂੰ ਆਪਣੇ ਪਰਿਵਾਰ ਵੱਲੋਂ ਇੰਝ ਹੀ ਪੂਰਾ ਸਹਿਯੋਗ ਮਿਲਦਾ ਰਹੇ ਤਾਂ ਉਹ ਆਉਣ ਵਾਲੇ ਸਮੇਂ ਵਿਚ ਇਸ ਅਨਮੋਲ ਖ਼ਜ਼ਾਨੇ ਨੂੰ ਹੋਰ ਵਧਾਉਣਗੇ। ਉਸ ਦੇ ਇਸ ਸ਼ੌਕ ਬਾਰੇ ਕਈ ਟੀ ਵੀ ਚੈਨਲਾਂ ਵੱਲੋਂ ਉਸ ਉੱਪਰ ਫ਼ਿਲਮਾਂ ਵੀ ਬਣਾਈਆਂ ਜਾ ਚੁੱਕੀਆਂ ਹਨ। ਸੁਖਦੀਪ ਸਿੰਘ ਦੀ ਇਨਾਂ ਸੈਂਕੜੇ ਸਾਲਾਂ ਤੋਂ ਵੱਧ ਪੁਰਾਣੀਆਂ ਤੇ ਇਤਿਹਾਸਕ ਚੀਜ਼ਾਂ ਨਾਲ ਤਾਂ ਉਹਨਾਂ ਦੀ ਲਗਨ ਹੈ ਕਿ ਉਸ ਨੂੰ ਖ਼ਰੀਦਣ ਲਈ ਉਹ ਕੋਈ ਵੀ ਕੀਮਤ ਲਾਉਣ ਤੋਂ ਪਰਹੇਜ਼ ਨਹੀਂ ਕਰਦੇ। ਸੁਖਦੀਪ ਦਾ ਇਹ ਸ਼ੌਕ ਕਾਬਿਲ ਏ ਤਾਰੀਫ਼ ਹੈ। ਜਿਨਾਂ ਨੇ ਪੁਰਾਤਨ ਤੇ ਇਤਿਹਾਸਕ ਵਿਰਸੇ ਨਾਲ ਸਬੰਧਤ ਵਸਤਾਂ ਨੂੰ ਇਨੀਂ ਸ਼ਿੱਦਤ ਦੇ ਨਾਲ ਸਾਂਭ ਕੇ ਰੱਖਿਆ ਹੈ, ਜੋ ਆਉਣ ਵਾਲੀਆਂ ਪੀੜੀਆਂ ਲਈ ਅਨਮੋਲ ਖ਼ਜ਼ਾਨਾ ਹੈ। ਪੰਜਾਬ ਦੇ ਅਮੀਰ ਵਿਰਸੇ ਨਾਲ ਸਬੰਧਤ ਪੁਰਾਤਨ ਵਸਤਾਂ ਦੀ ਭਾਵੇਂ ਆਮ ਜੀਵਨ ਵਿੱਚ ਤਾਂ ਵਰਤੋਂ ਹੌਲੀ ਹੌਲੀ ਖ਼ਤਮ ਹੋ ਗਈ ਹੈ ਪਰ ਨਵੀਂ ਪੀੜੀ ਨੂੰ ਇਨਾਂ ਵਸਤਾਂ ਤੋਂ ਜਾਣੂ ਕਰਵਾਉਣ ਵਿੱਚ ਸੁਖਦੀਪ ਸਿੰਘ ਦਾ ਮਿੰਨੀ ਅਜਾਇਬ ਘਰ ਅਹਿਮ ਭੂਮਿਕਾ ਨਿਭਾਅ ਰਿਹਾ ਹੈ।

**ਪਿੰਡ ਦੀਵਾਲਾ, ਤਹਿਸੀਲ ਸਮਰਾਲਾ**
**ਜ਼ਿਲਾ ਲੁਧਿਆਣਾ।**
**7527931887**

# ਲੋਕਾਂ ਨੂੰ ਨਿੰਦਣਾ ਛੱਡੀਏ

**ਹਰਕੀਰਤ ਕੌਰ**
**9779118066**

ਆਪਣੇ ਜੀਵਨ ਵਿੱਚ ਬਹੁਤ ਸਫਲ ਰਹਿ ਚੁੱਕੇ ਵਿਅਕਤੀਆਂ ਦੀ ਜੀਵਨੀ ਪੜੀਏ ਤਾਂ ਪਤਾ ਲੱਗਦਾ ਹੈ ਕਿ ਉਹ ਹਮੇਸ਼ਾ ਆਪਣੇ ਆਪ ਵੱਲ ਧਿਆਨ ਦਿੰਦੇ ਸਨ। ਉਨਾਂ ਨੂੰ ਦੂਸਰੇ ਲੋਕਾਂ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ। ਪਰ ਜੇਕਰ ਅਸੀਂ ਆਪਣੇ ਸਮਾਜ ਜਾਂ ਆਮ ਲੋਕਾਂ ਦੀ ਗੱਲ ਕਰੀਏ ਤਾਂ ਅਸੀਂ ਸਾਰੇ ਆਪਣਾ ਵਧੇਰੇ ਸਮਾਂ ਦੂਸਰਿਆਂ ਦੀਆਂ ਤਰੀਫਾਂ ਕਰਨ ਜਾਂ ਨਿੰਦਿਆ ਕਰਨ ਵਿੱਚ ਅਜਾਈਂ ਗਵਾ ਦਿੰਦੇ ਹਾਂ। ਕੀ ਅਸੀਂ ਸੱਚਮੁੱਚ ਏਨੇ ਵਿਹਲੇ ਹਾਂ ਕਿ ਦੂਸਰਿਆਂ ਦੇ ਨੁਕਸ ਕੱਢ ਸਕੀਏ ? ਮੈਂ ਆਮ ਹੀ ਦੇਖਦੀ ਹਾਂ ਕਿ ਅਸੀਂ ਕਿਸੇ ਦੇ ਵੀ ਕੱਪੜਿਆਂ, ਬੋਲਚਾਲ, ਰਹਿਣ ਸਹਿਣ, ਆਮਦਨ ਆਦਿ ਉੱਤੇ ਕੋਈ ਨਾ ਕੋਈ ਟੀਕਾ ਟਿੱਪਣੀ ਕਰਦੇ ਰਹਿੰਦੇ ਹਾਂ। ਜਿਸ ਦਾ ਕੋਈ ਅਰਥ ਜਾਂ ਫ਼ਾਇਦਾ ਨਹੀਂ ਹੁੰਦਾ। ਕਿਉਂਕਿ ਅਸੀਂ ਕੇਵਲ ਆਪਣਾ ਸਮਾਂ ਅਜਾਈਂ ਗਵਾਉਂਦੇ ਹਾਂ । ਜੇਕਰ ਗੱਲ ਨਿੰਦਿਆ ਦੀ ਕੀਤੀ ਜਾਵੇ ਤਾਂ ਭਾਰਤੀ ਸਮਾਜ ਵਿੱਚ ਇਹ ਆਦਤ ਬਹੁਤ ਆਮ ਹੈ। ਕਈ ਵਾਰ ਲੋਕ ਇੱਕ ਦੂਸਰੇ ਨੂੰ ਤਰੱਕੀ ਕਰਦਿਆਂ ਅੱਗੇ ਵਧਦਿਆਂ ਵੇਖ ਕੇ ਹੀ ਬਿਨਾਂ ਕਿਸੇ ਕਾਰਨ ਨਿੰਦਿਆ ਕਰਦੇ ਰਹਿੰਦੇ ਹਨ । ਜਦੋਂ ਅਸੀਂ ਕਿਸੇ ਦੂਸਰੇ ਵਿੱਚ ਕਮੀਆਂ ਲੱਭਣ ਦੀ ਸ਼ੁਰੂਆਤ ਕਰਦੇ ਹਾਂ ਤਾਂ ਕਿਤੇ ਨਾ ਕਿਤੇ ਉਹੀ ਕਮੀ ਸਾਡੇ ਦਿਮਾਗ਼ ਵਿੱਚ ਵੀ ਫਿੱਟ ਹੋ ਜਾਂਦੀ ਹੈ, ਜੋ ਅੱਗੇ ਜਾ ਕੇ ਸਾਡੀ ਆਦਤ ਬਣ ਜਾਂਦੀ ਹੈ। ਜੇਕਰ ਅਸੀਂ ਕਿਸੇ ਦੀਆਂ ਨਿੱਕੀਆਂ ਨਿੱਕੀਆਂ ਗ਼ਲਤੀਆਂ ਉੱਪਰ ਧਿਆਨ ਦੇਣਾ ਸ਼ੁਰੂ ਕਰਦੇ ਹਾਂ ਤਾਂ ਇਹ ਸਾਡੀ ਸ਼ਖ਼ਸੀਅਤ ਵਿੱਚ ਬਹੁਤ ਵੱਡੀ ਮੁਸ਼ਕਲ ਖੜੀ ਕਰ ਦਿੰਦੀਆਂ ਹਨ। ਹਰ ਇਨਸਾਨ ਇੱਕੋ ਜਿਹਾ ਨਹੀਂ ਹੋ ਸਕਦਾ। ਇਹ ਸੰਸਾਰ ਇਸੇ ਲਈ ਖ਼ੂਬਸੂਰਤ ਹੈ ਕਿਉਂਕਿ ਇੱਥੇ ਵਖਰੇਵਾਂ ਹੈ, ਕੁਦਰਤ ਦੇ ਅਨੇਕਾਂ ਰੰਗ ਹਨ। ਵੈਸੇ ਤਾਂ ਪ੍ਰਮਾਤਮਾ ਨੇ ਸਾਰਿਆਂ ਨੂੰ ਇੱਕੋ ਜਿਹੇ ਬਣਾਇਆ ਹੈ ਪਰ ਜੇਕਰ ਸਾਡੇ ਵਿੱਚ ਕੋਈ ਵਖਰੇਵਾਂ ਨਾ ਹੁੰਦਾ ਤਾਂ ਅਸੀਂ ਅਲੱਗ ਪਹਿਚਾਣ ਦੇ ਮਾਲਿਕ ਨਹੀਂ ਸੀ ਹੋਣਾ। ਸਾਨੂੰ ਵਖਰੇਵਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਿਸੇ ਉੱਪਰ ਦੋਸ਼ ਲਗਾਉਣੇ ਅਤੇ ਨਿੰਦਿਆ ਕਰਨੀ ਬੰਦ ਕਰੀਏ। ਕਿਸੇ ਵਿੱਚ ਕੋਈ ਵੀ ਬਦਲਾਓ ਦੀ ਤਾਂਘ ਰੱਖਣ ਦੀ ਬਜਾਏ ਸਾਨੂੰ ਆਪਣੇ ਸ਼ਖ਼ਸੀਅਤ ਨੂੰ ਨਿਖਾਰਨ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਲੋਕਾਂ ਵਿੱਚ ਕਮੀਆਂ ਲੱਭਣੀਆਂ ਜਾਂ ਲੋਕਾਂ ਨੂੰ ਨਿੰਦਣਾ ਵਿਹਲੜ ਲੋਕਾਂ ਦਾ ਕੰਮ ਹੈ, ਇਹ ਕਿਸੇ ਚੰਗੀ ਸ਼ਖ਼ਸੀਅਤ, ਗੁਣ ਨਹੀਂ ਹਨ। ਸਾਨੂੰ ਵੱਧ ਤੋਂ ਵੱਧ ਸਮਾਂ ਆਪਣੇ ਟੀਚੇ ਨੂੰ ਸਰ ਕਰਨ ਅਤੇ ਆਪਣੀ ਸ਼ਖ਼ਸੀਅਤ ਨੂੰ ਨਿਖਾਰਨ ਵੱਲ ਲਗਾਉਣਾ ਚਾਹੀਦਾ ਹੈ, ਇੱਕ ਅਜਿਹੀ ਸ਼ਖ਼ਸੀਅਤ ਉਸਾਰਨੀ ਚਾਹੀਦੀ ਹੈ ਜੋ ਲੋਕਾਂ ਲਈ ਮਿਸਾਲ ਹੋਵੇ ਅਤੇ ਸਾਨੂੰ ਸਕੂਨ ਦੇਵੇ।

# ਵਿੱਦਿਆ, ਵਿਦਿਆਰਥੀ ਅਤੇ ਚੁਣੌਤੀਆਂ

### ਅੰਗਰੇਜ ਸਿੰਘ ਵਿੱਕੀ

ਬੇਸ਼ੱਕ ਦੇਸ਼ ਨੂੰ ਆਜਾਦ ਹੋਇਆ 73 ਸਾਲ ਹੋ ਚੁੱਕੇ ਹਨ ਪ੍ਰੰਤੂ ਐਨਾ ਜ਼ਿਆਦਾ ਸਮਾਂ ਬੀਤਣ ਉਪਰੰਤ ਵੀ ਗਰੀਬ ਵਰਗ ਦੀ ਹਾਲਤ ਵਿੱਚ ਕੋਈ ਖਾਸ ਸੁਧਾਰ ਨਜ਼ਰ ਨਹੀਂ ਆ ਰਿਹਾ, ਜੋ ਸਮੇਂ ਦੇ ਬੀਤਣ ਮੁਤਾਬਕ ਹੋਣਾ ਬਹੁਤ ਜ਼ਿਆਦਾ ਜ਼ਰੂਰੀ ਸੀ । ਜੇਕਰ ਗੱਲ ਇਕੱਲੇ ਪੰਜਾਬ ਦੀ ਹੀ ਕੀਤੀ ਜਾਵੇ ਤਾਂ ਪੰਜਾਬ ਵਿੱਚ ਇਸ ਸਮੇਂ ਗਰੀਬ ਵਰਗ ਦੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਾਪਤੀ ਕਰਨ ਵਿੱਚ ਬਰਾਬਰ ਦੇ ਮੌਕੇ/ਅਵਸਰ ਨਸੀਬ ਨਾ ਹੋਣ ਕਰਕੇ ਗਰੀਬ ਵਰਗ ਦੇ ਵਿਦਿਆਰਥੀ ਵਿੱਦਿਆ/ਸਿੱਖਿਆ ਦੇ ਖੇਤਰ ਵਿੱਚ ਦਿਨੋ-ਦਿਨ ਪਿਛੜਦੇ ਹੀ ਜਾ ਰਹੇ ਹਨ। ਆਮ ਦਿਹਾੜੀਦਾਰ ਆਦਮੀ ਮਿਹਨਤ ਮਜ਼ਦੂਰੀ ਕਰਕੇ ਅਤੇ ਮੁਸ਼ਕਲ ਹਾਲਾਤਾਂ ਦਾ ਮੁਕਾਬਲਾ ਕਰਦਾ ਹੋਇਆ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦਾ ਹੈ। ਗਰੀਬ ਬੰਦਾ ਅਜੋਕੇ ਸਮੇਂ ਵਿੱਚ ਆਪਣੇ ਬੱਚਿਆਂ ਦੀ ਸਹੀ ਦੇਖ-ਭਾਲ ਬਹੁਤ ਹੀ ਮੁਸ਼ਕਿਲ ਢੰਗ ਨਾਲ ਕਰਦਾ ਹੈ। ਦਿਹਾੜੀਦਾਰ ਬੰਦਾ ਮਹਿੰਗੇ ਨਿੱਜੀ ਵਿੱਦਿਅਕ ਅਦਾਰਿਆਂ ਵਿੱਚ ਆਪਣੀ ਮਜ਼ਦੂਰੀ ਦੀ ਕਮਾਈ ਨਾਲ ਬੱਚੇ ਨੂੰ ਪੜ੍ਹਾਉਣ ਬਾਰੇ ਤਾਂ ਸੁਪਨਾ ਵੀ ਨਹੀਂ ਲੈ ਸਕਦਾ। ਬੇਸ਼ੱਕ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਨੇ ਗਰੀਬਾਂ ਦੀ ਬਿਹਤਰੀ ਲਈ ਬਹੁਤ ਵੱਡਾ ਹੰਭਲਾ ਮਾਰਿਆ ਸੀ ਪ੍ਰੰਤੂ ਉਹਨਾਂ ਤੋਂ ਮਗਰੋਂ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਗਰੀਬਾਂ ਦੀ ਭਲਾਈ ਲਈ ਤਾਂ ਕੋਈ ਖਾਸ ਕਦਮ ਨਹੀਂ ਚੁੱਕੇ ਪਰ ਜ਼ਿਆਦਾਤਰ ਨੇ ਸਿਆਸਤੀ ਬਿਰਤੀ ਰੱਖਦੇ ਹੋਏ ਡਾ. ਭੀਮ ਰਾਓ ਅੰਬੇਦਕਰ ਜੀ ਦੇ ਨਾਮ "ਤੇ ਵੋਟਾਂ ਹੀ ਵਟੋਰੀਆਂ ਹਨ। ਗਰੀਬ ਵਰਗ ਦੇ ਬੱਚੇ /ਵਿਦਿਆਰਥੀ ਸਿਰਫ਼ ਸਰਕਾਰੀ ਵਿੱਦਿਅਕ ਅਦਾਰਿਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਏ ਹਨ, ਜਿਸ ਕਰਕੇ ਉਹ ਮੁਕਾਬਲੇ ਦੀ ਪ੍ਰੀਖਿਆ ਵਿੱਚ ਦੂਜੇ ਵਿਦਿਆਰਥੀਆਂ ਤੋਂ ਬਹੁਤ ਪਿੱਛੇ ਰਹਿ ਜਾਂਦੇ ਹਨ ਅਤੇ ਬਹੁਤੇ ਤਾਂ ਮਿਆਰੀ ਸਿੱਖਿਆ/ਵਿਦਿਆ ਦੀ ਘਾਟ ਕਰਕੇ ਮੁਕਾਬਲੇ ਦੀ ਪ੍ਰੀਖਿਆ ਦੇਣ ਬਾਰੇ ਸੋਚਦੇ ਤੱਕ ਵੀ ਨਹੀ। ਕਿਉਂਕਿ ਸਰਕਾਰੀ ਸਕੂਲਾਂ/ਕਾਲਜਾਂ ਵਿੱਚ ਵੱਡੇ ਪੱਧਰ ਤੇ ਅਧਿਆਪਕਾਂ ਦੀਆਂ ਆਸਾਮੀਆਂ ਲੰਬੇ ਸਮੇਂ ਤੋਂ ਖਾਲੀ ਹਨ। ਦੂਜੇ ਪਾਸੇ ਗਰੀਬ ਵਰਗ ਦੇ ਘਰਾਂ ਵਿੱਚ ਵੀ ਆਧੁਨਿਕ ਸਹੂਲਤਾਂ ਨਾ ਹੋਣ ਕਰਕੇ ਗਰੀਬ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੀ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ। ਕਰੋਨਾ ਦੇ ਸਮੇਂ ਦੌਰਾਨ ਤਾਂ ਗਰੀਬ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਹੀ ਜ਼ਿਆਦਾ ਨੁਕਸਾਨ ਹੋਇਆ ਹੈ, ਕਿਉਂਕਿ ਮੋਬਾਇਲ ਫੋਨ 'ਤੇ ਹੀ ਪੜ੍ਹਾਈ ਹੋਣ ਕਰਕੇ ਗਰੀਬ ਵਿਦਿਆਰਥੀ ਮਹਿੰਗੇ ਭਾਅ ਦੇ ਮੋਬਾਇਲ ਫੋਨ ਖਰੀਦਣ ਤੋਂ ਅਸਮੱਰਥ ਸਨ, ਜਿਸ ਕਰਕੇ ਜਿੱਥੇ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਹੋਇਆ ਉਥੇ ਉਹ ਵੱਡੇ ਪੱਧਰ ਤੇ ਹੀਣਭਾਵਨਾ ਦਾ ਵੀ ਸ਼ਿਕਾਰ ਹੋਏ। ਪਿਛਲੇ ਸਾਲ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਗਰੀਬ ਵਰਗ ਦੇ ਵਿਦਿਆਰਥੀ ਵੀ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਤੋ ਕਿਤੇ ਜ਼ਿਆਦਾ ਚੰਗੀ/ਵਧੀਆ ਕਾਰਜਗਾਰੀ ਦਿਖਾ ਸਕਦੇ ਹਨ, ਜੇਕਰ ਇਹਨਾਂ ਗਰੀਬ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਹੋਰ ਸਮੇਂ ਦੇ ਹਾਣ ਦੀਆਂ ਸਹੂਲਤਾਂ ਮਿਲ ਜਾਣ ਤਾਂ ਇਹ ਵਿਦਿਆਰਥੀ ਹੋਰ ਵੀ ਜ਼ਿਆਦਾ ਵੱਡੀਆਂ ਮੱਲਾਂ ਮਾਰਕੇ ਪੰਜਾਬ ਦਾ ਨਾਮ ਦੇਸ਼ਾਂ/ਵਿਦੇਸ਼ਾਂ ਤੱਕ ਚਮਕਾ ਸਕਦੇ ਹਨ, ਪ੍ਰੰਤੂ ਜਿਸ ਹਿਸਾਬ ਨਾਲ ਸਰਕਾਰ ਇਨਾਂ ਗਰੀਬ ਵਿਦਿਆਰਥੀਆਂ ਨੂੰ ਅੱਖੋਂ ਓਹਲੇ ਕਰਕੇ ਨਜ਼ਰਅੰਦਾਜ ਕਰ ਰਹੀ ਹੈ ਉਸ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸਿੱਖਿਅਕ ਅਦਾਰੇ ਵਿਚ ਕਿਸੇ ਵੀ ਤਰਾਂ ਦੇ ਕੋਈ ਖਾਸ ਸੁਧਾਰ ਦੀ ਆਸ ਇਨਾਂ ਤੋਂ ਨਹੀਂ ਕੀਤੀ ਜਾ ਸਕਦੀ। ਸਕੂਲਾਂ ਵਿੱਚ ਵਿਦਿਆਰਥੀਆਂ ਦੀ ਜਾਤ ਲਿਖਣਾ, ਅਤੇ ਇੱਕ ਸਾਲ ਵਿੱਚ ਵਿਦਿਆਰਥੀਆਂ ਤੋਂ ਕਈ ਵਾਰ ਉਹਨਾਂ ਦੀ ਕਿਸੇ ਸਰਕਾਰੀ ਸਹਾਇਤਾ ਲਈ ਕਾਗਜ਼ੀ ਕਾਰਵਾਈ ਲਈ ਜਾਤ ਸਬੰਧੀ ਪੁੱਛ-ਪੜਤਾਲ ਕਰਨੀ, ਜਿਸ ਕਰਕੇ ਗਰੀਬ ਤਬਕੇ ਦੇ ਵਿਦਿਆਰਥੀ ਹਮੇਸ਼ਾ ਹੀ ਹੀਣ ਭਾਵਨਾ ਦੇ ਸ਼ਿਕਾਰ ਤਾਂ ਹੁੰਦੇ ਹੀ ਹਨ ਸਗੋਂ ਅਜਿਹੇ ਵਿਤਕਰੇ ਨਾਲ ਸਮਾਜਿਕ ਆਪਸੀ ਭਾਈਚਾਰਕ ਸਾਂਝ ਨੂੰ ਵੀ ਭਾਰੀ ਸੱਟ ਲੱਗਦੀ ਹੈ ਅਤੇ ਨਾਲ ਹੀ ਬਾਲ ਮਾਨਸਿਕਤਾ 'ਤੇ ਇਸ ਦਾ ਡੂੰਘਾ ਪ੍ਰਭਾਵ ਪੈਣ ਕਾਰਨ ਕਈ ਬੱਚੇ ਆਪਣੀ ਸਕੂਲੀ ਵਿੱਦਿਆ ਗ੍ਰਹਿਣ ਕਰਨ ਤੋਂ ਕੰਨੀ ਕਤਰਾਉਣ ਲੱਗ ਪੈਂਦੇ ਹਨ। ਆਰਥਿਕ ਸਥਿਤੀ ਦਾ ਬੋਝ ਵੀ ਸਰਕਾਰੀ ਸਕੂਲਾਂ ਉੱਤੇ ਹੀ ਪੈਂਦਾ ਹੈ ਜਿਸ ਵਿਚ ਬਿਜਲੀ ਬਿੱਲਾਂ ਦੇ ਭੁਗਤਾਨ ਦੀ ਉਦਾਹਰਨ ਮੁੱਖ ਰੂਪ ਵਿਚ ਸਾਡੇ ਸਾਹਮਣੇ ਹੈ, ਜਦੋਂ ਕਿ ਸਰਕਾਰਾਂ ਪੰਜਾਬ ਦੇ ਸਕੂਲਾਂ ਨੂੰ ਸਮਾਰਟ ਸਕੂਲ ਬਣਾਉਣ ਦੀਆਂ ਗੱਲਾਂ ਕਰ ਰਹੀ ਹੈ। ਅਜੋਕੇ ਸਮੇਂ ਪ੍ਰਇਮਰੀ ਸਕੂਲਾਂ ਵਿੱਚ ਤਾਂ ਸਫ਼ਾਈ ਕਰਮਚਾਰੀ , ਸੇਵਾਦਾਰ 'ਤੇ ਦਫ਼ਤਰੀ ਬਾਬੂ ਤੱਕ ਵੀ ਨਹੀਂ ਹਨ, ਜਿਸ ਕਰਕੇ ਹਰ ਰੋਜ ਦੇ ਨਿੱਕੇ ਮੋਟੇ ਕੰਮ ਅਧਿਆਪਕਾਂ ਨੂੰ ਆਪ ਹੀ ਕਰਨੇ ਪੈਂਦੇ ਹਨ, ਕਿਸੇ ਮਜ਼ਬੂਰੀ ਵੱਸ ਵਿਦਿਆਰਥੀਆਂ ਅਤੇ ਮਿਡ ਡੇ ਮੀਲ ਵਾਲੀਆਂ ਔਰਤਾਂ ਦੀ ਸਹਾਇਤਾ ਵੀ ਲੈ ਲਈ ਜਾਂਦੀ ਹੈ, ਇੱਥੋਂ ਤੱਕ ਕਿ ਪਖਾਨਿਆਂ/ਬਾਥਰੂਮਾਂ ਦੀ ਸਫ਼ਾਈ ਵੀ ਅਧਿਆਪਕ ਖ਼ੁਦ ਹੀ ਕਰਦੇ ਹਨ, ਪਰ ਕਈ ਅਰਸੇ ਬੀਤਣ ਦੇ ਬਾਵਜੂਦ ਵੀ ਸਰਕਾਰ ਨੇ ਇਸ ਪਾਸੇ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਅਤੇ ਦਿਨ ਪ੍ਰਤੀ ਦਿਨ ਇਨਾਂ ਦੀ ਹਾਲਾਤ ਤਰਸ ਯੋਗ ਬਣ ਰਹੇ ਹਨ। ਪੰਜਾਬ ਦੇ ਬਹੁਤ ਸਾਰੇ ਸਰਕਾਰੀ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਵੀ ਵੱਡੇ ਪੱਧਰ ਤੇ ਸਾਹਮਣੇ ਆ ਰਹੀ ਹੈ, ਅਨੇਕਾਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਅਜੋਕੇ ਯੁੱਗ ਵਿੱਚ ਵੀ ਧਰਤੀ ਉੱਪਰ ਬੈਠ ਕੇ ਹੀ ਸਕੂਲੀ ਵਿੱਦਿਆ ਲੈਣੀ ਪੈਂਦੀ ਹੈ। ਪੰਜਾਬ ਦੇ ਬਹੁਤ ਸਾਰੇ ਸਰਕਾਰੀ ਸਕੂਲ ਅਜਿਹੇ ਹਨ ਜਿੱਥੇ ਇਮਾਰਤਾਂ ਵੀ ਡਿੱਗਣ ਕਿਨਾਰੇ ਹੋਣ ਕਰਕੇ ਕਿਸੇ ਵੇਲੇ ਵੀ ਜਾਨੀ ਨੁਕਸਾਨ ਦਾ ਕਾਰਨ ਬਣ ਸਕਦੀਆਂ ਹਨ। ਇੱਕ ਪਾਸੇ ਤਾਂ ਸਰਦੇ ਪੁੱਜਦੇ ਘਰਾਂ ਦੇ ਬੱਚੇ ਲਗਜ਼ਰੀ ਵੈਨਾਂ ਰਾਹੀ ਮਹਿੰਗੇ ਸਕੂਲਾਂ ਵਿੱਚ ਪੜਨ ਲਈ ਜਾਂਦੇ ਹਨ ਅਤੇ ਕੁਝ ਨਾਮਵਰ ਨਿੱਜੀ ਵਿੱਦਿਅਕ ਅਦਾਰਿਆਂ ਦੇ ਬੱਚੇ ਅਨੇਕਾਂ ਸਹੂਲਤਾਂ ਨਾਲ ਭਰਪੂਰ ਹੋਸਟਲਾਂ ਵਿੱਚ ਰਹਿੰਦੇ ਹਨ, ਜਦਕਿ ਗਰੀਬ ਘਰਾਂ ਦੇ ਵਿਦਿਆਰਥੀ ਦੂਰ ਦੁਰਾਡੇ ਦੇ ਸਕੂਲਾਂ ਲਈ ਅਜੇ ਵੀ ਪੈਦਲ ਹੀ ਜਾਂਦੇ ਹਨ। ਵਿਦਿਆ ਪ੍ਰਾਪਤੀ ਦੇ ਰਾਹ ਵਿੱਚ ਆਉਂਦੀਆਂ ਅਜਿਹੀਆਂ ਚੁਣੌਤੀਆਂ ਦਾ ਵੱਡੇ ਪੱਧਰ ਤੇ ਮੁਕਾਬਲਾ ਕਰਦੇ ਹੋਏ ਜ਼ਿੰਦਗੀ ਨਾਲ ਸੰਘਰਸ਼ ਕਰਦੇ ਹਨ। ਸਰਕਾਰੀ ਸਕੂਲਾਂ ਤੇ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਬਿਹਤਰੀ ਲਈ ਅਧਿਆਪਕਾਂ, ਮਾਪਿਆਂ ਤੇ ਸਰਕਾਰ ਨੂੰ ਆਪੋ ਆਪਣੇ ਪੱਧਰ ਤੇ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਜੋ ਨਿੱਜੀ ਸਕੂਲਾਂ ਦੇ ਮਹਿੰਗੇ ਮੁੱਲ ਦੀ ਪੜਾਈ ਕਰਵਾਉਣ ਦੀ ਬਜਾਏ ਸਾਰੇ ਵਰਗਾਂ ਦੇ ਲੋਕ ਆਪਣੇ ਬੱਚਿਆ ਨੂੰ ਸਰਕਾਰੀ ਸਕੂਲਾਂ ਵਿੱਚ ਪੜਾਉਣ ਉੱਤੇ ਮਾਣ ਮਹਿਸੂਸ ਕਰਨ। ਕੁਝ ਗੱਲਾਂ ਤੋਂ ਭਲੀਭਾਂਤ ਸਰਕਾਰ ਦਾ ਗਰੀਬ ਵਿਦਿਆਰਥੀਆਂ ਪ੍ਰਤੀ ਨਜ਼ਰੀਆ ਵੇਖਿਆ ਜਾ ਸਕਦਾ ਹੈ ਕਿ ਸਰਕਾਰ ਸਿਰਫ਼ ਗੱਲਾਂ ਤੇ ਬਿਆਨਾਂ ਵਿੱਚ ਹੀ ਗਰੀਬ ਵਿਦਿਆਰਥੀਆਂ ਦੀ ਪੜ੍ਹਾਈ /ਵਿੱਦਿਆ ਦਾ ਪੱਧਰ ਉਪਰ ਚੁੱਕ ਰਹੀ ਹੈ ਜਦ ਕਿ ਸੱਚ ਤੇ ਇਹ ਹੈ ਕਿ ਜ਼ਮੀਨੀ ਪੱਧਰ ਤੇ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਵਿੱਦਿਅਕ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਹੈ। ਪੰਜਾਬ ਵਿੱਚ ਗਰੀਬਾਂ ਦੀ ਯਾਦ ਸਰਕਾਰ ਨੂੰ ਖ਼ਾਸਕਰ ਵੋਟਾਂ ਵੇਲੇ ਹੀ ਆਓਦੀ ਹੈ ਉਸ ਸਮੇਂ ਹਰ ਸਿਆਸੀ ਧਿਰ ਆਪਣੇ ਆਪ ਨੂੰ ਗਰੀਬਾਂ ਦੀ ਸੱਚੀ ਹਮਦਰਦ ਅਖਵਾਉਂਦੀ ਹੈ, ਪ੍ਰੰਤੂ ਸੱਤਾ ਵਿੱਚ ਆਉਂਦਿਆਂ ਹੀ ਸੱਤਾਧਾਰੀ ਧਿਰ ਦੀ ਸੋਚ ਵਿੱਚ ਵੱਡੇ ਪੱਧਰ ਤੇ ਖੋਟ ਆ ਜਾਂਦਾ ਹੈ। ਹਰ ਸਿਆਸੀ ਧਿਰ ਗਰੀਬਾਂ ਨੂੰ ਸਿਰਫ ਵੋਟਾਂ ਦੀ ਗਰਜ ਤੱਕ ਹੀ ਸੀਮਤ ਸਮਝਦੀ ਹੈ । ਪੰਜਾਬ ਅੰਦਰ ਘੱਟ ਗਿਣਤੀ ਦੇ ਯੋਗ ਤੇ ਗਰੀਬ ਵਰਗ ਦੇ ਵਿਦਿਆਰਥੀਆਂ ਨੂੰ ਮਿਲਣ ਵਾਲਾ ਵਜ਼ੀਫਾ ਤਾਂ ਬੇਸ਼ੱਕ ਸਿਆਸਤ ਦੀ ਭੇਟ ਚੜ ਗਿਆ ਹੈ। ਜਿਸ ਕਰਕੇ ਯੋਗ ਵਿਦਿਆਰਥੀ ਜੋ ਲੰਮੇ ਸਮੇਂ ਤੋਂ ਆਸ ਲਗਾਈ ਬੈਠੇ ਹੋਣ ਦੇ ਬਾਵਜੂਦ ਵੀ ਵਜੀਫਾ ਨਹੀ ਮਿਲਿਆ, ਕਈ ਵਿਦਿਆਰਥੀ ਤਾਂ ਵਜੀਫਾਂ ਨਾ ਮਿਲਣ ਕਾਰਨ ਆਪਣੀ ਪੜ੍ਹਾਈ ਹੀ ਅੱਧ ਵਿਚਕਾਰ ਛੱਡ ਗਏ ਹਨ, ਉਪਰੋਂ ਨਿੱਜੀ ਵਿੱਦਿਅਕ ਅਦਾਰਿਆਂ ਵੱਲੋ ਵੀ ਵੱਡੇ ਪੱਧਰ ਤੇ ਜਲੀਲ ਹੋਏ ਹਨ। ਬਹੁਤੇ ਨਿੱਜੀ ਵਿੱਦਿਅਕ ਅਦਾਰਿਆਂ ਨੇ ਗਰੀਬ ਵਿਦਿਆਰਥੀਆਂ ਦੇ ਅਸਲ ਸਰਟੀਫਿਕੇਟ ਵੀ ਆਪਣੇ ਕੋਲ ਇਸ ਕਰਕੇ ਰੱਖ ਲਏ ਹਨ ਕਿ ਜੇ ਉਨਾਂ ਨੂੰ ਸਰਕਾਰ ਵਜੀਫੇ ਦੀ ਰਾਸ਼ੀ ਦੇਵੇਗੀ ਤਾਂ ਹੀ ਅਸਲ ਸਰਟੀਫਿਕੇਟ ਦੇਣਗੇ, ਬਹੁਤ ਸਾਰੇ ਨਿੱਜੀ ਵਿੱਦਿਅਕ ਅਦਾਰਿਆਂ ਨੇ ਤਾਂ ਖਾਲੀ ਬੈਂਕ ਚੈੱਕ ਵੀ ਦਸਤਖ਼ਤ ਕਰਵਾ ਕੇ ਵਿਦਿਆਰਥੀਆਂ ਤੋਂ ਲਏ ਹੋਏ ਹਨ। ਜੇਕਰ ਕੋਈ ਵਿਦਿਆਰਥੀ ਅਜਿਹਾ ਕਰਨ ਤੋਂ ਮਨਾ ਕਰਦਾ ਹੈ ਤਾਂ ਇੰਟਰਨਲ ਅਸੈਸਮੈਂਟ ਵਿਚ ਉਸ ਵਿਦਿਆਰਥੀ ਦਾ ਕਾਫੀ ਨੁਕਸਾਨ ਕਰ ਦਿੱਤਾ ਜਾਂਦਾ ਹੈ। ਦੂਜੇ ਪਾਸੇ ਨਿੱਜੀ ਵਿੱਦਿਅਕ ਅਦਾਰੇ ਵੀ ਸਰਕਾਰ ਵੱਲੋਂ ਬਣਦੀ ਰਾਸ਼ੀ ਨਾ ਮਿਲਣ ਕਰਕੇ ਡਾਵਾਂਡੋਲ ਹੋ ਰਹੇ ਹਨ, ਜੋ ਮੁਫ਼ਤ ਵਿੱਚ ਗਰੀਬ ਵਿਦਿਆਰਥੀਆਂ ਨੂੰ ਪੜ੍ਹਾਈ ਕਰਵਾਓਣ ਲਈ ਹੁਣ ਸਪੱਸ਼ਟ ਜਵਾਬ ਦੇ ਚੁੱਕੇ ਹਨ । ਇਸ ਵਜ਼ੀਫੇ ਦੇ ਮਸਲੇ ਬਾਰੇ ਪੰਜਾਬ ਵਿੱਚ ਵੱਡੇ ਪੱਧਰ ਤੇ ਲੰਮਾ ਸਮਾਂ ਧਰਨੇ/ਪ੍ਰਦਰਸ਼ਨ ਵੀ ਹੋਏ, ਪ੍ਰੰਤੂ ਫਿਰ ਵੀ ਵਿਦਿਆਰਥੀ ਵਰਗ ਦੀਆਂ ਆਸਾਂ ਨੂੰ ਕੋਈ ਬੂਰ ਨਾ ਪਿਆ । ਦੂਜੇ ਪਾਸੇ ਜੇਕਰ ਗੱਲ ਉਸਾਰੀ ਕਿਰਤੀ ਮਜਦੂਰਾਂ ਦੀ ਕੀਤੀ ਜਾਵੇ ਜੋ ਕਿ ਪੰਜਾਬ ਭਵਨ ਨਿਰਮਾਣ ਅਤੇ ਹੋਰ ਉਸਾਰੀ ਭਲਾਈ ਸੰਗਠਨ ਕੋਲ ਰਜਿਸਟਰਡ ਹਨ, ਉਹਨਾਂ ਦੇ ਪੜਾਈ ਕਰ ਰਹੇ ਵਿਦਿਆਰਥੀਆਂ ਨੂੰ ਵੀ ਸੰਗਠਨ ਕੋਲ ਫੰਡ ਹੋਣ ਦੇ ਬਾਵਜੂਦ ਵੀ ਮਿਲਣ ਵਾਲਾ ਵਜੀਫਾ ਵੀ ਕਈ-ਕਈ ਸਾਲ ਨਹੀ ਦਿੱਤਾ ਜਾਂਦਾ, ਜਿਸ ਕਰਕੇ ਲਾਭਪਾਤਰੀ ਸਾਲਾਂ ਬੰਧੀ ਸਬਰ ਕਰਦਾ ਕਰਦਾ ਦਫ਼ਤਰਾਂ ਦੇ ਗੇੜੇ ਮਾਰ ਮਾਰ ਕੇ ਥੱਕ ਹਾਰਕੇ ਚੁੱਪ ਕਰ ਜਾਂਦਾ ਹੈ। ਸੰਗਠਨ ਕੋਲ ਰਜਿਸਟਰਡ ਲਾਭਪਾਤਰੀ ਵੀ ਜਿਆਦਾਤਰ ਗਰੀਬ ਤਬਕੇ ਦੇ ਹੀ ਹਨ, ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਗਰੀਬ ਵਰਗ ਪ੍ਰਤੀ ਸਰਕਾਰ ਦੀ ਨੀਤੀ ਨੇਕ ਨਹੀ ਹੈ ਜਿਸ ਕਾਰਨ ਅਨੇਕਾਂ ਸਵਾਲ ਪੈਦਾ ਹੁੰਦੇ ਹਨ ਜਿਨਾਂ ਵਿਚੋਂ ਹੀ ਇਕ ਕਿ, ਹਰ ਪਾਸੇ ਗਰੀਬ ਵਿਦਿਆਰਥੀਆਂ ਦੇ ਵਜੀਫੇ ਹੀ ਕਿਉਂ ਰੋਕੇ ਜਾ ਰਹੇ ਹਨ? ਸਰਕਾਰ ਵੱਲੋਂ ਵੋਟਾਂ ਬਣਾਉਣ, ਮਰਦਸ਼ੁਮਾਰੀ ਤੇ ਹੋਰ ਸਰਕਾਰੀ ਕੰਮਾਂ ਵਿਚ ਅਧਿਆਪਕਾਂ ਨੂੰ ਲਗਾਉਣ ਕਰਕੇ ਵੀ ਗਰੀਬ ਵਰਗ ਦੇ ਸਰਕਾਰੀ ਸਕੂਲਾਂ 'ਚ ਪੜਨ ਵਾਲੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਜਿਆਦਾ ਨੁਕਸਾਨ ਹੋ ਜਾਂਦਾ ਹੈ। ਜੇਕਰ ਗੱਲ ਕਾਲਜ ਪੱਧਰ ਤੇ ਕੀਤੀ ਜਾਵੇ ਤਾਂ ਸਰਕਾਰੀ ਕਾਲਜ ਵੀ ਜ਼ਿਆਦਾਤਰ ਅਮੀਰ ਵਰਗ ਤੱਕ ਹੀ ਸੀਮਤ ਜਾਪਦੇ ਹਨ। ਕਾਲਜਾਂ ਵਿੱਚ ਲੰਬੇ ਸਮੇਂ ਤੋਂ ਪ੍ਰੋਫੈਸਰਾਂ ਤੇ ਹੋਰ ਅਮਲੇ ਦੀਆਂ ਅਸਾਮੀਆਂ ਖਾਲੀ ਹਨ, ਜਿਸ ਕਰਕੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਬਹੁਤੀ ਵਧੀਆ ਤੇ ਮਿਆਰੀ ਵਿੱਦਿਆ ਨਹੀਂ ਮਿਲ ਰਹੀ, ਯੂਨੀਵਰਸਿਟੀ ਪੱਧਰ 'ਤੇ ਵੀ ਕਾਲਜਾਂ ਵਰਗੀ ਹੀ ਸਥਿਤੀ ਬਣੀ ਹੋਈ ਹੈ । ਨਿੱਜੀ ਯੂਨੀਵਰਸਿਟੀਆਂ ਨੇ ਸਰਕਾਰੀ ਯੂਨੀਵਰਸਿਟੀਆਂ ਨੂੰ ਵੱਡੀ ਢਾਅ ਲਾਈ ਹੈ ਜਿਸ ਕਰਕੇ ਕੁਝ ਸਰਕਾਰੀ ਯੂਨੀਵਰਸਿਟੀਆਂ ਡਾਵਾਂਡੋਲ ਹੋ ਗਈਆਂ ਹਨ। ਪੰਜਾਬੀ ਯੂਨੀਵਰਸਿਟੀ ਦੀ ਵਿੱਤੀ ਹਾਲਾਤ ਤਾਂ ਬਹੁਤ ਹੀ ਜਿਆਦਾ ਤਰਸਯੋਗ ਬਣੀ ਹੋਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਇਸ ਯੂਨੀਵਰਸਿਟੀ ਨੂੰ ਬਚਾਉਣ ਲਈ ਸਰਕਾਰ ਦੇ ਮਨਸੂਬੇ ਨੇਕ ਨਹੀਂ ਹਨ ਕਿਉਂਕਿ ਇੱਥੇ ਪੜਨ ਵਾਲੇ ਵੀ ਜ਼ਿਆਦਾਤਰ ਗਰੀਬ ਵਰਗ ਦੇ ਵਿਦਿਆਰਥੀਆਂ ਹੀ ਹਨ, ਬਹੁਤੇ ਵਿਦਿਆਰਥੀ ਇਸ ਯੂਨੀਵਰਸਿਟੀ ਵਿੱਚ ਤਾਂ ਸਰਟੀਫਿਕੇਟ ਲੈਣ ਲਈ ਵੀ ਸਾਲਾਂ ਤੱਕ ਚੱਕਰ ਕੱਟਦੇ ਰਹਿੰਦੇ ਹਨ, ਜਿਸ ਕਰਕੇ ਮਜਬੂਰੀ ਵੱਸ ਉਹਨਾਂ ਦਾ ਯੂਨੀਵਰਸਿਟੀ ਤੋਂ ਮੋਹ ਭੰਗ ਹੋ ਰਿਹਾ ਹੈ। ਗਰੀਬ ਵਰਗ ਦੇ ਵਿਦਿਆਰਥੀਆਂ ਦਾ ਜ਼ਿਆਦਾ ਸਮਾਂ ਕਾਗਜ਼ੀ ਕਾਰਵਾਈ ਪੂਰੀ ਕਰਨ ਵਿੱਚ ਹੀ ਗੁਜ਼ਰ ਜਾਣ ਕਰਕੇ ਉਹਨਾਂ ਦੀ ਪੜਾਈ ਦਾ ਵੀ ਬਹੁਤ ਨੁਕਸਾਨ ਹੋ ਜਾਂਦਾ ਹੈ। ਸਰਕਾਰ ਨੂੰ ਤੁਰੰਤ ਇਸ ਪਾਸੇ ਨੇਕ ਨੀਅਤ ਨਾਲ ਗਰੀਬ ਵਿਦਿਆਰਥੀਆਂ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਸਰਕਾਰ ਨੂੰ ਗਰੀਬ ਵਿਦਿਆਰਥੀਆਂ ਦੀ ਵਿੱਦਿਆ ਲਈ ਵਿਸ਼ੇਸ਼ ਧਿਆਨ ਦੇਣ ਦੀ ਸਖ਼ਤ ਜ਼ਰੂਰਤ ਹੈ ਕਿਉਂਕਿ ਪੜਿਆ ਲਿਖਿਆ ਮਨੁੱਖ ਹੀ ਚੰਗੇ ਤੇ ਨਰੋਏ ਸਮਾਜ ਦੀ ਸਿਰਜਨਾ ਕਰ ਸਕਦਾ ਹੈ । ਪਿਛਲੇ ਕੁੱਝ ਸਾਲਾਂ ਦੌਰਾਨ ਬੇਸ਼ਕ ਸਰਕਾਰ ਦੀ ਕੁੱਝ ਕੁ ਰਹਿਮ ਦਿਲੀ, ਮਿਹਨਤੀ ਅਧਿਆਪਕਾਂ, ਦਾਨੀ ਸੱਜਣਾ ਤੇ ਵਿਦਿਅਕ ਪ੍ਰੇਮੀਆਂ ਦੇ ਸਹਿਯੋਗ ਸਦਕਾ ਸਰਕਾਰੀ ਸਕੂਲਾਂ ਦੀ ਦਿੱਖ ਵਿੱਚ ਕੁਝ ਕੁ ਸੁਧਾਰ ਆਇਆ ਹੈ ਪ੍ਰੰਤੂ ਅਜੇ ਵੀ ਹੋਰ ਕਿਤੇ ਜਿਆਦਾ ਸੁਧਾਰ ਲਿਆਉਣ ਦੀ ਸਮੇਂ ਦੀ ਪ੍ਰਮੁੱਖ ਤੇ ਅਹਿਮ ਜਰੂਰਤ ਹੈ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜਨ ਵਾਲੇ ਸਧਾਰਨ ਤੇ ਗਰੀਬ ਘਰਾਂ ਦੇ ਵਿਦਿਆਰਥੀਆਂ ਨੂੰ ਵੀ ਵਧੀਆ ਤੇ ਮਿਆਰੀ ਸਿੱਖਿਆ ਦੇ ਕੇ ਸਮੇਂ ਦੇ ਹਾਣ ਦਾ ਬਣਾਇਆ ਜਾ ਸਕੇ।

***(ਸਾਬਕਾ ਚੇਅਰਮੈਨ ਪਸਵਕ ,ਸਾਬਕਾ ਮੈਂਬਰ ਪੰਚਾਇਤ)**
**ਪਿੰਡ ਤੇ ਡਾਕ. ਕੋਟਗੁਰੂ**
**ਤਹਿਸੀਲ ਤੇ ਜਿਲਾ ਬਠਿੰਡਾ**
**ਮੋਬਾਇਲ 98888 70822**



## ਅਭੁੱਲ ਸਾਕਾ: ਸਾਕਾ ਨਨਕਾਣਾ...

ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਭਾਈ ਲੱਛਮਣ ਸਿੰਘ ਜੀ ਨੂੰ ਗੋਲੀਆਂ ਨਾਲ ਅਧਮੋਇਆ ਕਰਨ ਤੋਂ ਬਾਅਦ ਜੰਡ ਨਾਲ ਪੁੱਠਾ ਲਮਕਾ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ। ਪਾਵਨ ਸਰੂਪ ਵਿੱਚ ਵੀ ਕਈ ਗੋਲੀਆਂ ਲੰਘੀਆਂ। ਇਹ ਜ਼ੁਲਮ ਦੀ ਇੰਤਹਾ ਸੀ। ਇਸੇ ਤਰਾਂ ਭਾਈ ਦਲੀਪ ਸਿੰਘ ਜੀ ਜਦ ਗੁਰਦੁਆਰਾ ਅੰਦਰ ਦਾਖਲ ਹੋਏ ਤਾਂ ਉਹਨਾਂ ਨੂੰ ਵੀ ਬਲਦੀ ਭੱਠੀ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਸਿੰਘਾਂ ਨੂੰ ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ। ਕਿਹਾ ਜਾਂਦਾ ਹੈ ਕਿ ਦੋ ਸਾਲ ਦਾ ਇੱਕ ਸਿੱਖ ਬੱਚਾ ਜੋ ਕਿ ਇੱਕ ਅਲਮਾਰੀ ਵਿੱਚ ਬੰਦ ਸੀ ਨੂੰ ਵੀ ਬਾਹਰ ਕੱਢ ਕੇ ਬਲਦੀ ਅੱਗ ਦੇ ਉੱਪਰ ਸੁੱਟ ਕੇ ਸ਼ਹੀਦ ਕੀਤਾ ਗਿਆ ਜੋ ਜਰਗ (ਲੁਧਿਆਣਾ) ਨਿਵਾਸੀ ਸ਼ਹੀਦ ਕੇਹਰ ਸਿੰਘ ਦਾ ਪੁੱਤਰ ਸੀ ਅਤੇ ਆਪਣੇ ਪਿਤਾ ਨਾਲ ਇਸ ਸ਼ਹੀਦੀ ਜਥੇ ਵਿੱਚ ਸ਼ਾਮਲ ਸੀ।

ਗੁ. ਸ੍ਰੀ ਨਨਕਾਣਾ ਸਾਹਿਬ ਦੇ ਇਸ ਸਾਕੇ ਦੀ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਸਿੱਖਾਂ ਦੀ ਵੱਡੀ ਗਿਣਤੀ ਗੁਰਦੁਆਰਾ ਸਾਹਿਬ ਵਿਖੇ ਇਕੱਠੀ ਹੋਣੀ ਸ਼ੁਰੂ ਹੋ ਗਈ। ਇਸ ਤਰਾਂ 23 ਫਰਵਰੀ ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਅਤੇ ਅੰਗਰੇਜ ਸਰਕਾਰ ਨੇ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸਿੱਖਾਂ ਨੂੰ ਸੌਂਪੀਆਂ ਅਤੇ ਅੰਗਰੇਜ ਸਰਕਾਰ ਵੱਲੋਂ ਮੌਕੇ 'ਤੇ ਫ਼ਰਾਰ ਹੋਏ ਮਹੰਤ ਨੂੰ ਵੀ ਸਖ਼ਤ ਸਜ਼ਾ ਦਿੱਤੀ ਗਈ। ਇਸ ਤਰਾਂ ਸ਼ਹਾਦਤਾਂ ਤੋਂ ਬਾਅਦ ਗੁਰਧਾਮਾਂ ਨੂੰ ਆਜ਼ਾਦ ਕਰਵਾ ਕੇ ਉੱਥੇ ਗੁਰਮਰਯਾਦਾ ਬਹਾਲ ਕੀਤੀ ਗਈ।

ਉਪਰੋਕਤ ਅਭੁੱਲ ਸਾਕੇ ਨੂੰ ਅੱਜ ਵੀ ਰੋਜ਼ਾਨਾ ਅਰਦਾਸ ਕਰਨ ਵੇਲੇ ਯਾਦ ਕੀਤਾ ਜਾਂਦਾ ਹੈ, 'ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।'

## ਸਾਕਾ ਨਨਕਾਣਾ ਸਾਹਿਬ ਬਾਰੇ...

ਡਿਪਟੀ ਕਮਿਸ਼ਨਰ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕਦਿਆਂ ਹੁਕਮ ਦਿੱਤਾ ਕਿ ਅੱਗੇ ਵਧੇ ਤਾਂ ਮਸ਼ੀਨਗੰਨਾਂ ਦੀ ਗੋਲੀ ਚੱਲ ਜਾਏਗੀ। ਅੱਗੋਂ ਕਰਤਾਰ ਸਿੰਘ ਝੱਬਰ ਨੇ ਜੁਆਬ ਦਿੱਤਾ 'ਅਸੀਂ ਅਰਦਾਸ ਕਰਕੇ ਚੱਲੇ ਹਾਂ ਕਿ ਗੁਰਦੁਆਰੇ ਦਾ ਕਬਜ਼ਾ ਬਦਮਾਸ਼ ਮਹੰਤ ਤੋਂ ਛਡੌਣੈ ਤੁਸੀਂ ਗੋਲੀ ਚਲਾਓ, ਤੁਹਾਡੀਆਂ ਮਸ਼ੀਨਗੰਨਾਂ ਸਾਨੂੰ ਰੋਕ ਨਹੀਂ ਸਕਦੀਆਂ। ਜਥੇਦਾਰ ਦੇ ਦ੍ਰਿੜਤਾ ਅੱਗੇ ਪੁਲਿਸ ਨੂੰ ਝੁਕਣਾ ਪਿਆ ਅਤੇ ਗੁਰਦੁਆਰੇ ਦੇ ਦਰਬਾਜੇ ਖੋਲ ਦਿੱਤੇ ਗਏ। ਇਸ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਹੋਰ ਤੇਜ਼ ਹੁੰਦੀ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ, ਗੁਰਦੁਆਰਾ ਪ੍ਰਬੰਧ ਮਹੰਤਾਂ ਦੇ ਕਬਜ਼ੇ 'ਚੋਂ ਸ਼੍ਰੋਮਣੀ ਕਮੇਟੀ ਦੇ ਹੱਥ ਆਇਆ।

ਦੋਸ਼ੀਆਂ 'ਤੇ ਮੁਕੱਦਮਾ ਚਲਾ ਕੇ ਸਜਾਵਾਂ ਦਿੱਤੀਆਂ ਗਈਆਂ। 12 ਅਕਤੂਬਰ, 1921 ਨੂੰ ਸੈਸਨ ਜੱਜ ਨੇ ਇਸ ਘਟਨਾ ਵਿੱਚ ਸ਼ਾਮਲ ਮਹੰਤ ਅਤੇ ਉਸ ਦੇ ਸੱਤ ਸਾਥੀਆਂ ਕਾਦਰ ਜਲਾਲਾਬਾਦੀ, ਆਤਮ ਰਾਮ ਖਾਨ ਕੀ, ਰਾਂਝਾ ਥਾਣਾ ਝੰਗ, ਹਰੀ ਨਾਥ ਕਨਫਟਾ ਜੋਗੀ, ਨੂਰ ਸਾਹ ਦੀਨ ਪਠਾਣ, ਸੁਰੈਣ ਸਿੰਘ ਲੁਲਿਆਣੀ, ਰੀਹਾਨਾ ਲੁਲਿਆਣੀ ਨੂੰ ਫਾਂਸੀ ਦੀ ਸਜ਼ਾ, ਅੱਠ ਨੂੰ ਕਾਲੇ ਪਾਣੀ ਦੀ ਅਤੇ ਬਾਕੀਆਂ ਨੂੰ 7-7 ਸਾਲ ਦੀ ਸਜਾ ਸੁਣਾਈ ਪਰ ਬਾਅਦ ਵਿੱਚ ਹਾਈਕੋਰਟ ਨੇ ਇਹ ਸਜ਼ਾਵਾਂ ਘੱਟ ਕਰ ਦਿੱਤੀਆਂ। ਮਹੰਤ ਦੀ ਸਜ਼ਾ ਫਾਂਸੀ ਤੋਂ ਘਟਾ ਕੇ ਕਾਲੇ-ਪਾਣੀ ਦੀ ਕੀਤੀ ਤੇ ਇਨਾਂ ਸੱਤਾਂ ਵਿਚੋਂ ਤਿੰਨ ਦੀ ਫਾਂਸੀ ਦੀ ਸਜਾ ਅਤੇ ਅੱਠ ਦੀ ਕਾਲੇ-ਪਾਣੀ ਦੀ ਸਜਾ ਵਿਚੋਂ ਦੋ ਦੀ ਕਾਲੇ-ਪਾਣੀ ਦੀ ਸਜ਼ਾ ਕਾਇਮ ਰਹੀ ਤੇ ਬਾਕੀ ਦੇ ਸਾਰੇ ਬਰੀ ਕਰ ਦਿੱਤੇ ਗਏ।

ਗੁਰਦੁਆਰਾ ਗੁਰਮਤਿ ਸਿੱਖਿਆ ਦਾ ਕੇਂਦਰ, ਯੂਨੀਵਰਸਿਟੀ ਅਤੇ ਸਿੱਖੀ ਦੀ ਟਕਸਾਲ ਹੈ। ਏਥੋਂ 'ਸ਼ਬਦ ਗੁਰੂ ਗ੍ਰੰਥ ਸਾਹਿਬ' ਦੀ ਵਿਚਾਰਧਾਰਾ ਅਨੁਸਾਰ ਸਿੱਖੀ ਜੀਵਨ ਦੀ ਉਸਾਰੀ ਹੋਣੀ ਚਾਹੀਦੀ ਹੈ ਪਰ ਜਦ ਇਸਦੇ ਰਖਵਾਲੇ ਸਿੱਖੀ ਭੇਖ ਵਿੱਚ ਵਿਚਰ ਰਹੇ ਸੁਆਰਥੀ ਲੋਕ, ਜਿਨਾਂ ਵਿੱਚ ਮਸੰਦ, ਮੀਣੇ, ਰਾਮ ਰਾਈਏ, ਧੀਰਮੱਲੀਏ, ਨਿਰੰਕਾਰੀ, ਨਾਮਧਾਰੀ, ਅਜੋਕਾ ਸੰਤ-ਸਮਾਜ, ਬਹੁਤੇ ਡੇਰਿਆਂ ਵਾਲੇ ਬਾਬੇ, ਸੰਪਰਦਾਈ, ਧੁੰਮੇ ਵਰਗੇ ਟਕਸਾਲੀ, ਸਿੱਖੀ ਭੇਖ ਵਿੱਚ ਤਖ਼ਤਾਂ ਤੇ ਬੈਠੇ ਜਥੇਦਾਰ ਅਤੇ ਆਪੂੰ ਬਣੇ ਸਿੰਘ ਸਾਹਿਬਾਨ ਹੋਣ ਤਾਂ ਸਿੱਖੀ ਦੀ ਚੜਦੀ ਕਲਾ ਵੀ ਧੁੰਦਲੀ ਪੈ ਜਾਂਦੀ ਹੈ। ਇਹ ਆਪਣੀਆਂ ਗੱਦੀਆਂ ਨੂੰ ਬਰਕਰਾਰ ਰੱਖਣ ਲਈ 'ਸ਼ਬਦ ਗੁਰੂ ਗ੍ਰੰਥ' ਤੇ ਗੁਰੂਪੰਥ ਦੀ ਆਵਾਜ਼ ਨੂੰ ਦਬਾਉਣ ਲਈ ਸਮੇਂ ਦੀਆਂ ਸਰਕਾਰਾਂ ਨਾਲ ਮਿਲਕੇ ਸਾਜਸ਼ਾਂ ਘੜਦੇ ਨੇ ਜਿਨਾਂ ਦੇ ਫਲ-ਸਰੂਪ ਸ਼ਹੀਦੀ ਸਾਕੇ ਹੁੰਦੇ ਹਨ। ਇਨਾਂ ਸ਼ਬਦ ਗੁਰੂ ਗ੍ਰੰਥ ਅਤੇ ਖ਼ਾਲਸਾ ਪੰਥ ਦੇ ਵਿਰੋਧੀ, ਸੁਆਰਥੀ ਲੋਕਾਂ ਦੀਆਂ ਸਾਜਸ਼ਾਂ ਕਾਰਨ ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਹੋਈਆਂ, ਘੱਲੂਘਾਰੇ ਹੋਏ, ਅਕਾਲ ਤਖ਼ਤ ਅਤੇ ਹਰਿਮੰਦਰ ਸਾਹਿਬ ਢਾਹੇ ਗਏ। ਅੱਜ ਇਸੇ ਸੋਚ ਦੇ ਮਾਲਕ, ਸਿੱਖੀ ਦੇ ਤਖ਼ਤਾਂ ਤੇ ਬੈਠੇ ਪੁਜਾਰੀ ਫਿਰ 'ਸ਼ਬਦ ਗੁਰੂ ਗ੍ਰੰਥ' ਅਤੇ ਗੁਰੂ ਪੰਥ ਦੀ ਆਵਾਜ਼ ਨੂੰ ਬੰਦ ਕਰਨ ਦੇ ਕੋਝੇ ਯਤਨ ਕਰ ਰਹੇ ਹਨ। ਇਸ ਤਰਾਂ ਸ਼ਹੀਦੀਆਂ ਦੇ ਕੇ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖ ਪੰਥ ਦੇ ਹੱਥਾਂ ਵਿੱਚ ਆਇਆ ਪਰ 1947 ਈ. ਦੀ ਦੇਸ਼ ਵੰਡ ਹੋਣ 'ਤੇ ਇਹ ਗੁਰਧਾਮ ਪਾਕਿਸਤਾਨ ਵਿੱਚ ਰਹਿ ਜਾਣ ਕਰਕੇ ਫਿਰ ਪੰਥ ਇਸ ਦੇ ਦਰਸ਼ਨ ਦੀਦਾਰਿਆਂ ਤੋਂ ਵਾਂਝਾ ਹੋ ਗਿਆ ਜਿਸ ਦੇ ਖੁੱਲੇ ਦਰਸ਼ਨਾਂ ਦੀ ਸਿੱਕ ਲੈ ਕੇ ਅੱਜ ਵੀ ਹਰੇਕ ਸਿੱਖ ਅਰਦਾਸ ਕਰਦਾ ਹੈ। ਇਹ ਸ਼ਹੀਦੀਆਂ ਸਿੱਖਾਂ ਦੀ ਰੋਜ਼ਾਨਾ ਅਰਦਾਸ ਦਾ ਹਿੱਸਾ ਬਣ ਗਈਆਂ। ਅੱਜ ਵੀ ਜਦ ਸਿੱਖ ਅਰਦਾਸ ਕਰਦੇ ਤਾਂ ਇਨਾਂ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਦਾ ਆਖਦੈ 'ਜਿਨਾਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਨਾਲ ਨਿਬਾਹੀ, ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।'

ਇਹ ਸੀ ਗੁਰਦੁਆਰਾ ਜਨਮ ਅਸਥਾਨ ਗੁਰੂ ਨਾਨਕ ਸਾਹਿਬ ਦਾ ਸੰਖੇਪ ਇਤਿਹਾਸ ਜੋ ਇਨਾਂ ਚਾਰ ਸਰੋਤਾਂ-ਮਿਸ਼ਨਰੀ ਲਿਟ੍ਰੇਚਰ 'ਸਾਕਾ ਨਨਕਾਣਾ ਸਾਹਿਬ' ਸਫਾ 11, ਡਾ. ਹਰਜਿੰਦਰ ਸਿੰਘ ਦਿਲਗੀਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ? ਦੇ ਸਫਾ-33 ਅਤੇ ਡਾ. ਸੰਗਤ ਸਿੰਘ, ਇਤਿਹਾਸ 'ਚ ਸਿੱਖ, ਸਫਾ-156, 'ਸ਼ਬਦ ਗੁਰੂ ਗ੍ਰੰਥ' ਮਹਲਾ 1-ਜੇ ਜੀਵੈ ਪਤਿ ਲਥੀ ਜਾਇ॥ ਸਭ ਹਰਾਮ ਜੇਤਾ ਕਿਛ ਖਾਇ॥ ੪॥ (ਪੰਨਾ-੧੪੨) ਅਤੇ ਕੁਝ ਹੋਰ ਸਰੋਤਾਂ ਦੇ ਅਧਾਰ 'ਤੇ ਲਿਆ ਗਿਆ ਹੈ। ਅਜੋਕੇ ਡੇਰੇਦਾਰ ਸੰਪ੍ਰਦਾਈ ਵੀ ਉਸੇ ਨਰੈਣੂ ਮਹੰਤ ਦੇ ਵਾਰਸ ਨੇ ਜੋ 'ਸ਼ਬਦ ਗੁਰੂ ਗ੍ਰੰਥ' ਦੀ ਸਿਧਾਂਤਕ ਵਿਚਾਰਧਾਰਾ ਦੀ ਥਾਂ ਆਪੋ-ਆਪਣੇ ਸੰਤਾਂ-ਗ੍ਰੰਥਾਂ, ਡੇਰੇਦਾਰਾਂ, ਗੱਦੀਦਾਰ ਜਾਨਸ਼ੀਨ ਜਥੇਦਾਰਾਂ ਅਤੇ ਸੂਰਜ ਪ੍ਰਕਾਸ਼ ਵਰਗੇ ਗਪੌੜੀ ਗ੍ਰੰਥਾਂ ਦਾ ਹਿੱਕ ਠੋਕ ਕੇ ਪ੍ਰਚਾਰ ਕਰਦੇ ਗੁਰਮਤਿ ਦਾ ਸ਼ਰੇਆਮ ਘਾਣ ਕਰਦੇ ਆਪੋ-ਆਪਣੀ ਕਰਮਕਾਂਡੀ-ਮਰਯਾਦਾ ਚਲਾ ਰਹੇ ਹਨ, ਓਦੋਂ ਤਾਂ ਸਿੱਖਾਂ ਨੇ ਕੁਰਬਾਨੀਆਂ ਦੇ ਗੁਰੂ ਦੋਖੀ ਮਹੰਤਾਂ ਨੂੰ ਗੁਰਦੁਆਰਿਆਂ 'ਚੋਂ ਭਜਾ ਦਿੱਤਾ। ਹਰ ਸਾਲ ਸਾਕੇ ਮਨਾਉਣ ਵਾਲ਼ਿਓਂ ਜਰਾ ਸੋਚੋ! ਅਜੋਕੇ ਡੇਰੇਦਾਰਾਂ ਨੂੰ ਕਿਵੇਂ ਤੇ ਕਦੋਂ ਭਜਾਓਗੇ? ਜੋ ਸ਼੍ਰੋਮਣੀ ਕਮੇਟੀ ਤੋਂ ਲੈ ਕੇ, ਹੋਰ ਬਹੁਤੀਆਂ ਸੰਸਥਾਵਾਂ, ਹਰ ਦੇਸ਼, ਪ੍ਰਾਂਤ, ਸ਼ਹਿਰ ਅਤੇ ਪਿੰਡ ਦੇ ਗੁਰਦੁਆਰਿਆਂ 'ਤੇ ਕਿਸੇ ਨਾ ਕਿਸੇ ਰੂਪ ਵਿੱਚ ਕਾਬਜ਼ ਹਨ।

## ★ ਮਿੰਨੀ ਕਹਾਣੀ ★

# ਮਮਤਾ

-ਡਾ. ਸੁਨੀਤਾ ਅਗਰਵਾਲ

ਰਾਜੀ ਕਾਲਜ ਤੋਂ ਵਾਪਸ ਆ ਰਹੀ ਸੀ, ਲੋਕਾਂ ਦੀ ਭੀੜ ਨੂੰ ਵੇਖ ਕੇ ਸੋਚਾਂ ਵਿਚ ਪੈ ਜਾਂਦੀ ਹੈ ਕਿ ਕਿਤੇ ਬਿਰਜੂ ਤਾਂ! ਨਹੀਂ, ਨਹੀਂ। ਪਰ ਉਹ ਸੋਚ ਸਕਦੀ, ਕਿਉਂਕਿ ਬਿਰਜੂ ਕਈ ਦਿਨਾਂ ਤੋਂ ਬਿਮਾਰ ਪਿਆ ਸੀ। ਉਸ ਨੇ ਅੱਗੇ ਵਧ ਕੇ ਦੇਖਿਆ ਤਾਂ ਸੱਚਮੁੱਚ ਬਿਰਜੂ ਦੀ ਲਾਸ਼ ਪਈ ਸੀ। ਉਸ ਨੂੰ ਦੁਨੀਆਂ ਤੋਂ ਇਸ ਤਰਾਂ ਬੇਖਬਰ ਪਿਆ ਵੇਖ ਕੇ ਉਹ ਆਪਣੇ ਅੱਥਰੂ ਨਾ ਰੋਕ ਸਕੀ। ਅਚਾਨਕ ਉਥੇ ਲੋਕਾਂ ਦੀ ਭੀੜ ਨੂੰ ਚੀਰਦੀ ਇਕ ਅੱਧਖੜ ਉਮਰ ਦੀ ਔਰਤ ਆਈ ਤੇ ਬਿਰਜੂ ਦੀ ਲਾਸ਼ 'ਤੇ ਡਿੱਗ ਕੇ ਪਾਗਲਾਂ ਦੀ ਤਰਾਂ ਰੋਣ ਲੱਗ ਪਈ। ਲੋਕਾਂ ਨੇ ਉਸ ਔਰਤ ਨੂੰ ਬਿਰਜੂ ਕੋਲ ਕਈ ਵਾਰ ਆਉਂਦਿਆਂ ਦੇਖਿਆ ਸੀ। ਉਸ ਔਰਤ ਨੇ ਆਪਣੀ ਚੁੰਨੀ ਲਾਹ ਕੇ ਬਿਰਜੂ ਦੀ ਲਾਸ਼ 'ਤੇ ਪਾ ਦਿੱਤੀ। ਸਾਰੇ ਚਲੇ ਗਏ। ਰਾਜੀ ਵੀ ਚਲੀ ਗਈ। ਬਿਰਜੂ ਦੀ ਲਾਸ਼ ਕੋਲ ਸਿਰਫ ਇਕ ਔਰਤ ਸੀ।

ਘਰ ਆ ਕੇ ਰਾਜੀ ਬਹੁਤ ਰੋਈ। ਰੋਂਦੀ-ਰੋਂਦੀ ਉਹ ਆਪਣੇ ਅਤੀਤ ਵਿਚ ਗੁਆਚ ਗਈ। ਸਭ ਕੁਝ ਜਾਣਦੀ ਸੀ ਉਹ ਬਿਰਜੂ ਬਾਰੇ। ਉਸ ਨੂੰ ਯਾਦ ਸੀ, ਉਹ ਦਿਨ ਜਦੋਂ ਬਿਰਜੂ ਉਨਾਂ ਦੀ ਹਵੇਲੀ ਸਾਹਮਣੇ ਆਪਣੀ ਨਿੱਕੀ ਜਿਹੀ ਝੌਂਪੜੀ ਬਣਾ ਕੇ ਰਹਿਣ ਲੱਗ ਪਿਆ ਸੀ। ਬਿਰਜੂ ਨੂੰ ਮਿੱਟੀ ਦੇ ਗੁੱਡੇ-ਗੁੱਡੀਆਂ ਬਣਾਉਣ ਦਾ ਸ਼ੌਂਕ ਸੀ। ਬਿਰਜੂ ਹਮੇਸ਼ਾ ਮੈਲੇ-ਕੁਚੈਲੇ ਕੱਪੜਿਆਂ ਵਿਚ ਹੁੰਦਾ। ਆਪਣੀਆਂ ਗੁੱਡੇ-ਗੁੱਡੀਆਂ ਬਣਾਉਣ ਵਿਚ ਮਗਨ ਰਹਿੰਦਾ। ਬੱਚਿਆਂ ਵਾਂਗ ਉਸ ਦੇ ਮੂੰਹ ਵਿਚੋਂ ਲਾਲਾਂ ਡਿਗਦੀਆਂ ਰਹਿੰਦੀਆਂ। ਬੱਚੇ ਉਸ ਨੂੰ ਬਹੁਤ ਛੇੜਦੇ ਸਨ ਪਰ ਉਹ ਕਿਸੇ ਨੂੰ ਕੁਝ ਨਹੀਂ ਸੀ ਕਹਿੰਦਾ। ਰਾਜੀ ਦੇਖਦੀ ਹੁੰਦੀ ਸੀ ਕਿ ਇਕ ਔਰਤ ਆਉਂਦੀ ਹੈ ਤੇ ਉਸ ਨੂੰ ਰੋਟੀ ਦੇ ਕੇ ਜਾਂਦੀ ਹੈ। ਉਸ ਦਾ ਮੂੰਹ ਪੂੰਝ ਜਾਂਦੀ, ਬੜੇ ਪਿਆਰ ਨਾਲ ਉਸ ਦਾ ਸਿਰ ਪਲੋਸਦੀ ਤੇ ਉਸ ਨੂੰ ਆਪਣੇ ਗਲ ਲਗਾ ਕੇ ਰੋਣ ਲੱਗ ਪੈਂਦੀ।

ਔਰਤ ਨੇ ਰੋ-ਰੋ ਕੇ ਸਾਰੀ ਵਿਥਿਆ ਸੁਣਾਈ। ਉਸ ਨੂੰ ਉਹ ਦਿਨ ਵੀ ਯਾਦ ਸੀ ਜਦੋਂ ਬਿਰਜੂ ਉਨਾਂ ਦੀ ਹਵੇਲੀ ਮੂਹਰੇ ਬੈਠਾ ਸੀ। ਰਾਜੀ ਜਦੋਂ ਕਾਲਜ ਜਾਣ ਲਈ ਬਾਹਰ ਆਈ ਤਾਂ ਉਸ ਨੇ ਬਿਰਜੂ ਵੱਲ ਕੋਈ ਧਿਆਨ ਨਾ ਦਿੱਤਾ ਪਰ ਜਦੋਂ ਉਸ ਨੇ ਮਿੱਟੀ ਦੀ ਮੂਰਤੀ, ਜਿਸ ਦੀ ਸੱਜੀ ਗੱਲ 'ਤੇ ਤਿਲ ਸੀ, ਉਹ ਮੂਹਰੇ ਕੀਤੀ ਤਾਂ ਰਾਜੀ ਹੈਰਾਨ ਰਹਿ ਗਈ ਕਿ ਇਹ ਤਾਂ ਉਸ ਦੀ ਮੂਰਤੀ ਹੀ ਬਣਾਈ ਸੀ ਬਿਰਜੂ ਨੇ। ਇਕ ਦਿਨ ਲਾਅਨ 'ਚ ਬੈਠੀ ਰਾਜੀ ਰੋ ਰਹੀ ਸੀ ਕਿ ਉਥੇ ਬਿਰਜੂ ਆ ਗਿਆ ਤੇ ਉਸ ਦਾ ਰੋਣ ਦਾ ਕਾਰਨ ਪੁੱਛਣ ਲੱਗਾ। ਰਾਜੀ ਸਿਸਕੀਆਂ ਭਰਦੀ ਕਹਿਣ ਲੱਗੀ ਕਿ ਅੱਜ ਰੱਖੜੀ ਦਾ ਦਿਨ ਹੈ ਤੇ ਉਸ ਦਾ ਕੋਈ ਭਰਾ ਨਹੀਂ। ਇਹ ਸੁਣ ਕੇ ਬਿਰਜੂ ਨੇ ਆਪਣੀ ਬਾਂਹ ਰਾਜੀ ਅੱਗੇ ਕਰ ਦਿੱਤੀ। ਅਚਾਨਕ ਕਿਸੇ ਦੇ ਰੋਣ ਦੀ ਆਵਾਜ਼ ਸੁਣ ਕੇ ਉਸ ਦੀਆਂ ਯਾਦਾਂ ਦੀ ਤੰਦ ਟੁੱਟ ਜਾਂਦੀ ਹੈ। ਰਾਜੀ ਨੇ ਦੇਖਿਆ ਕਿ ਇਹ ਤਾਂ ਬਿਰਜੂ ਦੀ ਮਾਂ ਹੈ। ਉਹ ਉਸ ਦੇ ਬਾਪ ਅੱਗੇ ਜੋ ਕਿ ਪਿੰਡ ਦਾ ਚੌਧਰੀ ਹੈ, ਉਸ ਤੋਂ ਬਿਰਜੂ ਤੇ ਉਸ ਦੇ ਰਿਸ਼ਤੇ ਬਾਰੇ ਪੁੱਛ ਰਿਹਾ ਹੁੰਦਾ ਹੈ। ਰਾਜੀ ਤੋਂ ਇਹ ਸਭ ਦੇਖਿਆ ਨਹੀਂ ਜਾਂਦਾ ਤੇ ਉਹ ਆਪਣੇ ਬਾਪ ਨੂੰ ਦੱਸਦੀ ਹੈ ਕਿ ਇਹ ਔਰਤ ਬਿਰਜੂ ਦੀ ਮਾਂ ਹੈ। ਬਿਰਜੂ ਇਸ ਦੀ ਨਾਜਾਇਜ਼ ਔਲਾਦ ਸੀ ਤਾਂ ਹੀ ਇਹ ਬਿਰਜੂ ਦੇ ਸਸਕਾਰ ਲਈ ਤੁਹਾਡੇ ਕੋਲ ਮਿੰਨਤਾਂ ਕਰ ਰਹੀ ਹੈ....' ਰਾਜੀ ਇਹ ਸਭ ਦੱਸ ਰਹੀ ਹੁੰਦੀ ਹੈ ਕਿ ਉਹ ਔਰਤ ਗਸ਼ ਖਾ ਕੇ ਡਿੱਗ ਪੈਂਦੀ ਹੈ। ਰਾਜੀ ਉਸ ਨੂੰ ਬੁਲਾਉਂਦੀ ਹੈ, ਪਰ ਉਹ ਇਸ ਦੁਨੀਆਂ ਨੂੰ ਅਲਵਿਦਾ ਕਹਿ ਚੁੱਕੀ ਸੀ।




Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Prodcuct
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS Love's Roady's AMBEST

## FUEL CARDS
NO CREDIT - NO PROBLEM
BEST CUSTOMER SERVICE

QUIKQ WEX




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE: BAYS. EXPERTISE. SOLUTIONS.

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035